# ਸਭ ਤੋਂ ਮਹਾਨ ਜੰਗ ਜੋ ਕਦੇ ਲੜੀ ਗਈ

ਤੁਹਾਡਾ ਧੰਨਵਾਦ, ਭਾਈ ਔਰਮੈਨ। ਪ੍ਰਭੂ ਤੁਹਾਨੂੰ ਅਸੀਸ ਦੇਵੇ।

2 ਸ਼ੁਭ ਸਵੇਰ, ਦੋਸਤੋ। ਅੱਜ ਸਵੇਰੇ ਦੁਬਾਰਾ ਇੱਥੇ ਆ ਕੇ ਬਹੁਤ ਖੁਸ਼ੀ ਹੋਈ, ਅਤੇ ਥੋੜਾ ਜਿਹਾ ਅਚਾਨਕ ਸੀ, ਮੇਰਾ ਅੰਦਾਜ਼ਾ ਹੈ, ਮੇਰੇ ਲਈ, ਅਤੇ ਮੈਨੂੰ ਯਕੀਨ ਹੈ ਕਿ ਇਹ ਕਲੀਸਿਯਾ ਲਈ ਵੀ ਸੀ। ਅਤੇ ਮੈਂ ਹੁਣੇ ਪੜ੍ਹ ਰਿਹਾ ਸੀ ਅਤੇ...ਤੁਹਾਡਾ ਧੰਨਵਾਦ, ਭੈਣ। ਅਤੇ ਇੰਝ ਲੱਗਿਆ ਜਿਵੇਂ ਪ੍ਰਭੂ ਮੇਰੇ ਦਿਲ ਵਿੱਚ ਕੁਝ ਰੱਖ ਰਿਹਾ ਸੀ, ਤਾਂ ਜੋ ਕਲੀਸਿਯਾ ਲਈ ਲਿਆਵਾਂ, ਅਤੇ ਮੈਂ ਸੋਚਿਆ ਕਿ ਇਹ ਕਰਨ ਦਾ ਸਮਾਂ ਆ ਗਿਆ ਹੈ। ਅਤੇ ਹੁਣ ਇਹ...

3 ਜਦੋਂ ਮੈਂ ਪਹੁੰਚਿਆ, ਅਤੇ ਫਿਰ ਇਹ ਨਹੀਂ ਜਾਣਦਾ ਸੀ ਕਿ ਅਸੀਂ ਇਸ ਐਤਵਾਰ ਇੱਥੇ ਹੋਵਾਂਗੇ, ਮੈਂ ਘੋਸ਼ਣਾ ਕੀਤੀ ਹੈ ਕਿ ਮੇਰੇ ਕੋਲ ਕਲੀਸਿਯਾ ਦੇ ਲਈ ਇੱਕ—ਇੱਕ ਸੰਦੇਸ਼ ਹੈ। ਅਤੇ ਮੇਰੀ ਇੱਛਾ ਹੈ, ਜੇ ਪਰਮੇਸ਼ੁਰ ਦੀ ਇੱਛਾ ਹੋਈ, ਤਾਂ ਅਗਲੇ ਐਤਵਾਰ ਨੂੰ ਇਹ ਸੰਦੇਸ਼ ਲੈ ਕੇ ਆਵਾਂਗਾ। ਅਤੇ ਉੱਥੇ ਕਾਫ਼ੀ ਲੰਮਾ ਸਮਾਂ ਹੋਵੇਗਾ, ਇਸ ਲਈ, ਇਹ ਸ਼ਾਇਦ ਬਾਰਾਂ-ਤੀਹ, ਇੱਕ ਵਜੇ ਤੋਂ ਪਹਿਲਾਂ ਨਹੀਂ ਮੁੱਕੇਗਾ, ਹੋ ਸਕਦਾ ਹੈ, ਜੇਕਰ ਉਸ ਸਮੇਂ। ਇਹ ਲੰਬੇ ਸਮੇਂ ਤੋਂ ਮੇਰੇ ਦਿਲ ਵਿੱਚ ਹੈ, ਅਤੇ ਮੈਂ ਸੋਚਦਾ ਹਾਂ ਕਿ ਮੈਨੂੰ ਲੋਕਾਂ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਮੈਂ ਸੇਵਾ ਖੇਤਰ ਵਿੱਚ ਕੰਮ ਕਿਉਂ ਨਹੀਂ ਕਰ ਰਿਹਾ ਸੀ। ਅਤੇ ਮੈਂ ਇਸਦੇ ਆਲੇ ਦੁਆਲੇ ਪ੍ਰਚਾਰ ਕੀਤਾ ਹੈ, ਪਰ ਮੈਨੂੰ ਯਕੀਨ ਹੈ ਕਿ ਇਹ ਕਦੇ ਵੀ ਉਸ ਥਾਂ ਤੇ ਨਹੀਂ ਆਇਆ ਜਿੱਥੇ ਇਸ ਨੂੰ ਹੋਣਾ ਚਾਹੀਦਾ ਹੈ। ਇਸ ਲਈ ਮੈਂ ਸੋਚਦਾ ਹਾਂ, ਜੇ ਪ੍ਰਭੂ ਦੀ ਇੱਛਾ ਹੈ, ਤਾਂ ਅਗਲੇ ਐਤਵਾਰ, ਮੈਂ ਬੱਸ ਆਪਣਾ ਸਮਾਂ ਲੈਣਾ ਚਾਹਾਂਗਾ ਅਤੇ ਬਸ ਇਸ ਗੱਲ ਨੂੰ ਰੱਖਾਂਗਾ, ਇਸ ਦਾ ਕੀ ਕਾਰਣ ਸੀ ਅਤੇ ਕਿਉਂ ਸੀ, ਅਤੇ ਤੁਹਾਨੂੰ ਦੱਸਾਂਗਾ, ਲਿਖਤਾਂ ਦੇ ਅਨੁਸਾਰ, ਕੀ ਹੋ ਰਿਹਾ ਹੈ, ਦੇਖੋ, ਇਹ ਸਭ ਕੁਝ ਕਿਉਂ ਹੈ। ਕਿਉਂਕਿ, ਮੈਂ ਸ਼ਾਇਦ ਉਸੇ ਵੇਲੇ ਸਿੱਧਾ ਵਿਦੇਸ਼ ਜਾਂ ਕਿਤੇ ਜਾ ਰਿਹਾ ਹੋਵਾਂਗਾ। ਮੈਂ ਹੁਣ ਇਹ ਵੇਖਣ ਲਈ ਉਡੀਕ ਕਰ ਰਿਹਾ ਹਾਂ ਕਿ ਉਹ ਮੈਨੂੰ ਕਿਸ ਰਸਤੇ ਜਾਣ ਲਈ ਬੁਲਾਵੇਗਾ। ਆਖਰੀ...

4 ਲਗਭਗ ਤਿੰਨ ਰਾਤਾਂ ਪਹਿਲਾਂ, ਜਾਂ ਦੋ ਰਾਤਾਂ ਪਹਿਲਾਂ, ਕਰੀਬ ਅੱਧੀ ਰਾਤ ਦੇ ਵੇਲੇ ਮੈਨੂੰ ਇੱਕ ਫੋਨ ਆਇਆ; ਅਤੇ ਇਹ ਕਿਸੇ ਔਰਤ ਲਈ ਪ੍ਰਾਰਥਨਾ ਵਾਸਤੇ ਸੀ ਜੋ ਹਸਪਤਾਲ ਵਿੱਚ ਸੀ। ਅਤੇ ਉਨ੍ਹਾਂ ਨੇ ਮੈਨੂੰ ਬੁਲਾਇਆ, ਅਤੇ ਕਿਹਾ, "ਪ੍ਰਾਰਥਨਾ ਕਰੋ।" ਅਤੇ ਮੈਂ ਉਹ ਨਾਮ ਭੁੱਲ ਗਿਆ ਜੋ ਉਨ੍ਹਾਂ ਨੇ ਮੈਨੂੰ

ਦਿੱਤਾ ਸੀ, ਉਹ...ਉਨ੍ਹਾਂ ਕਿਹਾ ਕਿ ਇਹ ਸ਼੍ਰੀਮਤੀ ਜੇਮਜ਼ ਬੈੱਲ ਦੀ ਇੱਕ ਦੋਸਤ ਸੀ, ਜੋ ਇਸ ਕਲੀਸਿਯਾ ਵਿੱਚ ਸਾਡੀ, ਇੱਕ ਕਾਲੀ ਭੈਣ ਹੈ, ਬਹੁਤ ਹੀ ਵਫ਼ਾਦਾਰ, ਵਧੀਆ ਔਰਤ ਹੈ। ਮੈਨੂੰ ਯਕੀਨ ਹੈ ਕਿ ਉਹ ਨਾਮ ਸ਼ੈਪਰਡ ਸੀ, ਜੋ ਮੈਨੂੰ ਦਿੱਤਾ ਗਿਆ ਸੀ। ਇਸ ਲਈ ਮੈਂ ਬਿਸਤਰੇ ਤੋਂ ਉੱਠਿਆ ਅਤੇ ਗੋਡੇ ਟੇਕ ਦਿੱਤੇ, ਅਤੇ—ਅਤੇ ਆਪਣੀ ਪਤਨੀ ਨੂੰ ਦੱਸਿਆ। ਫ਼ੋਨ ਦੀ ਵੱਜਦੀ ਹੋਈ ਘੰਟੀ ਨੇ, ਉਸ ਨੂੰ ਜਗਾ ਦਿੱਤਾ ਸੀ। ਅਤੇ ਮੈਂ ਕਿਹਾ, "ਸਾਨੂੰ ਸ਼੍ਰੀਮਤੀ ਸ਼ੈਪਰਡ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ, ਇੱਕ ਭੈਣ ਜਿਸ ਨੇ ਫੋਨ ਕੀਤਾ ਹੈ, ਜੋ ਸ਼੍ਰੀਮਤੀ ਜੇਮਸ ਬੈੱਲ ਦੀ ਦੋਸਤ ਹੈ।" ਇਸ ਲਈ ਅਸੀਂ ਉਸ ਲਈ ਪ੍ਰਾਰਥਨਾ ਕੀਤੀ, ਬਿਸਤਰੇ ਉੱਤੇ ਵਾਪਸ ਚਲੇ ਗਏ।

5 ਅਤੇ ਫਿਰ ਅਗਲੇ ਦਿਨ, ਤਕਰੀਬਨ ਦਸ ਜਾਂ ਗਿਆਰਾਂ ਵਜੇ, ਮੈਨੂੰ ਦੁਬਾਰਾ ਫ਼ੋਨ ਆਇਆ। ਇਹ ਬਿਲੀ ਸੀ। ਅਤੇ ਉਸਨੇ ਕਿਹਾ, ਉਹ ਸ਼੍ਰੀਮਤੀ ਸ਼ੈਪਰਡ ਨਹੀਂ ਸੀ, ਕਿਹਾ ਇਹ ਸ਼੍ਰੀਮਤੀ ਬੈੱਲ, ਖੁਦ ਸੀ, ਸ਼੍ਰੀਮਤੀ ਬੈੱਲ ਦੀ ਦੋਸਤ ਨਹੀਂ। "ਇਹ ਸ਼੍ਰੀਮਤੀ ਬੈੱਲ ਸੀ, ਅਤੇ ਉਹ ਬਹੁਤ ਗੰਭੀਰ ਹਾਲਤ ਵਿੱਚ, ਹਸਪਤਾਲ ਵਿੱਚ ਹੈ।" ਅਤੇ ਹਸਪਤਾਲ ਵੱਲ੍ਹ ਨੂੰ ਭਜਿਆ, ਪਰ ਉਹ ਤੁਰ ਗਈ ਸੀ। ਪ੍ਰਭੂ ਨੇ ਸ਼੍ਰੀ ਮਤਿ ਬੈੱਲ ਨੂੰ, ਘਰ ਬੁਲਾ ਲਿਆ।

6 ਸ਼੍ਰੀਮਤੀ ਬੈੱਲ ਸਾਲਾਂ ਤੋਂ, ਇਸ ਕਲੀਸਿਯਾ ਵਿੱਚ ਸਾਡੇ ਨਾਲ ਇੱਕ ਵਫ਼ਾਦਾਰ ਸੰਗੀ ਰਹੀ ਹੈ। ਉਸਦਾ ਪਤੀ, ਜੇਮਸ, ਅਤੇ ਮੈਂ, ਮੇਰੇ ਪਿਤਾ ਦੇ ਨਾਲ, ਕਈ ਸਾਲ ਪਹਿਲਾਂ, ਬਾਹਰ, ਦੌੜਦੇ ਹੋਏ ਇਕੱਠੇ ਕੰਮ ਕਰਦੇ ਸੀ... ਅਸੀਂ ਪੈਨਸਿਲਵੇਨੀਆ ਤੋਂ, ਇੱਥੇ ਕੋਲਗੇਟ ਵਿੱਚ, ਕਈ ਸਾਲ ਪਹਿਲਾਂ, ਮੇਰੇ ਅੰਦਾਜ਼ੇ ਅਨੁਸਾਰ ਤੀਹ ਸਾਲ ਪਹਿਲਾਂ, ਜਾਂ ਇਸ ਤੋਂ ਵੀ ਵੱਧ ਸਮੇਂ ਵਿੱਚ ਇਹਨਾਂ ਰਾਹਾਂ ਤੇ ਦੋੜ੍ਹਦੇ ਹੁੰਦੇ ਸਾਂ। ਅਤੇ ਅਸੀਂ ਭੈਣ ਬੈੱਲ ਨੂੰ ਪਿਆਰ ਕਰਦੇ ਹਾਂ। ਉਹ ਇੱਕ ਮਹਾਨ ਵਿਅਕਤੀ ਸੀ।

7 ਅਤੇ ਮੈਂ ਸਮਝਦਾ ਹਾਂ ਕਿ ਉਸ ਨੂੰ ਪਿੱਤੇ ਦੀ ਥੈਲੀ ਕਾਰਣ ਦੌਰਾ ਪਿਆ ਸੀ, ਅਤੇ ਉਹ...ਉਸਦਾ ਡਾਕਟਰ, ਜੋ ਉਸਦੇ ਕੇਸ ਬਾਰੇ ਚੰਗੀ ਤਰ੍ਹਾਂ ਜਾਣਦਾ ਸੀ, ਉਸ ਸਮੇਂ ਸ਼ਹਿਰ ਤੋਂ ਬਾਹਰ ਸੀ। ਅਤੇ ਇੱਕ ਨਵਾਂ ਡਾਕਟਰ ਉਸ ਦੀ ਜਾਂਚ ਕਰਨ ਲਈ ਆਇਆ, ਅਤੇ—ਅਤੇ ਐਮਰਜੈਂਸੀ ਓਪਰੇਸ਼ਨ ਦੀ ਸਲਾਹ ਦਿੱਤੀ, ਅਤੇ ਉਹ ਇਸ ਨੂੰ ਸਹਿਣ ਨਹੀਂ ਕਰ ਸਕੀ। ਅਤੇ—ਅਤੇ ਉਹ ਸੀ... ਮੈਨੂੰ ਲੱਗਦਾ ਹੈ ਕਿ ਉਸ ਨੂੰ...ਜਿਸ ਤਰ੍ਹਾਂ ਮੈਂ ਇਸਨੂੰ ਸਮਝਦਾ ਹਾਂ, ਕਿ ਉਸਦਾ ਨਿਯਮਤ ਡਾਕਟਰ ਕਦੇ ਵੀ ਓਪਰੇਸ਼ਨ ਦੀ ਸਲਾਹ ਨਾ ਦਿੰਦਾ, ਕਿਉਂਕਿ ਉਹ ਬਹੁਤ ਭਾਰੀ ਸੀ ਅਤੇ ਉਸ ਦਾ ਪਿੱਤੇ ਦੀ ਥੈਲੀ ਦੀ ਹਾਲਤ ਖ਼ਰਾਬ ਸੀ। ਅਤੇ ਉਸ ਵਿੱਚ ਪੱਥਰ ਸਨ, ਮੇਰੇ ਖਿਆਲ ਵਿੱਚ, ਜਾਂ ਇਸ ਵਿੱਚ ਕੁਝ ਸੀ, ਅਤੇ—

ਅਤੇ ਯਹੋਵਾਹ ਦਿਆਲੂ ਰਿਹਾ ਸੀ। ਉਸ ਨੂੰ ਪਹਿਲਾਂ ਵੀ ਅਜਿਹੇ ਦੌਰੇ ਪਏ ਸਨ ਅਤੇ ਬਹੁਤ ਵਾਰੀ, ਪ੍ਰਭੂ ਨੇ ਉਸ ਨੂੰ ਸੰਭਾਲਿਆ ਸੀ। ਪਰ ਬੱਸ ਇਸ ਤਰ੍ਹਾਂ ਹੋ ਗਿਆ...ਖੈਰ, ਜੇ ਅਸੀਂ ਇਸਦਾ ਨਿਚੋੜ ਕੱਢੀਏ, ਤਾਂ ਅਸੀਂ ਇਹ ਕਹਾਂਗੇ: ਪਰਮੇਸ਼ੁਰ ਨੇ ਭੈਣ ਬੈੱਲ ਨੂੰ ਬੁਲਾਇਆ ਸੀ, ਅਤੇ ਇਹੀ ਤਰੀਕਾ ਸੀ ਜਿਸ ਤਰ੍ਹਾਂ ਉਸ ਨੂੰ ਲਿਜਾਣਾ ਸੀ, ਤੁਸੀਂ ਸਮਝੇ।

8 ਅਤੇ ਉਹ ਇਸ ਤੋਂ ਕਿਵੇਂ ਖੁੰਝ ਗਿਆ...ਇਸ ਨੂੰ ਮੇਰੇ ਕੋਲ ਇਸ ਤਰ੍ਹਾਂ ਲਿਆਇਆ, ਕਿ ਮੈਂ ਸੋਚਿਆ ਕਿ ਇਹ ਸ਼੍ਰੀਮਤੀ...ਸ਼੍ਰੀਮਤੀ ਸ਼ੈਪਰਡ ਹੈ। ਮੈਂ ਸ਼੍ਰੀਮਤੀ ਸ਼ੈਪਰਡ ਨੂੰ ਨਹੀਂ ਜਾਣਦਾ ਸੀ। ਹੋ ਸਕਦਾ ਹੈ ਕਿ ਉਹ ਔਰਤ ਅੱਜ ਸਵੇਰੇ, ਇੱਥੇ ਹੋਵੇ, ਅਤੇ ਜੇਕਰ ਮੈਂ ਉਸਦੇ ਚਿਹਰੇ ਨੂੰ ਵੇਖਾਂ ਤਾਂ ਮੈਂ ਉਸਨੂੰ ਪਛਾਣ ਸਕਦਾ ਹਾਂ। ਪਰ, ਇਹ ਕਿਹਾ ਗਿਆ ਸੀ ਕਿ ਉਹ ਸ਼੍ਰੀਮਤੀ ਸ਼ੈਪਰਡ ਸੀ। ਅਤੇ ਕੀ ਇਹ ਸਭ ਕੁਝ ਇਸ ਤਰ੍ਹਾਂ ਕੀਤਾ ਗਿਆ ਸੀ, ਤਾਂ ਜੋ ਇਹ...ਜੇ ਮੈਂ ਜਾਣਦਾ ਕਿ ਇਹ ਸ਼੍ਰੀਮਤੀ ਬੈੱਲ ਸੀ ਜੋ ਉਸ ਹਾਲਤ ਵਿੱਚ ਸੀ, ਮੈਂ ਸ਼ਾਇਦ ਉੱਥੇ ਜਾਂਦਾ ਅਤੇ ਉਸੇ ਵੇਲੇ ਉਸ ਲਈ ਪ੍ਰਾਰਥਨਾ ਕਰਦਾ। ਅਤੇ ਫਿਰ, ਦੇਖੋ, ਕਿ, ਪਰਮੇਸ਼ੁਰ ਨਹੀਂ ਚਾਹੁੰਦਾ ਸੀ ਕਿ ਅਸੀਂ ਅਜਿਹਾ ਕਰੀਏ, ਸ਼ਾਇਦ। ਇਸ ਲਈ, "ਅਸੀਂ ਜਾਣਦੇ ਹਾਂ ਕਿ ਜਿਹੜੇ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ।"

9 ਅਤੇ ਮੈਨੂੰ ਯਕੀਨ ਹੈ ਕਿ ਭੈਣ ਬੈੱਲ ਸਾਡੇ ਪ੍ਰਭੂ ਨੂੰ ਪਿਆਰ ਕਰਦੀ ਸੀ। ਉਹ ਇੱਕ ਚੰਗੀ ਔਰਤ ਸੀ। ਹੁਣ, ਉਹ ਸਾਡੇ ਵਿੱਚੋਂ ਇੱਕ ਹੈ। ਇੱਥੇ, ਸਾਡੇ ਕੋਲ ਰੰਗ ਦਾ ਕੋਈ ਭੇਦਭਾਵ ਨਹੀਂ ਹੈ। ਪਰਮੇਸ਼ੁਰ ਦਾ ਪਰਿਵਾਰ ਰੰਗ ਦੀਆਂ ਰੇਖਾਵਾਂ ਨਹੀਂ ਖਿੱਚਦਾ। ਭਾਵੇਂ ਅਸੀਂ ਲਾਲ, ਭੂਰੇ, ਕਾਲੇ, ਜਾਂ ਪੀਲੇ ਹਾਂ, ਕੋਈ ਫ਼ਰਕ ਨਹੀਂ ਪੈਂਦਾ, ਜਾਂ ਚਿੱਟੇ ਹਾਂ। ਜੋ ਵੀ ਹੈ, ਅਸੀਂ ਮਸੀਹ ਵਿੱਚ ਭੈਣ ਭਰਾ ਹਾਂ। ਅਤੇ ਇਸ ਲਈ ਅਸੀਂ—ਅਸੀਂ ਉਸਨੂੰ ਪਿਆਰ ਕਰਦੇ ਹਾਂ। ਅਤੇ ਅਸੀਂ, ਇਹ ਡੇਰਾ ਉਸ ਦੀ ਕਮੀ ਮਹਿਸੂਸ ਕਰੇਗਾ। ਮੈਂ ਕਿਵੇਂ, ਭੈਣ ਬੈੱਲ ਦੇ, ਉਹ ਵੱਡੇ, ਅਤੇ ਭਾਰੇ ਬੋਲ ਦੇ "ਆਮੀਨਾਂ" ਦੀ ਕਮੀ ਮਹਿਸੂਸ ਕਰਾਂਗਾ ਜੋ ਉਹ ਉੱਥੇ ਨੁੱਕਰ ਵਿੱਚ ਖਲੋ ਕੇ ਬੋਲਦੀ ਸੀ। ਅਤੇ ਉਹ ਆਪਣੇ ਘਰ ਜਾਂਦੀ ਹੋਈ, ਪ੍ਰਭੂ ਯਿਸੂ ਬਾਰੇ ਗਲਾਂ ਕਰਦੀ ਸੀ।

10 ਅਤੇ ਜੇ ਮੈਂ ਇਸਨੂੰ ਸਹੀ ਸਮਝਦਾ ਹਾਂ, ਤਾਂ ਕੁਝ ਪਲ ਪਹਿਲਾਂ ਤੱਕ ਇਹ ਕਦੇ ਨਹੀਂ ਜਾਣਦਾ ਸੀ, ਪਰ ਮੈਨੂੰ ਲੱਗਦਾ ਹੈ ਕਿ ਉਸਦਾ ਅੰਤਿਮ ਸੰਸਕਾਰ ਇੱਥੇ ਕਲੀਸਿਯਾ ਵਿੱਚ ਕੀਤਾ ਜਾਵੇਗਾ। [ਭਾਈ ਨੇਵਿਲ ਕਹਿੰਦੇ ਹਨ, "ਇਹ ਸਹੀ ਹੈ।"—ਸੰਪਾ.] ਇਸ ਆਉਣ ਵਾਲੇ ਮੰਗਲਵਾਰ ਨੂੰ ["ਇੱਕ ਵਜੇ।"]

ਇੱਕ ਵਜੇ। ਅਤੇ ਮੈਨੂੰ ਲਗਦਾ ਹੈ ਕਿ ਤੁਸੀਂ ਅਤੇ ਮੈਂ ਕਾਰਜਕਾਰੀ ਹਾਂ ["ਇਹ ਠੀਕ ਹੈ।"] ਇਸ ਅੰਤਮ ਸੰਸਕਾਰ ਸੇਵਾ ਵਿੱਚ।

11 ਪਰ, ਇਸ ਕਲੀਸਿਯਾ ਵਿੱਚ, ਅੱਜ ਸਵੇਰੇ ਸਾਡੇ ਵਿੱਚੋਂ ਇੱਕ ਮੈਂਬਰ ਘੱਟ ਗਿਆ ਹੈ, ਸਾਡੀ ਭੈਣ ਬੈੱਲ ਦੇ ਸਤਿਕਾਰ ਵਿੱਚ, ਆਓ ਇੱਕ ਪਲ ਲਈ ਆਪਣੇ ਪੈਰਾਂ ਤੇ ਖੜੇ ਹੋਈਏ, ਜੱਦ ਅਸੀਂ ਆਪਣੇ ਸਿਰ ਝੁਕਾਉਂਦੇ ਹਾਂ।

12 ਜੀਵਨ ਦਾ ਪਰਮੇਸ਼ੁਰ, ਜੋ ਜੀਵਨ ਦਿੰਦਾ ਹੈ ਅਤੇ ਲੈਂਦਾ ਹੈ, ਜਿਵੇਂ ਪੁਰਾਣੇ ਸਮੇਂ ਵਿੱਚ ਅੱਯੂਬ ਨੇ ਕਿਹਾ ਸੀ, "ਯਹੋਵਾਹ ਨੇ ਦਿੱਤਾ ਯਹੋਵਾਹ ਨੇ ਹੀ ਲੈ ਲਿਆ; ਯਹੋਵਾਹ ਦਾ ਨਾਮ ਮੁਬਾਰਕ ਹੋਵੇ।" ਕੁਝ ਸਾਲ ਪਹਿਲਾਂ, ਤੁਸੀਂ ਭੈਣ ਬੈੱਲ ਨੂੰ ਸਾਡੇ ਵਿਚਕਾਰ ਭੇਜਿਆ, ਪਰਮੇਸ਼ੁਰ ਦੇ ਮਹਾਨ ਰਾਸ਼ਟਰਮੰਡਲ ਦੀ, ਇੱਕ ਸਾਥੀ ਨਾਗਰਿਕ ਬਣਨ ਲਈ। ਅਤੇ ਅਸੀਂ ਹਰ ਪ੍ਰੇਰਨਾ ਲਈ ਤੁਹਾਡਾ ਧੰਨਵਾਦ ਕਰਦੇ ਹਾਂ ਜੋ ਉਹ ਸਾਡੇ ਲਈ ਸੀ, ਉਹ ਕਿਵੇਂ ਗਾਉਣਾ ਅਤੇ ਗਵਾਹੀ ਦੇਣਾ ਪਸੰਦ ਕਰਦੀ ਸੀ, ਅਤੇ ਆਤਮਾ ਨਾਲ ਇੰਨੀ ਭਰ ਜਾਂਦੀ ਸੀ ਕਿ ਉਹ ਚੀਖਦੀ ਅਤੇ ਚਿਲਾਉਂਦੀ ਸੀ। ਅਤੇ ਉਹ ਯਿਸੂ ਮਸੀਹ ਦੀ ਇੰਜੀਲ ਤੋਂ ਸ਼ਰਮਿੰਦਾ ਨਹੀਂ ਸੀ, ਕਿਉਂਕਿ, ਉਸ ਲਈ, ਇਹ ਮੁਕਤੀ ਲਈ ਪਰਮੇਸ਼ੁਰ ਦੀ ਸ਼ਕਤੀ ਸੀ। ਉਸਦੇ ਸਾਲਾਂ ਦੀ ਗਿਣਤੀ ਨੂੰ ਵੇਖਦਿਆਂ, ਅਤੇ ਸਮਾਂ ਆਉਂਦਾ ਹੈ ਜਦੋਂ ਸਾਨੂੰ ਸਾਰਿਆਂ ਨੂੰ ਜਵਾਬ ਦੇਣਾ ਪਵੇਗਾ। ਅਤੇ ਇਸ ਸਵੇਰ, ਆਪਣੀ ਹਜ਼ੂਰੀ ਵਿੱਚ ਲਿਜਾਣ ਲਈ, ਤੁਸੀਂ ਉਸਨੂੰ ਸਾਡੇ ਕੋਲੋਂ ਲੈ ਲਿਆ ਹੈ। ਕਿਉਂਕਿ, ਇਹ ਸੱਚ ਹੈ ਕਿ, ਜਦੋਂ ਅਸੀਂ ਇੱਥੋਂ ਚਲੇ ਜਾਂਦੇ ਹਾਂ, ਅਸੀਂ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਹੁੰਦੇ ਹਾਂ।

13 ਹੇ ਪਰਮੇਸ਼ੁਰ, ਅਸੀਂ ਸਭ ਕੁਝ ਲਈ ਤੁਹਾਡਾ ਧੰਨਵਾਦ ਕਰਦੇ ਹਾਂ। ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਉਸਦੇ ਪਤੀ, ਮੇਰੇ ਦੋਸਤ, ਜੇਮਸ; ਉਸ ਦੇ ਪੁੱਤਰ, ਉਸ ਦੀਆਂ ਧੀਆਂ, ਉਨ੍ਹਾਂ ਸਾਰਿਆਂ ਨੂੰ ਅਸੀਸ ਦਿਓਗੇ। ਅਸੀਂ ਸਮਝਦੇ ਹਾਂ ਕਿ ਉਸਦਾ ਲੜਕਾ ਫੌਜ ਵਿੱਚੋਂ, ਜਰਮਨੀ ਤੋਂ ਹਵਾਈ ਸਫ਼ਰ ਕਰ ਕੇ ਆ ਰਿਹਾ, ਘਰ ਆਉਣ ਲਈ, ਤਾਂ ਜੋ ਉਸਦੀ ਤੁਰ ਚੁੱਕੀ ਮਾਂ ਨੂੰ, ਧਰਤੀ ਤੇ, ਆਖਰੀ ਸ਼ਰਧਾਂਜਲੀ ਦੇ ਸਕੇ। ਅੱਜ ਸਵੇਰੇ ਉਸ ਨੌਜਵਾਨ ਦਾ ਦਿਲ ਕਿਵੇਂ ਧੜਕ ਰਿਹਾ ਹੋਵੇਗਾ। ਮੈਂ ਉਸ ਲਈ ਪ੍ਰਾਰਥਨਾ ਕਰਦਾ ਹਾਂ, ਪ੍ਰਭੂ। ਪਰਮੇਸ਼ੁਰ, ਉਸ ਨੂੰ ਅਸੀਸ ਦੇ। ਜਿੰਮੀ ਨੂੰ ਅਸੀਸ ਦਿਓ, ਅਤੇ ਉਹ ਕਿਵੇਂ… ਉਸ ਨੂੰ ਆਪਣੇ ਪਰਿਵਾਰ ਲਈ, ਰੋਜ਼ੀ-ਰੋਟੀ ਕਮਾਉਣ ਲਈ, ਥਕਾ ਦੇਣ ਵਾਲੀ ਮਿਹਨਤ ਕਰਦੇ ਹੋਏ ਵੇਖਿਆ ਹੈ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਉਹ ਮਹਾਨ ਪਰਿਵਾਰ ਜੁਦਾ ਨਾ ਹੋਵੇ, ਪਰ ਉਸ ਪਰਿਵਾਰ ਦਾ ਪਹਿਆ ਉਸ ਧਰਤੀ ਵਿੱਚ ਅਟੁੱਟ ਰਹੇਗਾ ਜੋ ਧਰਤੀ ਦੇ ਦੂਸਰੇ ਪਾਸੇ ਹੈ।

14 ਅਸੀਂ, ਪ੍ਰਭੂ, ਹੁਣ ਸ਼ਸਤਰ ਅਤੇ ਢਾਲ ਨੂੰ, ਥੋੜਾ ਜਿਹਾ ਹੋਰ ਕੱਸਦੇ ਹਾਂ, ਅਤੇ ਹੁਣ ਲੜਾਈ ਵਿੱਚ ਜਾਣ ਲਈ, ਉਸ ਨਾਲੋਂ ਇੱਕ ਮੈਂਬਰ ਘੱਟ ਨਾਲ ਜੋ ਅਸੀਂ ਇੱਕ ਹਫਤਾ ਪਹਿਲਾਂ ਸੀ। ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਸਾਨੂੰ ਕਾਇਮ ਰੱਖੋ ਅਤੇ ਸਾਨੂੰ ਮਜ਼ਬੂਤ ਕਰੋ, ਅਤੇ ਸਾਡੀ ਮਦਦ ਕਰੋ ਜਿਵੇਂ ਅਸੀਂ ਅੱਗੇ ਵੱਧਦੇ ਹਾਂ, ਅਤੇ ਕਿਸੇ ਦਿਨ ਅਸੀਂ ਸਾਰੇ ਦੁਬਾਰਾ ਉਸ ਪਾਸੇ ਇਕੱਠੇ ਹੋਵਾਂਗੇ। ਕਿਉਂਕਿ ਅਸੀਂ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

15 ਹੁਣ ਸਾਡੀ ਵਿਛੜੀ ਭੈਣ ਦੀ ਆਤਮਾ ਨੂੰ ਸ਼ਾਂਤੀ ਮਿਲੇ। ਮੈਂ ਇਹ ਕਹਿਣਾ ਚਾਹਾਂਗਾ ਕਿ ਉਸਦਾ—ਉਸਦਾ ਅੰਤਿਮ ਸੰਸਕਾਰ ਇੱਥੇ ਐਤਵਾਰ, ਜਾਂ ਮੰਗਲਵਾਰ ਨੂੰ ਪ੍ਰਚਾਰ ਕੀਤਾ ਜਾਣਾ ਹੈ, ਅਤੇ ਅਸੀਂ ਕਰਾਂਗੇ...ਹਰੇਕ ਜੋ ਆਉਣਾ ਚਾਹੁੰਦਾ ਹੈ ਉਸ ਦਾ ਸੁਆਗਤ ਹੈ। ਮੇਰਾ ਅੰਦਾਜ਼ਾ ਹੈ ਕਿ ਭਾਈ ਨੇਵਿਲ ਨੇ ਇੱਥੇ ਪ੍ਰਬੰਧ ਕੀਤੇ ਹਨ, ਅਤੇ ਉਹ ਤੁਹਾਡੇ ਕੋਲ ਸਨ। ਹੁਣ, ਅੱਜ, ਮੈਂ ਬਸ...

16 ਦੇਖੋ, ਇੱਥੇ ਬਹੁਤ ਜ਼ਿਆਦਾ ਨਹੀਂ ਹਨ। ਜੇ ਕਿਤੇ ਕੁਰਸੀ ਮਿਲ ਸਕਦੀ ਹੈ ਤਾਂ ਭਾਈ ਅਤੇ ਭੈਣ ਸਲਾਟਰ ਲਈ ਦੇ ਦਿਓ। ਮੈਨੂੰ ਤੁਹਾਡਾ ਸਦਾ ਮਿਲਿਆ ਸੀ, ਭੈਣ ਸਲਾਟਰ, ਅਤੇ ਤੁਹਾਡੇ ਲਈ ਪ੍ਰਾਰਥਨਾ ਕਰਨ ਗਿਆ...ਅਤੇ ਦੂਜੀ ਭੈਣ ਸਲਾਟਰ, ਭੈਣ ਜੀਨ ਸਲਾਟਰ ਜਿਸ ਨੂੰ ਇੱਕ ਕਿਸਮ ਦਾ ਬੁਖਾਰ ਹੈ ਜਿਸ ਨੂੰ ਖਰਗੋਸੀ ਬੁਖਾਰ ਕਿਹਾ ਜਾਂਦਾ ਹੈ, ਤੁਲਾਰੇਮੀਆ। ਉਸਦਾ ਮਾਮਲਾ ਯਕੀਨਨ ਕਾਫੀ ਗੰਭੀਰ ਹੈ, ਪਰ ਅਸੀਂ ਪਰਮੇਸ਼ੁਰ ਤੇ ਭਰੋਸਾ ਕਰ ਰਹੇ ਹਾਂ ਕਿ ਉਹ ਬਿਲਕੁਲ ਠੀਕ ਹੋ ਜਾਵੇਗੀ।

17 ਹੁਣ ਅਸੀਂ ਕੁਝ ਲਿਖਤਾਂ ਨੂੰ ਪੜ੍ਹਨਾ ਚਾਹੁੰਦੇ ਹਾਂ। ਅਤੇ ਮੈਂ ਬਸ ਅੱਜ ਸਵੇਰੇ ਸਿਖਾਉਣਾ ਚਾਹੁੰਦਾ ਹਾਂ, ਆਪਣਾ ਸਮਾਂ ਲੈਣਾ ਚਾਹੁੰਦਾ ਹਾਂ, ਕਿਉਂਕਿ ਜਦੋਂ ਤੋਂ ਮੈਂ ਬਾਹਰੋਂ ਵਾਪਸ ਆਇਆ ਹਾਂ, ਐਰੀਜ਼ੋਨਾ ਤੋਂ, ਖੈਰ, ਮੇਰਾ ਗਲਾ ਥੋੜ੍ਹਾ ਜਿਹਾ ਖਰਾਬ ਹੈ।

18 ਅਤੇ ਹੁਣ, ਅਗਲੇ ਐਤਵਾਰ, ਭੁੱਲਣਾ ਨਹੀਂ, ਅਤੇ ਮੈਨੂੰ ਲਗਦਾ ਹੈ ਕਿ ਬਿਲੀ ਨੇ ਇਸ਼ਤਿਹਾਰ ਪਹਿਲਾਂ ਹੀ ਡਾਕ ਰਹਿਣ ਭੇਜ ਦਿੱਤੇ ਹਨ। ਅਤੇ ਇਹ ਕਾਫ਼ੀ ਲੰਬੀ ਸਭਾ ਹੋਵੇਗੀ, ਸਾਡਾ ਮੰਨਣਾ ਹੈ, ਇਸ ਲਈ ਜਿੰਨੀ ਜਲਦੀ ਆ ਸਕੋ ਆ ਜਾਣਾ। ਅਸੀਂ ਸ਼ੁਰੂ ਕਰਨਾ ਚਾਹੁੰਦੇ ਹਾਂ, ਕਰੀਬ ਨੌਂ-ਤੀਹ ਤੇ, ਜਾਂ ਮੇਰਾ ਮਤਲਬ ਹੈ, ਦਸ ਵਜੇ। ਅਤੇ ਹੋ ਸਕਦਾ ਹੈ, ਯਾਦ ਰੱਖਣਾ, ਲਗਭਗ ਇੱਕ ਜਾਂ ਇੱਕ ਸ਼ਾਇਦ-...ਹੋ ਸਕਦਾ ਹੈ, ਜਾਂ ਬਾਰਾਂ-ਤੀਹ, ਇੱਕ ਵਜੇ, ਅਜਿਹਾ ਕੁਝ, ਤਿੰਨ ਜਾਂ ਚਾਰ ਘੰਟੇ, ਜਾਂ ਇਸ ਤੋਂ ਵੱਧ, ਮੈਂ ਲੈਣਾ ਚਾਹੁੰਦਾ ਹਾਂ, ਅਤੇ ਕੇਵਲ

ਵਚਨਾਂ ਨੂੰ ਲਵਾਂਗਾ। ਆਪਣੀ ਪੈਨਸਿਲ ਅਤੇ ਕਾਗਜ਼ ਲੈ ਕੇ ਆਉਣਾ, ਅਤੇ ਇਸਨੂੰ ਬਾਹਰ ਰੱਖਣਾ। ਜੇ ਕੋਈ ਸਵਾਲ ਹੋਵੇਗਾ, ਤਾਂ ਤੁਸੀਂ ਇਸ ਨੂੰ ਪੁੱਛੋ—ਪੁੱਛੋ, ਤੁਸੀਂ ਸਮਝੇ, ਅਤੇ ਹੋ ਸਕਦਾ ਹੈ ਕਿ ਅਸੀਂ ਇਸਨੂੰ ਸਮਝਾ ਸਕੀਏ, ਅਸੀਂ ਜੋ ਮਦਦ ਕਰ ਸਕਦੇ ਹਾਂ ਉਹ ਕਰੀਏ।

19 ਹੁਣ ਆਓ, ਪਹਿਲਾਂ, ਕੁਝ ਵਚਨਾਂ ਨੂੰ ਪੜ੍ਹੀਏ। ਮੇਰੇ ਕੋਲ ਬਾਈਬਲ ਵਿਚ ਤਿੰਨ ਥਾਵਾਂ ਹਨ, ਜਿਨ੍ਹਾਂ ਨੂੰ ਮੈਂ ਪੜ੍ਹਨਾ ਚਾਹਾਂਗਾ। ਅਤੇ ਉਹਨਾਂ ਵਿੱਚੋਂ ਸਭ ਤੋਂ ਪਹਿਲਾਂ, ਜੇ ਤੁਸੀਂ ਇਸ ਨੂੰ ਨੋਟ ਕਰਨਾ ਚਾਹੁੰਦੇ ਹੋ, ਅਤੇ ਜੇ ਤੁਹਾਡੇ ਕੋਲ ਇੱਕ ਪੈਨਸਿਲ ਹੈ, ਤਾਂ ਮੈਂ ਅੱਜ ਸਵੇਰੇ, ਹਵਾਲਾ ਦੇਣਾ ਚਾਹੁੰਦਾ ਹਾਂ, ਕਈ ਲਿਖਤਾਂ ਵੱਲ ਜਿਨਾਂ ਤੋਂ ਮੈਂ...ਸਗੋਂ, ਕਈ ਵਚਨਾਂ ਵੱਲ੍ਹ, ਜਿਨ੍ਹਾਂ ਦਾ ਮੈਂ ਹਵਾਲਾ ਦੇਣਾ ਚਾਹਾਂਗਾ। ਪਹਿਲਾ ਪਤਰਸ ਦੀ ਪਹਿਲੀ ਪੁਸਤਕ 5:8-10, ਅਫ਼ਸੀਆਂ 6:10-17, ਅਤੇ ਦਾਨੀਏਲ 12:1-14। ਹੁਣ, ਪੜ੍ਹਨ ਵਿੱਚ, ਅਸੀਂ ਆਪਣਾ ਸਮਾਂ ਲਵਾਂਗੇ।

20 ਅਤੇ ਹਰ ਕੋਈ ਅਮਲੀ ਤੌਰ ਤੇ ਬੈਠਾ ਹੋਇਆ ਹੈ। ਇਸ ਲਈ, ਕੁਝ ਅਜੇ ਵੀ ਖੜ੍ਹੇ ਹਨ, ਪਿੱਛੇ ਅਤੇ ਇਸ ਪਾਸੇ। ਪਰ ਅਸੀਂ ਜਿੰਨੀ ਜਲਦੀ ਹੋ ਸਕੇ ਇਸ ਨੂੰ ਪੂਰਾ ਕਰਨ ਦੀ ਕੋਸ਼ਿਸ ਕਰਾਂਗੇ ਅਤੇ ਤੁਹਾਨੂੰ ਬਾਹਰ ਜਾਣ ਦਿਆਂਗੇ, ਫਿਰ ਅਸੀਂ ਬਿਮਾਰਾਂ ਲਈ ਪ੍ਰਾਰਥਨਾ ਕਰਨ ਜਾ ਰਹੇ ਹਾਂ।

21 ਅੱਜ ਸਵੇਰੇ, ਇੱਥੇ ਇੱਕ ਛੋਟੀ ਔਰਤ ਪਈ ਹੈ, ਉਹ ਬਹੁਤ ਬਿਮਾਰ ਹੈ। ਮੈਂ ਸਮਝਦਾ ਹਾਂ ਕਿ ਉਹ ਕੱਲ੍ਹ ਬਹੁਤ ਬਿਮਾਰ ਸੀ। ਅਤੇ ਮੈਂ—ਮੈਂ ਬੱਸ ਚਾਹੁੰਦਾ ਸੀ ਕਿ ਉਹ ਸੁਣੇ, ਅੱਜ ਸਵੇਰੇ, ਇਸ ਤੋਂ ਪਹਿਲਾਂ ਕਿ, ਮੈਂ ਉਸਦੇ ਲਈ ਪ੍ਰਾਰਥਨਾ ਕਰਾਂ। ਅਤੇ ਮੈਂ ਛੋਟੀ ਔਰਤ ਦੀਆਂ ਹਾਲਾਤਾਂ ਨੂੰ ਜਾਣਦਾ ਹਾਂ। ਅਤੇ ਉਹ ਬਹੁਤ ਬਿਮਾਰ ਹੈ, ਪਰ ਸਾਡੇ ਕੋਲ ਇੱਕ ਬਹੁਤ ਮਹਾਨ ਸਵਰਗੀ ਪਿਤਾ ਹੈ ਜਿਸ ਨੇ ਸਾਰੀਆਂ ਬਿਮਾਰੀਆਂ ਨੂੰ ਜਿੱਤ ਲਿਆ ਹੈ। ਅਤੇ ਮੈਨੂੰ ਇੱਕ—ਇੱਕ ਥੋੜ੍ਹਾ ਜਿਹਾ...

22 ਮੈਂ ਸ਼੍ਰੀਮਤੀ ਵੁਡਸ ਨੂੰ ਪੁੱਛਿਆ ਕਿ ਕੀ ਉਹ ਇਸਨੂੰ ਪੜ੍ਹੇਗੀ, ਪਰ ਉਹ—ਉਹ ਅਜਿਹਾ ਕਰਨ ਤੋਂ—ਤੋਂ ਥੋੜਾ ਝਿਜਕ ਰਹੀ ਸੀ। ਇੱਕ ਲੇਖ, ਜਿੱਥੇ ਇੱਕ ਮੈਡੀਕਲ ਡਾਕਟਰ ਯਕੀਨਨ ਹੈਰਾਨ ਸੀ। ਜੱਦ, ਉਹ ਦੈਵਿਕ ਚੰਗਾਈ ਦਾ ਆਲੋਚਕ ਸੀ ਅਤੇ ਆਪਣੇ ਦਫਤਰ ਵਿੱਚ ਕਿਸੇ ਨੂੰ ਵੀ ਇਸ ਬਾਰੇ ਗੱਲ ਨਹੀਂ ਕਰਨ ਦਿੰਦਾ ਸੀ; ਅਤੇ ਉਸਦੀ ਨਰਸ, ਵੀ। ਤਾਂ, ਅਜਿਹਾ ਹੋਇਆ, ਇੱਕ ਮਰੀਜ਼ ਸੀ ਜਿਸ ਨੂੰ ਕੈਂਸਰ ਸੀ, ਇੱਕ ਵੱਡਾ ਕੈਂਸਰ ਸੀ। ਉਹ ਇਸ ਨਾਲ ਕੁਝ ਨਹੀਂ ਕਰਨਾ ਚਾਹੁੰਦਾ ਸੀ, ਇਸ ਲਈ ਉਸਨੇ ਉਸਨੂੰ ਕਿਸੇ ਹੋਰ ਇਲਾਜ ਕੇਂਦਰ ਵਿੱਚ ਭੇਜ ਦਿੱਤਾ। ਉਹ ਉੱਥੇ ਇਸ ਨਾਲ ਕੁਝ ਨਹੀਂ ਕਰਨਾ

ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਉਸ ਨੂੰ ਵਾਪਸ ਭੇਜ ਦਿੱਤਾ। ਇਸ ਲਈ ਉਹ...ਔਹ, ਇਹ ਛਾਤੀ ਉੱਤੇ ਸੀ, ਅਤੇ ਇਹ ਇੱਕ ਭਿਆਨਕ ਹਾਲਤ ਵਿੱਚ ਸੀ। ਅਤੇ ਸਾਰੀ ਚਮੜੀ ਖਾਧੀ ਗਈ ਸੀ। ਅਤੇ ਕੈਂਸਰ, ਇਹ ਛਾਤੀ ਵਿੱਚ, ਪਸਲੀਆਂ ਵਿੱਚ ਹੇਠਾਂ ਚਲਾ ਗਿਆ ਸੀ। ਮੇਰਾ ਅੰਦਾਜ਼ਾ ਹੈ ਕਿ ਤੁਸੀਂ ਮੇਰਾ ਮਤਲਬ ਸਮਝ ਗਏ ਹੋ।

23 ਉਹ ਨਾਰਵੇ ਤੋਂ ਸਾਡੇ ਛੋਟੇ ਜਿਹੇ ਡਾਕਟਰ ਦੋਸਤ ਨੂੰ ਮਿਲੇ ਜੋ ਅੱਜ ਸਵੇਰ ਸਾਡੇ ਨਾਲ ਬੈਠਾ ਹੋਇਆ ਹੈ।

24 ਅਤੇ ਉਸਨੇ ਆਪਣੀ ਸਾਰੀ ਸਮੱਗਰੀ ਤਿਆਰ ਕਰ ਲਈ, ਕਿਉਂਕਿ ਉਸ ਨੇ ਕਿਹਾ ਕਿ ਉਹ ਜਾਣਦਾ ਸੀ ਕਿ—ਕਿ ਉਹ ਚਾਹੁੰਦੀ ਸੀ ਕਿ ਉਹ ਛਾਤੀ ਦਾ ਆਪਰੇਸ਼ਨ ਕਰੇ ਅਤੇ ਉਸ ਨੂੰ ਹਟਾ ਦਵੇ। ਅਤੇ ਇਹ ਇੱਕ ਬਹੁਤ ਹੀ ਖੂੰਖਾਰ ਕੰਮ ਸੀ। ਅਤੇ—ਅਤੇ ਉਸਨੇ ਉਸਦਾ ਸਾਰ ਸਮਾਨ, ਸਭ ਕੁਝ ਲੈ ਲਿਆ। ਨਰਸ ਨੇ ਔਰਤ ਨੂੰ ਤਿਆਰ ਕੀਤਾ ਅਤੇ ਓਪਰੇਟਿੰਗ ਕਮਰੇ ਵਿੱਚ ਲੈ ਆਈ, ਅਤੇ ਫਿਰ ਉਹ ਯੰਤਰ ਲੈਣ ਲਈ ਵਾਪਸ ਚਲੀ ਗਈ...ਜਿਸਦੀ ਵਰਤੋਂ ਡਾਕਟਰ ਅਤੇ ਉਸਦੇ ਸਹਾਇਕ ਦੁਆਰਾ, ਛਾਤੀ ਨੂੰ ਕੱਟਣ ਲਈ ਕੀਤੀ ਜਾਣੀ ਸੀ। ਅਤੇ ਇਸ ਲਈ ਉਨ੍ਹਾਂ ਕੋਲ ਤੌਲੀਏ ਅਤੇ ਚੀਜ਼ਾਂ ਉਸਦੇ ਉੱਪਰ ਪਈਆਂ ਸਨ। ਅਤੇ ਤਾਂ ਉਨ੍ਹਾਂ ਨੇ ਸ਼ੁਰੂ ਕੀਤਾ...

25 ਜਦੋਂ ਉਹ ਪਿੱਛੇ ਮੁੜਨ ਲੱਗਾ, ਤਾਂ ਉਸਦਾ ਪਤੀ ਜਾਣਨਾ ਚਾਹੁੰਦਾ ਸੀ ਕਿ ਕੀ ਉਹ ਕਮਰੇ ਦੇ ਅੰਤ ਵਿੱਚ ਬੈਠ ਸਕਦਾ ਹੈ ਅਤੇ ਪ੍ਰਾਰਥਨਾ ਕਰ ਸਕਦਾ ਹੈ। ਉਹ ਪਵਿੱਤਰਤਾ ਦਾ ਪ੍ਰਚਾਰਕ ਸੀ। ਅਤੇ ਉਹ ਉੱਥੇ ਮੰਜੇ ਦੇ ਪੈਰਾਂ ਕੋਲ ਬੈਠਾ ਹੋਇਆ ਸੀ, ਅਤੇ ਪ੍ਰਾਰਥਨਾ ਕਰ ਰਿਹਾ ਸੀ। ਬੇਸ਼ੱਕ, ਉਸ ਦੇ ਉੱਥੇ ਹੋਣੇ ਕਰਕੇ, ਡਾਕਟਰ ਇਸ ਤੋਂ ਬਹੁਤ ਸੰਤੁਸ਼ਟ ਨਹੀਂ ਸੀ, ਤੁਸੀਂ ਜਾਣਦੇ ਹੋ। ਪਰ ਜਿੰਨਾ ਚਿਰ ਉਹ ਨਹੀਂ ਦੇਖਦਾ, ਅਤੇ ਇਹ ਉਸਨੂੰ ਨੁਕਸਾਨ ਨਹੀਂ ਪਹੁੰਚਾਉਂਦਾ, ਕਿਉਂ, "ਮੇਰਾ ਅੰਦਾਜ਼ਾ ਹੈ ਕਿ ਇਹ ਸਭ ਠੀਕ ਸੀ; ਬੇਹੋਸ਼ ਨਹੀਂ—ਨਹੀਂ ਹੋਵੇਗਾ।"

26 ਇਸ ਲਈ ਬੈਠ ਕੇ, ਪ੍ਰਾਰਥਨਾ ਕਰਦੇ ਹੋਏ, ਕਮਰੇ ਵਿੱਚ ਇੱਕ ਹਲਚਲ ਹੋਈ। ਅਤੇ ਡਾਕਟਰ ਮੁੜਦਾ ਹੈ...ਉਸ ਦੇ ਯੰਤਰਾਂ ਨਾਲ, ਛਾਤੀ ਨੂੰ ਕੱਟਣਾ ਸ਼ੁਰੂ ਕਰਨ ਲਈ। ਉਹ ਪਰਤ ਦੇ ਬਾਅਦ ਪਰਤ ਉਤਾਰ ਦਿੱਤੀ। ਛਾਤੀ ਤੇ ਇੱਕ ਵੀ ਨਿਸ਼ਾਨ ਨਹੀਂ ਸੀ; ਇੱਕ ਵੀ ਨਿਸ਼ਾਨ ਨਹੀਂ। ਉਸ ਨੇ ਕਿਹਾ, "ਕੀ—ਕੀ ਇਹ...ਕੀ ਇਹ ਹਿਲਦਾ ਹੈ?" ਅਤੇ ਉਸਨੇ ਸ਼ੁਰੂ ਕੀਤਾ...ਅਤੇ ਨਰਸ ਨੇ ਆਪਣੀ ਗਵਾਹੀ ਦਿੱਤੀ। ਉਹ ਦੋਵੇਂ ਬਾਹਰ ਚਲੇ ਗਏ ਹਨ ਅਤੇ ਪੈਂਟੀਕੋਸਟਲ

ਬਣ ਗਏ ਹਨ, ਪਵਿੱਤਰ ਆਤਮਾ ਨਾਲ ਭਰੇ ਹੋਏ, ਪ੍ਰਭੂ ਦੀ ਸੇਵਾ ਕਰਦੇ ਹੋਏ। ਇੱਕ ਵੀ ਨਿਸ਼ਾਨ ਨਹੀਂ!

27 ਡਾਕਟਰ ਹੋਲਬਰੂਕ ਨੇ ਖੁਦ, ਗਵਾਹੀ ਦਿੱਤੀ, ਕਿਹਾ, "ਉੱਥੇ ਇੱਕ ਮਿੰਟ ਪਹਿਲਾਂ, ਉੱਥੇ ਔਰਤ ਪਈ ਹੋਈ ਸੀ, ਅਤੇ ਨਰਸ, ਅਤੇ ਬਹੁਤ ਵੱਡਾ ਕੈਂਸਰ ਸਭ ਉਸਦੀ ਛਾਤੀ ਤੋਂ ਬਾਹਰ ਨਿਕਲਿਆ ਹੋਇਆ ਸੀ। ਅਤੇ ਇੱਕ ਮਿੰਟ ਬਾਅਦ, ਉੱਥੇ ਇੱਕ ਵੀ ਨਿਸ਼ਾਨ ਨਹੀਂ ਸੀ ਜਿੱਥੇ ਇਸਨੂੰ ਹਟਾਇਆ ਗਿਆ ਸੀ।" ਇਹ ਅਮਰੀਕਾ ਵਿੱਚ ਸਾਡੇ ਵਧੀਆ ਮੈਡੀਕਲ ਡਾਕਟਰਾਂ ਵਿੱਚੋਂ ਇੱਕ ਹੈ। ਉਸਨੇ ਕਿਹਾ ਕਿ ਉਸਨੂੰ ਉਦੋਂ ਯਕੀਨ ਹੋ ਗਿਆ ਸੀ। ਅਤੇ ਉਹ, ਭਾਵੇਂ, ਉਹ ਕਿਸੇ ਕਲੀਸਿਯਾ ਵਿੱਚ ਇੱਕ ਡੀਕਨ ਸੀ। ਸਮਝੇ?

28 ਦੇਖੋ, ਲੋਕ ਸੋਚਦੇ ਹਨ ਕਿ ਕਲੀਸਿਯਾ ਕੋਈ ਚੀਜ਼ ਹੈ ਜਿੱਥੇ ਬਸ ਤੁਸੀਂ ਜਾਂਦੇ ਹੋ, ਅਤੇ ਇਹ ਹੈ, "ਔਹ, ਤੁਸੀਂ ਉੱਥੇ ਚੰਗੇ ਬਣਨਾ ਸਿੱਖਣ ਲਈ ਜਾਂਦੇ ਹੋ, ਜਾਂ ਅਜਿਹਾ ਕੁਝ।" ਇਹ ਇਸ ਤਰ੍ਹਾਂ ਨਹੀਂ ਹੈ, ਦੋਸਤ। ਨਹੀਂ। ਪਰਮੇਸ਼ੁਰ ਤਾਂ ਪਰਮੇਸ਼ੁਰ ਹੈ। ਉਹ ਅੱਜ ਵੀ ਓਨਾ ਹੀ ਮਹਾਨ ਹੈ ਜਿੰਨਾ ਉਹ ਸੀ, ਕਦੇ ਸੀ। ਅਤੇ ਉਹ ਹਮੇਸ਼ਾ ਇੱਕੋ ਜਿਹਾ ਰਹੇਗਾ। ਅਤੇ ਉਹ ਇੱਕ...ਅਸੀਂ ਸਿਰਫ਼ ਉਸ ਨੂੰ ਪ੍ਰੇਮ ਕਰਦੇ ਹਾਂ।

29 ਹੁਣ, ਸ਼ੁਰੂਆਤ ਕਰਨ ਲਈ ਅਸੀਂ ਹੁਣ ਪਹਿਲੇ ਪਤਰਸ ਦੇ, 5ਵੇਂ ਅਧਿਆਇ ਦੀ, 8ਵੀਂ ਅਤੇ 10ਵੀਂ ਆਇਤ ਤੋਂ, ਪੜ੍ਹਨਾ ਚਾਹੁੰਦੇ ਹਾਂ।

*ਸੁਚੇਤ ਹੋਵੋ,...ਜਾਗਦੇ ਰਹੋ; ਤੁਹਾਡਾ ਵਿਰੋਧੀ ਸ਼ਤਾਨ,...ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ, ਭਈ ਕਿਹ ਨੂੰ ਪਾੜ ਖਾਵਾਂ:*

*ਤੁਸੀਂ ਆਪਣੀ...ਨਿਹਚਾ ਵਿੱਚ ਤਕੜੇ ਹੋ ਕੇ ਉਹ ਦਾ ਸਾਹਮਣਾ ਕਰੋ ਇਹ ਜਾਣ ਕੇ ਜੋ ਤੁਹਾਡੇ ਗੁਰਭਾਈ ਜਿਹੜੇ ਜਗਤ ਵਿੱਚ ਹਨ, ਓਹਨਾਂ ਨੂੰ ਵੀ ਏਹੋ ਦੁਖ ਸਹਿਣੇ ਪੈਂਦੇ ਹਨ।*

*ਪ੍ਰੰਤੂ ਪਰਮ ਕਿਰਪਾਲੂ ਪਰਮੇਸ਼ੁਰ, ਜਿਹ ਨੇ ਤੁਹਾਨੂੰ ਆਪਣੇ ਸਦੀਪਕ ਤੇਜ ਦੇ ਲਈ ਯਿਸੂ ਮਸੀਹ ਵਿੱਚ ਸੱਦਿਆ, ਜਦ ਤੁਸਾਂ ਥੋੜਾ ਚਿਰ ਦੁਖ ਭੋਗ ਲਿਆ ਤਾਂ ਆਪੇ ਤੁਹਾਨੂੰ ਕਾਮਿਲ, ਕਾਇਮ, ਅਤੇ ਤਕੜਿਆ ਕਰੇਗਾ।*

30 ਪਰਮੇਸ਼ੁਰ ਦੀ ਉਸਤਤ ਕਿਵੇਂ ਕੀਤੀ ਜਾਵੇ! ਹੁਣ ਅਫ਼ਸੀਆਂ ਦੀ ਕਿਤਾਬ ਵਿੱਚ। ਅਸੀਂ ਇੱਥੇ ਅਫ਼ਸੀਆਂ ਦੀ ਕਿਤਾਬ ਵੱਲ ਮੁੜਨਾ ਚਾਹੁੰਦੇ ਹਾਂ, 6ਵਾਂ ਅਧਿਆਇ, ਅਤੇ 10ਵੀਂ ਤੋਂ 17ਵੀਂ ਆਇਤ ਨੂੰ ਪੜ੍ਹਨਾ ਚਾਹਾਂਗਾ, ਮੈਂ ਨਿਸ਼ਾਨਬੱਧ ਕੀਤਾ ਹੈ।

*ਮੁਕਦੀ ਗੱਲ, ਮੇਰੇ ਭਰਾਵੋ, ਪ੍ਰਭੂ ਵਿੱਚ ਅਤੇ ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ, ਤਕੜੇ ਹੋਵੋ!*

*ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸਤ੍ਰ ਧਾਰੋ, ਤਾਂ ਜੋ ਤੁਸੀਂ ਸ਼ਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ ਖਲੋ ਸੱਕੋ।*

*ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ, ਸਗੋਂ ਹਕੂਮਤਾਂ, ਇਖ਼ਤਿਆਰਾਂ, ਅਤੇ ਇਸ ਜਗਤ—ਜਗਤ ਦੇ ਅੰਧਘੋਰ ਦੇ ਮਹਾਰਾਜਿਆਂ, ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਉੱਚੀਆਂ ਥਾਵਾਂ ਵਿੱਚ ਹਨ।*

*ਇਸ ਕਾਰਨ ਤੁਸੀਂ ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸ਼ਤ੍ਰ ਲੈ ਲਵੋ, ਭਈ ਤੁਸੀਂ ਬੁਰੇ ਦਿਨ ਵਿੱਚ ਸਾਹਮਣਾ ਕਰ ਸੱਕੋ, ਅਤੇ ਸੱਭੋ ਕੁਝ ਮੁਕਾ ਕੇ, ਖਲੋ ਸੱਕੋ।*

*ਸੋ ਤੁਸੀਂ ਆਪਣੀ ਕਮਰ, ਸਚਿਆਈ ਨਾਲ ਕੱਸ ਕੇ,...ਅਤੇ ਧਰਮ ਦੀ ਸੰਜੋ ਪਹਿਨ ਕੇ;*

*ਅਤੇ ਮਿਲਾਪ ਦੀ ਖੁਸ਼ ਖਬਰੀ ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀਂ ਪਾ ਕੇ ਖਲੋ ਜਾਓ;*

*ਓਹਨਾਂ ਸਭਨਾਂ ਸਣੇ,...ਨਿਹਚਾ ਦੀ ਢਾਲ ਲਾਓ, ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ।*

*ਅਤੇ ਮੁਕਤੀ ਦਾ ਟੋਪ, ਅਤੇ ਆਤਮਾ ਦੀ ਤਲਵਾਰ, ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ:*

31 ਹੁਣ ਦਾਨੀਏਲ ਦੀ ਕਿਤਾਬ ਵਿੱਚ, ਮੈਂ ਕੁਝ ਹੋਰ ਪੜ੍ਹਨਾ ਚਾਹਾਂਗਾ। ਹੁਣ, ਦਾਨੀਏਲ 12ਵਾਂ ਅਧਿਆਏ। ਮੈਂ 1 ਆਇਤ ਤੋਂ ਸ਼ੁਰੂ ਕਰਨਾ ਚਾਹੁੰਦਾ ਹਾਂ, ਅਤੇ ਇਸ ਦਾ ਇੱਕ—ਇੱਕ ਕਾਫ਼ੀ ਲੰਮਾ ਹਿੱਸਾ ਪੜ੍ਹਨਾ ਚਾਹੁੰਦਾ, ਚੌਦਾਂ ਆਇਤਾਂ।

*ਉਸ ਵੇਲੇ...ਮੀਕਾਏਲ ਉਹ ਵੱਡਾ ਸਰਦਾਰ ਜੋ ਤੇਰੇ ਲੋਕਾਂ ਦੇ ਬੱਚਿਆਂ ਦੀ ਸਹਾਇਤਾ ਲਈ ਖਲੋਤਾ ਹੈ ਉੱਠੇਗਾ: ਅਤੇ ਅਜੇਹੀ ਬਿਪਤਾ ਦਾ ਵੇਲਾ ਹੋਵੇਗਾ...ਜਿਹਾ ਕੌਮ ਦੇ ਮੁੱਢ ਤੋਂ ਲੈ ਕੇ ਉਸ ਵੇਲੇ ਤੀਕਰ ਕਦੀ ਨਹੀਂ ਹੋਇਆ ਸੀ: ਅਤੇ ਉਸ ਵੇਲੇ ਤੇਰਿਆਂ ਲੋਕਾਂ ਵਿੱਚੋਂ ਹਰ ਕੋਈ ਜਿਹ ਦਾ ਨਾਉਂ ਪੋਥੀ ਵਿੱਚ ਲਿਖਿਆ ਹੋਇਆ ਹੋਵੇਗਾ ਸੋ ਛੁੱਟੇਗਾ।*

*ਅਤੇ ਉਨ੍ਹਾਂ ਵਿੱਚੋਂ ਢੇਰ ਸਾਰੇ ਜੋ ਧਰਤੀ ਦੀ ਮਿੱਟੀ ਵਿੱਚ ਸੁੱਤੇ ਪਏ ਹਨ ਜਾਗ ਉੱਠਣਗੇ, ਕਈ ਸਦੀਪਕ ਜੀਉਣ ਲਈ,...ਕਈ ਸ਼ਰਮਿੰਦਗੀ ਅਤੇ ਸਦੀਪਕ ਨਿਰਾਦਰੀ ਲਈ।*

*ਪਰ ਓਹ ਜਿਹੜੇ ਬੁੱਧਵਾਨ ਹਨ ਅੰਬਰ ਦੇ ਪਰਕਾਸ਼ ਵਾਂਗਰ ਚਮਕਣਗੇ; ਅਤੇ ਓਹ ਜਿਨ੍ਹਾਂ ਦੇ ਉਦਮ ਨਾਲ ਢੇਰ ਸਾਰੇ ਧਰਮੀ ਬਣ—ਬਣ ਗਏ ਤਾਰਿਆਂ ਵਾਂਗਰ ਜੁੱਗੋ ਜੁੱਗ ਤੀਕਰ।*

*ਪਰ ਤੂੰ, ਹੇ ਦਾਨੀਏਲ, ਇਨ੍ਹਾਂ ਗੱਲਾਂ ਨੂੰ ਮੂੰਦ—ਮੂੰਦ ਰੱਖ...ਪੋਥੀ ਉੱਤੇ, ਓੜਕ ਦੇ ਸਮੇਂ ਤੀਕਰ ਮੋਹਰ ਲਾ ਰੱਖ: ਬਥੇਰੇ ਇੱਧਰ ਉੱਧਰ ਭੱਜਣਗੇ, ਅਤੇ ਵਿੱਦਿਆ ਵਧੇਗੀ।*

*ਤਾਂ ਮੈਂ ਦਾਨੀਏਲ ਨੇ ਡਿੱਠਾ, ਅਤੇ, ਵੇਖੋ, ਜੋ ਦੋ ਹੋਰ ਖਲੋਤੇ ਸਨ, ... ਇੱਕ ਦਰਿਆ ਦੇ ਕੰਢੇ ਦੇ ਉਰਲੇ ਪਾਸੇ, ਅਤੇ ਦੂਜਾ ਦਰਿਆ ਦੇ... ਕੰਢੇ ਦੇ ਪਰਲੇ ਪਾਸੇ।*

*ਅਤੇ ਇੱਕ ਨੇ ਉਸ ਮਨੁੱਖ ਨੂੰ, ਜੋ ਸੁਥਰੇ ਲੀੜੇ ਪਹਿਨੀ ਦਰਿਆ ਦੇ ਪਾਣੀਆਂ ਉੱਤੇ ਸੀ ਪੁੱਛਿਆ, ਭਈ ਏਹ...ਅਚਰਜ ਗੱਲਾਂ ਕਿੰਨੇ ਚਿਰ ਪਿੱਛੋਂ ਅੰਤ ਤੋੜੀ ਪੁੱਜਣਗੀਆਂ?*

*ਅਤੇ ਮੈਂ ਸੁਣਿਆ ਜੋ ਉਸ ਮਨੁੱਖ ਜੋ ਜਿਹੜਾ ਸੁਥਰੇ ਲੀੜੇ ਪਹਿਨੀ ਅਤੇ ਜਿਹੜਾ ਦਰਿਆ ਦੇ ਪਾਣੀਆਂ ਉੱਤੇ ਸੀ, ਆਪਣਾ ਸੱਜਾ ਅਤੇ ਆਪਣਾ ਖੱਬਾ ਹੱਥ ਅਕਾਸ਼ ਵੱਲ ਉੱਚਾ ਕਰ ਕੇ, ਜੋ ਸਦਾ ਜੀਉਂਦਾ ਹੈ ਉਸ ਦੀ ਸੌਂਹ ਚੁੱਕੀ ਅਤੇ ਆਖਿਆ ਜੋ ਇੱਕ ਸਮਾ ਅਤੇ ਸਮੇ ਅਰ ਅੱਧੇ ਸਮੇਂ ਤੀਕਰ ਰਹਿਣਗੀਆਂ; ਅਤੇ ਜਦੋਂ ਉਹ ਪਵਿੱਤ੍ਰ ਲੋਕਾਂ ਦੇ ਜ਼ੋਰ ਨੂੰ ਮੂਲੋਂ ਤੋੜਨ ਦਾ ਕੰਮ ਪੂਰਾ ਕਰ ਚੁੱਕਣਗੇ,...ਤਦ ਏਹ ਸੱਭ ਗੱਲਾਂ ਪੂਰੀਆਂ ਹੋਣਗੀਆਂ।*

32 ਮੈਨੂੰ ਲੱਗਦਾ ਹੈ ਕਿ ਮੈਂ ਉੱਥੇ ਹੀ ਰੁਕ ਜਾਵਾਂਗਾ। ਮੈਂ ਇੱਕ ਵਿਸ਼ਾ ਲੈਣਾ ਚਾਹੁੰਦਾ ਹਾਂ, ਜੇਕਰ ਇਸਨੂੰ ਉੱਥੋਂ ਇੱਕ ਵਿਸ਼ਾ ਕਿਹਾ ਜਾਵੇਗਾ, ਇਸ ਤੋਂ, ਇਹ ਸਿੱਟਾ ਕੱਢਣ ਲਈ: *ਸਭ ਤੋਂ ਮਹਾਨ ਜੰਗ ਜੋ ਕਦੇ ਲੜੀ ਗਈ।* ਇਹ ਉਹ ਹੈ ਜੋ ਮੈਂ ਵਿਸ਼ੇ ਦੇ ਤੌਰ ਤੇ ਵਰਤਣਾ ਚਾਹੁੰਦਾ ਹਾਂ।

33 ਹੁਣ, ਮੈਨੂੰ ਅੱਜ ਸਵੇਰ ਲਈ ਇਹ ਵਿਸ਼ਾ ਕਿਸ ਤਰ੍ਹਾਂ ਮਿਲਿਆ: ਅਸੀਂ ਹੁਣੇ ਵਾਪਸ ਆਏ ਹਾਂ; ਦੋ ਕੁ ਟਰੱਸਟੀ, ਇੱਥੇ ਕਲੀਸਿਯਾ ਵਿੱਚ ਸਨ, ਅਤੇ ਮੈਂ, ਬਾਹਰ ਅਰੀਜ਼ੋਨਾ ਵਿੱਚ ਸੀ। ਅਤੇ ਅਸੀਂ ਬਾਹਰ ਗਏ, ਸੱਚਮੁੱਚ, ਫੀਨਿਕਸ ਵਿੱਚ ਇੱਕ ਸਭਾ ਕਰਨ ਲਈ, ਭਾਈ ਸ਼ਰੀਟ ਨਾਲ, ਉਸਦੇ ਡੇਰੇ ਵਿੱਚ। ਪਰ ਜਦੋਂ ਮੈਨੂੰ ਪਤਾ ਲੱਗਾ ਕਿ ਇੱਕ—ਇੱਕ ਭਾਈ ਸ਼ਹਿਰ ਵਿੱਚ ਸੀ, ਇੱਕ

ਤੰਬੂ ਵਿੱਚ ਸੇਵਾ ਕਰ ਰਿਹਾ ਸੀ, ਖੈਰ, ਫਿਰ ਮੈਂ ਸਭਾ ਕਰਨ ਬਾਰੇ ਥੋੜ੍ਹੀ ਜਿਹੀ ਝਿਜਕ ਮਹਿਸੂਸ ਕੀਤੀ। ਮੈਂ ਸੋਚਿਆ ਕਿ ਸ਼ਾਇਦ ਮੈਂ ਇਹ ਐਤਵਾਰ ਦੁਪਹਿਰ ਨੂੰ ਕਰਾਂਗਾ, ਤਾਂ ਜੋ ਕਿਸੇ ਨੂੰ ਉਨ੍ਹਾਂ ਦੇ ਗਿਰਜਿਆਂ ਵਿੱਚ ਪਰੇਸ਼ਾਨੀ ਨਾ ਹੋਵੇ। ਪਰ, ਪਤਾ ਲੱਗਾ, ਕਿ ਉਸ ਕੋਲ ਐਤਵਾਰ ਦੁਪਹਿਰ ਦੀਆਂ ਸਭਾਵਾਂ ਵੀ, ਸਨ। ਅਤੇ ਮੈਂ ਸਭਾ ਕਰਨ ਬਾਰੇ ਥੋੜ੍ਹਾ ਜਿਹਾ—ਜਿਹਾ ਚਿੰਤਤ ਸੀ।

34 ਅਤੇ ਇਸ ਲਈ ਅਸੀਂ ਭਰਾਵਾਂ ਨੇ, ਦਿਨ ਭਰ ਸ਼ਿਕਾਰ ਕਰਨ ਦੀ ਬਜਾਏ, ਕਿਉਂਕਿ ਅਸੀਂ ਸ਼ਿਕਾਰ ਕਰਨ ਲਈ ਬਾਹਰ ਸੀ, ਅਸੀਂ ਸ਼ਹਿਰ ਵਿੱਚ ਚਲੇ ਗਏ, ਅਤੇ ਤਿਆਰ ਹੋ ਗਏ, ਅਤੇ ਭਾਈ ਐਲਨ ਦੀਆਂ ਸਭਾਵਾਂ ਵਿੱਚ ਚਲੇ ਗਏ। ਭਾਈ ਏ. ਏ. ਐਲਨ ਸਭਾਵਾਂ ਕਰ ਰਿਹਾ ਸੀ। ਇਸ ਲਈ ਅਸੀਂ ਸਭਾਵਾਂ ਵਿਚ ਗਏ, ਅਤੇ ਭਾਈ ਐਲਨ ਨੇ ਇਕ ਸ਼ਕਤੀਸ਼ਾਲੀ ਸੰਦੇਸ਼ ਪ੍ਰਚਾਰ ਕੀਤਾ। ਸਾਡੇ ਕੋਲ ਇੱਕ—ਇੱਕ ਸਮਾਂ ਸੀ, ਇੱਕ ਚੰਗਾ ਸਮਾਂ ਸੀ, ਭਾਈ ਐਲਨ ਨੂੰ ਸੁਣਨਾ, ਗਾਇਕਾਂ ਨੂੰ ਸੁਣਨਾ, ਅਤੇ ਇਸ ਤਰ੍ਹਾਂ ਹੋਰ, ਉਹਨਾਂ ਨੇ ਕਿਵੇਂ ਗਾਇਆ, ਅਤੇ ਜੈਕਾਰੇ ਗਜਾਏ, ਅਤੇ ਉਹਨਾਂ ਦੀ ਬਹੁਤ ਵਧੀਆ ਸਭਾ ਸੀ।

35 ਅਤੇ ਫਿਰ ਅਸੀਂ, ਸਾਰੇ ਰਸਤੇ ਵਿੱਚ, ਪ੍ਰਭੂ ਦੇ ਹੱਥ ਨੂੰ ਦੇਖਿਆ। ਅਸੀਂ ਜਿੱਥੇ ਵੀ ਗਏ, ਪ੍ਰਭੂ ਯਿਸੂ ਸਾਡੇ ਨਾਲ ਮੁਲਾਕਾਤ ਕਰਦਾ ਸੀ। ਅਤੇ ਰੇਗਿਸਤਾਨਾਂ ਵਿੱਚ, ਆਪਣੇ ਲਈ ਬਾਹਰ ਹੋਣ ਬਾਰੇ ਕੁਝ ਤਾਂ ਹੈ। ਇਸ ਬਾਰੇ ਕੁਝ ਅਜਿਹਾ ਹੈ, ਜੇ ਤੁਸੀਂ ਇਸ ਤਰੀਕੇ ਨਾਲ ਇਕੱਲੇ ਹੋ, ਤਾਂ ਕੁਝ ਅਜਿਹਾ ਹੈ ਜੋ ਤੁਹਾਨੂੰ ਖਿੱਚਦਾ ਹੈ। ਇਹ ਹੈ, ਮੇਰਾ ਅੰਦਾਜ਼ਾ ਹੈ, ਇਹ ਇੱਕ ਕਾਰਨ ਹੈ ਕਿ ਮੈਨੂੰ ਉਹ ਦੂਰ-ਦੁਰਾਡੇ ਦੀਆਂ ਥਾਵਾਂ ਪਸੰਦ ਹਨ। ਤੁਸੀਂ ਦੁਸ਼ਮਣ ਦੀ ਤਾਕਤ ਤੋਂ ਦੂਰ ਹੋ ਜਾਂਦੇ ਹੋ, ਜੋ ਸਾਡੇ ਕੋਲ ਇੱਥੇ ਬਹੁਤ ਜਿਆਦਾ ਹੈ।

36 ਇੱਕ ਸ਼ੈਤਾਨ ਲਗਭਗ ਨੁਕਸਾਨ ਰਹਿਤ ਹੁੰਦਾ ਹੈ ਜਦੋਂ ਤੱਕ ਉਸ ਕੋਲ ਕੰਮ ਕਰਨ ਲਈ ਕੁਝ ਨਾ ਹੋਵੇ। ਉਸ ਕੋਲ...ਤੁਹਾਨੂੰ ਉਹ ਸ਼ੈਤਾਨ ਯਾਦ ਹਨ ਜਿਨ੍ਹਾਂ ਨੂੰ ਲਸ਼ਕਰ ਵਿੱਚੋਂ ਬਾਹਰ ਕੱਢਿਆ ਗਿਆ ਸੀ? ਉਨ੍ਹਾਂ ਕੋਲ...ਉਹ ਹੋਰ ਨੁਕਸਾਨ ਕਰਨਾ ਚਾਹੁੰਦੇ ਹਨ, ਇਸਲਈ ਉਹ ਸੂਰ ਦੇ ਝੁੰਡ ਵਿੱਚ ਜਾਣਾ ਚਾਹੁੰਦੇ ਸਨ। ਇਸ ਲਈ, ਸ਼ੈਤਾਨਾਂ ਕੋਲ ਕੰਮ ਕਰਨ ਲਈ ਕੁਝ ਹੋਣਾ ਚਾਹੀਦਾ ਹੈ, ਕਿਸੇ ਦੁਆਰਾ ਕੰਮ ਕਰਨ ਲਈ।

37 ਅਤੇ ਪਰਮੇਸ਼ੁਰ ਵੀ ਇਸੇ ਤਰ੍ਹਾਂ ਕਰਦਾ ਹੈ। ਸਾਡਾ ਉਸ ਕੋਲ ਹੋਣਾ ਜਰੂਰੀ ਹੈ। ਉਹ ਸਾਡੇ ਉੱਤੇ ਨਿਰਭਰ ਹੈ, ਸਾਡੇ ਰਾਹੀਂ ਕੰਮ ਕਰਨ ਲਈ।

38 ਅਤੇ ਬਹੁਤ ਸਾਰੇ ਲੋਕ ਆਏ ਜਦੋਂ ਅਸੀਂ ਯਾਤਰਾ ਵਿੱਚ ਸੀ, ਸੁਪਨਿਆਂ ਦੇ ਨਾਲ। ਅਤੇ ਪ੍ਰਭੂ ਯਿਸੂ ਕਦੇ ਵੀ ਅਸਫਲ ਨਹੀਂ ਹੋਇਆ ਪਰ ਹਮੇਸ਼ਾ ਸਹੀ ਤਰਜਮਾ ਦਿੱਤਾ, ਅਤੇ ਬੱਸ ਇਹੋ, ਬਿਲਕੁਲ ਉਸੇ ਤਰ੍ਹਾਂ।

39 ਅਤੇ ਫਿਰ ਉਹ ਸਾਡੇ ਲਈ ਭਲਾ ਸੀ, ਸਾਨੂੰ ਸ਼ਿਕਾਰ ਵੱਲ ਲੈ ਜਾਣ ਲਈ ਅਤੇ ਸਾਨੂੰ ਇਹ ਦੱਸਣ ਲਈ ਕਿ ਇਹ ਕਿੱਥੇ ਸੀ। ਅਤੇ, ਤੁਸੀਂ ਜਾਣਦੇ ਹੋ, ਇਸ ਤਰ੍ਹਾਂ ਆਲੇ ਦੁਆਲੇ ਹੋਣਾ, ਇਹ ਬਹੁਤ ਹੀ ਸ਼ਾਨਦਾਰ ਹੈ। ਰਾਤ ਨੂੰ, ਅੱਗ ਦੇ, ਆਲੇ ਦੁਆਲੇ ਬੈਠਣਾ, ਹਰ ਕਿਸੇ ਤੋਂ, ਮੀਲਾਂ ਅਤੇ ਮੀਲਾਂ ਅਤੇ ਮੀਲਾਂ ਦੂਰ, ਅਤੇ ਚੱਟਾਨ ਦੇ ਕਿਨਾਰਿਆਂ ਦੇ ਦੁਆਲੇ ਟਿਮਟਿਮਾਉਂਦੀ ਅੱਗ ਨੂੰ ਵੇਖਣਾ। ਅਤੇ, ਔਹ, ਇਹ ਬਹੁਤ ਵਧੀਆ ਸੀ!

40 ਉੱਥੇ ਇੱਕ ਭਾਈ ਸੀ, ਜੋ ਆਪਣੀ ਪਤਨੀ ਕਰਕੇ ਪਰੇਸ਼ਾਨ ਸੀ, ਜਿਸ ਨੂੰ...ਕਈ ਸਾਲ ਪਹਿਲਾਂ, ਉਸਨੇ ਇੱਕ ਸਭਾ ਵਿੱਚ ਆਪਣਾ ਸਿਰ ਉੱਚਾ ਕੀਤਾ, ਜਿੱਥੇ ਮੈਂ ਸੇਵਾ ਕਰ ਰਿਹਾ ਸੀ। ਅਤੇ ਮੈਂ ਉਨ੍ਹਾਂ ਨੂੰ ਆਪਣਾ ਸਿਰ ਹੇਠਾਂ ਰੱਖਣ ਲਈ ਕਿਹਾ ਸੀ; ਮੰਚ ਉੱਤੇ, ਇੱਕ ਦੁਸ਼ਟ ਆਤਮਾ ਸੀ ਜੋ ਇੱਕ—ਇੱਕ ਔਰਤ ਨੂੰ ਨਹੀਂ ਛੱਡ ਰਹੀ ਸੀ। ਅਤੇ ਔਰਤ ਨੇ, ਬਸ ਬੇਪਰਵਾਹ ਹੋ ਕੇ, ਕਿਸੇ ਵੀ ਤਰ੍ਹਾਂ ਆਪਣਾ ਸਿਰ ਉੱਚਾ ਕੀਤਾ। ਅਤੇ ਆਤਮਾ ਮੰਚ ਉੱਤੋਂ ਉਸ ਔਰਤ ਨੂੰ ਛੱਡ ਗਿਆ, ਅਤੇ ਉਸ ਕੋਲ ਚਲਾ ਗਿਆ। ਅਤੇ ਇਸ ਗੱਲ ਨੂੰ ਲਗਭਗ ਚੌਦਾਂ ਸਾਲਾ ਹੋ ਗਏ ਹਨ, ਅਤੇ ਔਰਤ ਗੰਭੀਰ ਹਾਲਤ ਵਿੱਚ ਹੈ; ਇੰਨੀ ਜ਼ਿਆਦਾ, ਇੱਥੋਂ ਤੱਕ ਕਿ ਮਾਨਸਿਕ ਤੌਰ ਤੇ ਵੀ, ਇੱਥੋਂ ਤੱਕ ਉਹ ਅਜਿਹੇ ਕੰਮ ਕਰਦੀ ਹੈ ਜੋ ਸਹੀ ਵੀ ਨਹੀਂ ਹਨ। ਉਦਾਹਰਣ ਵਜੋਂ, ਆਪਣੇ ਪਤੀ ਨੂੰ ਛੱਡ ਦਿੱਤਾ, ਜਾ ਕੇ ਕਿਸੇ ਹੋਰ ਆਦਮੀ ਨਾਲ ਵਿਆਹ ਕਰ ਲਿਆ ਜਦਕਿ ਉਹ ਆਪਣੇ ਪਤੀ ਨਾਲ ਰਹਿ ਰਹੀ ਸੀ; ਉਸ ਨੇ ਦਾਅਵਾ ਕੀਤਾ ਕਿ ਉਹ ਨਹੀਂ ਜਾਣਦੀ ਸੀ ਕਿ ਉਸਨੇ ਇਹ ਕੀਤਾ ਹੈ। ਅਤੇ ਇਸ ਲਈ ਉਨ੍ਹਾਂ—ਉਨ੍ਹਾਂ ਨੇ ਇਸ ਲਈ ਉਸ ਦੀ ਜਾਂਚ ਕਰਨ ਦੀ ਕੋਸ਼ਿਸ਼ ਕੀਤੀ...ਤੁਸੀਂ ਇਸ ਨੂੰ ਕੀ ਕਹਿੰਦੇ ਹੋ, ਜਦੋਂ ਤੁਸੀਂ...ਐਮਨੀਸ਼ੀਆ? ਇਹ...ਮੇਰੇ, ਉਹ ਨਾਮ ਕੀ ਹੈ। ਮੇਰਾ ਅੰਦਾਜ਼ਾ ਹੈ ਕਿ ਇਹ ਸਹੀ ਹੈ, ਡਾਕਟਰ। ਪਰ ਇਹ ਅਜਿਹਾ ਨਹੀਂ ਸੀ। ਇਹ ਇੱਕ ਆਤਮਾ ਸੀ। ਅਤੇ ਉਸ ਨੂੰ...ਅਤੇ ਉਹ ਔਰਤ ਮੇਰੀ ਚੰਗੀ ਦੋਸਤ ਸੀ। ਪਰ ਉਸ ਰਾਤ, ਤੋਂ, ਉਹ ਜਾਣਬੁੱਝ ਕੇ ਮੈਨੂੰ ਨਫ਼ਰਤ ਕਰਨ ਲੱਗੀ। ਬੇਸ਼ੱਕ, ਤੁਸੀਂ ਦੇਖ ਸਕਦੇ ਹੋ ਕਿ ਇਹ ਕਿਉਂ ਸੀ।

41 ਪਰ ਫਿਰ ਜਦੋਂ ਉਸਦਾ ਪਤੀ ਆਇਆ, ਅਤੇ ਅਸੀਂ ਪ੍ਰਾਰਥਨਾ ਕਰਨ ਲਈ ਕਮਰੇ ਵਿੱਚ ਗੋਡੇ ਟੇਕੇ, ਤਦ ਪਵਿੱਤਰ ਆਤਮਾ ਹੇਠਾਂ ਆਇਆ। ਬਸ ਇਹ ਕੁਝ ਸੀ। ਫਿਰ ਉਹ ਉਸ ਰਾਤ ਉਸਦੇ ਪਤੀ ਨੂੰ ਸੁਪਨੇ ਵਿੱਚ ਪ੍ਰਗਟ ਹੋਇਆ। ਉਹ ਇੱਕ ਸੁਪਨਾ ਲੈ ਕੇ ਵਾਪਸ ਆਇਆ, ਉਸਨੇ ਸੋਚਿਆ ਕਿ ਇਹ ਮਜ਼ਾਕ ਹੈ। ਉਸ ਨੂੰ ਇਹ ਪਤਾ ਲੱਗਿਆ, ਇਹ ਉਸਦੀ ਪਤਨੀ ਦੇ ਇਲਾਜ ਦਾ ਹੀ ਜਵਾਬ ਸੀ। ਪਵਿੱਤਰ ਆਤਮਾ ਨੇ ਇਹ ਕਿਵੇਂ ਕੀਤਾ!

42 ਟਯੂਸਾਨ ਦੇ ਰਾਹ ਤੇ, ਭਾਈ ਨੌਰਮਨ ਅਤੇ ਉਹਨਾਂ ਦੇ ਨਾਲ, ਅਤੇ ਉੱਥੇ ਪ੍ਰਭੂ ਨੇ ਮਹਾਨ, ਸ਼ਕਤੀਸ਼ਾਲੀ ਚੀਜ਼ਾਂ ਅਤੇ ਪ੍ਰਗਟ ਕਰਨ ਵਾਲੀਆਂ ਚੀਜ਼ਾਂ ਨਾਲ ਦੁਬਾਰਾ ਕੰਮ ਕਰਨਾ ਸ਼ੁਰੂ ਕੀਤਾ।

43 ਇਕ ਰਾਤ, ਜਿਸ ਗੱਲ ਨੇ ਮੈਨੂੰ ਇੱਥੇ ਇਸ ਸਿੱਟੇ ਤੇ ਪਹੁੰਚਾਇਆ, ਮੈਂ ਭਾਈ ਵੁੱਡ ਅਤੇ ਭਾਈ ਸੋਥਮੈਨ ਨਾਲ ਖੜ੍ਹਾ ਸੀ। ਅਤੇ ਅਸੀਂ...ਰਾਤ ਦੇ ਦਸ ਵੱਜ ਚੁੱਕੇ ਸਨ, ਅਤੇ ਮੈਂ ਅਸਮਾਨ ਵੱਲ ਦੇਖ ਰਿਹਾ ਸੀ, ਅਤੇ ਮੇਰੇ ਉੱਤੇ ਇੱਕ ਵੱਡਾ ਭੈ ਛਾ ਗਿਆ। ਅਤੇ ਮੈਂ ਕਿਹਾ, “ਜ਼ਰਾ ਦੇਖੋ! ਉਹ ਸਭ ਮਹਾਨ, ਸਵਰਗੀ ਮੇਜ਼ਬਾਨ!” ਅਤੇ ਮੈਂ ਕਿਹਾ, “ਹਰ ਚੀਜ਼ ਪੂਰੀ ਤਰ੍ਹਾਂ ਇਕਸੁਰਤਾ ਵਿਚ ਹੈ।”

44 ਅਤੇ ਭਾਈ ਵੁੱਡ ਨੇ ਕਿਹਾ, “ਦੋ ਛੋਟੇ ਤਾਰਿਆਂ ਨੂੰ ਇਕੱਠੇ ਇੰਨੇ ਨੇੜੇ ਦੇਖਦੇ ਹੋਏ, ਕਿ, ਇਸ ਨਾਲ ਇਹ ਇੱਕ ਰੋਸ਼ਨੀ ਜਿਹਾ ਦਿਖਾਈ ਦੇ ਰਿਹਾ ਸੀ।”

45 ਮੈਂ ਕਿਹਾ, “ਪਰ, ਤੁਸੀਂ ਜਾਣਦੇ ਹੋ, ਭਾਈ ਵੁੱਡ, ਵਿਗਿਆਨ ਦੇ ਅਨੁਸਾਰ, ਉਸ ਸਪਤਰਿਸ਼ੀ ਵਿੱਚ, ਛੋਟੇ ਸਪਤਰਿਸ਼ੀ ਵਿੱਚ, ਵੱਡੇ ਸਪਤਰਿਸ਼ੀ ਵਿੱਚ, ਉਹ ਤਾਰੇ ਆਪਸ ਵਿੱਚ ਦੋ ਇੰਚ ਤੋਂ ਜਿਆਦਾ ਦੂਰ ਨਹੀਂ ਲੱਗਦੇ; ਪਰ ਉਹ ਇੱਕ ਦੂਜੇ ਤੋਂ ਉਸ ਨਾਲੋਂ ਵੀ ਜਿਆਦਾ ਦੂਰ ਹਨ ਜਿੰਨਾ ਅਸੀਂ ਉਹਨਾਂ ਤੋਂ ਹਾਂ। ਅਤੇ ਜੇਕਰ ਉਹ ਇਸ ਧਰਤੀ ਵਲ ਨੂੰ ਆਉਣਾ ਸ਼ੁਰੂ ਕਰਨ, ਹਜ਼ਾਰਾਂ ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ, ਉਨ੍ਹਾਂ ਨੂੰ ਧਰਤੀ ਤੇ ਪਹੁੰਚਣ ਲਈ ਸੈਂਕੜੇ ਅਤੇ ਸੈਂਕੜੇ ਸਾਲ ਲੱਗਣਗੇ।” ਅਤੇ ਮੈਂ ਕਿਹਾ, “ਇੱਥੇ ਇਹ ਸਾਰੀ ਮਹਾਨ, ਵਿਸ਼ਾਲ ਪ੍ਰਣਾਲੀ ਹੈ, ਅਤੇ ਫਿਰ ਵੀ ਉਹ ਸਾਨੂੰ ਦੱਸਦੇ ਹਨ ਕਿ ਉਹ ਦੂਰਬੀਨਾਂ ਰਾਹੀਂ ਦੇਖਦੇ ਹਨ, ਬਾਰਾਂ ਕਰੋੜ ਸਾਲ ਦੇ ਪ੍ਰਕਾਸ਼ ਸਮੇਂ ਨੂੰ ਦੇਖ ਸਕਦੇ ਹੋ, ਉਸ ਜਗ੍ਹਾ ਵਿੱਚ; ਅਤੇ ਉੱਥੇ ਅਜੇ ਵੀ ਚੰਦ ਅਤੇ ਤਾਰੇ ਹਨ। ਅਤੇ—ਅਤੇ, ਫਿਰ ਵੀ, ਪਰਮੇਸ਼ੁਰ ਨੇ ਉਹਨਾਂ ਵਿੱਚੋਂ ਹਰੇਕ ਨੂੰ ਬਣਾਇਆ ਹੈ। ਅਤੇ ਉਹ ਉਹਨਾਂ ਦੇ ਵਿਚਕਾਰ ਬਿਰਾਜਮਾਨ ਹੈ।”

46 ਅਤੇ ਮੈਂ ਕਿਹਾ, “ਉੱਥੇ ਕਿਤੇ, ਮੈਂ ਆਪਣੇ ਆਪ ਨੂੰ ਇਸ਼ਾਰਾ ਕੀਤਾ ਸੀ, ਇੱਕ ਵਾਰ ਇੱਕ ਨਿਗਰਾਨੀ ਕੇਂਦਰ ਵਿੱਚ, ਰਾਸ਼ੀ ਚੱਕਰ ਵਿੱਚ; ਕੁਆਰੀ ਤੋਂ ਸ਼ੁਰੂ ਹੋ ਕੇ, ਕਰਕ ਯੁੱਗ ਵਿੱਚ ਆ ਗਿਆ, ਅਤੇ ਆਖਰੀ ਸਮੇਂ ਤੱਕ ਜਿੱਥੇ ਸਿੰਘ ਸੀ, ਲੀਓ ਸਿੰਘ ਸੀ। ਮਸੀਹ ਦੀ ਪਹਿਲੀ ਆਮਦ, ਕੁਆਰੀ ਦੁਆਰਾ ਸੀ; ਦੂਜੀ ਆਮਦ, ਯਹੂਦਾ ਦੇ ਗੋਤ ਦੇ ਬੱਬਰ ਸ਼ੇਰ ਦੁਆਰਾ ਸੀ।” ਅਤੇ ਮੈਂ ਕਿਹਾ, “ਮੈਂ ਉਸ ਰਾਸ਼ੀ ਚੱਕਰ ਨੂੰ ਦੇਖਣ ਦੀ ਪੂਰੀ ਕੋਸ਼ਿਸ਼ ਕੀਤੀ ਹੈ, ਅਤੇ ਮੈਂ ਇਸਨੂੰ ਨਹੀਂ ਦੇਖ ਸਕਦਾ। ਪਰ, ਫਿਰ ਵੀ, ਇਹ ਉੱਥੇ ਹੈ। ਜਿਨ੍ਹਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ, ਉਹ ਜਾਣਦੇ ਹਨ ਕਿ ਇਹ ਉੱਥੇ ਹੈ। ਅੱਯੂਬ ਨੇ ਦੇਖਿਆ।

ਆਦਮੀ ਇਸ ਨੂੰ ਦੇਖਦੇ ਹੁੰਦੇ ਸਨ। ਇਹ ਕਿਸੇ ਦਿਨ, ਬਾਈਬਲ ਹੋਇਆ ਕਰਦੀ ਸੀ। ਪਰ ਪ੍ਰਕਾਸ਼ ਵਰ੍ਹਿਆਂ ਦੇ ਲੱਖਾਂ ਅਤੇ ਅਰਬਾਂ ਦੇ—ਦੇ ਉਸ ਪੂਰੇ ਵਿਸ਼ਾਲ ਸਮੂਹ ਵਿੱਚ, ਪਰਮੇਸ਼ੁਰ ਇਸ ਸਭ ਦੇ ਵਿਚਕਾਰ ਬਿਰਾਜਮਾਨ ਹੈ, ਅਤੇ ਉਹ ਹੇਠਾਂ ਵੇਖਦਾ ਹੈ। ਪੌਲੁਸ ਉਸ ਵਿੱਚ ਹੈ। ਮੇਰੀ ਮਾਂ ਉਸ ਵਿੱਚ ਹੈ, ਕਿਸੇ ਜਗ੍ਹਾ ਤੋਂ, ਹੇਠਾਂ ਦੇਖ ਰਹੀ ਹੈ।"

47 ਅਤੇ ਮੈਂ ਉਸ ਸਵਰਗੀ ਮੇਜ਼ਬਾਨ ਦੇ ਸਿਲਸਿਲੇ ਬਾਰੇ ਸੋਚਿਆ, ਉਨ੍ਹਾਂ ਵਿੱਚੋਂ ਇੱਕ ਵੀ ਜਗ੍ਹਾ ਤੋਂ ਬਾਹਰ ਨਹੀਂ ਹੈ। ਹਰ ਕੋਈ ਆਪਣੇ ਸਮੇਂ ਤੇ ਪੂਰੀ ਤਰ੍ਹਾਂ, ਕਾਇਮ ਹੈ। ਪਰਮੇਸ਼ੁਰ ਦੀ ਮਹਾਨ ਸੈਨਾ! ਮੈਂ ਸਿਪਾਹੀਆਂ ਬਾਰੇ ਸੋਚਿਆ; ਕੀ ਹੋਵੇਗਾ ਜੇਕਰ ਉਹ ਚੰਦਰਮਾ ਕ੍ਰਮ ਤੋਂ ਬਾਹਰ ਹੋ ਜਾਵੇ, ਕੁਝ ਹੀ ਮਿੰਟਾਂ ਵਿੱਚ, ਧਰਤੀ ਦੁਬਾਰਾ ਪਾਣੀ ਨਾਲ ਢੱਕੀ ਜਾਵੇਗੀ। ਧਰਤੀ ਉਸੇ ਤਰ੍ਹਾਂ ਦੀ ਹੋਵੇਗੀ ਜਦੋਂ ਪਰਮੇਸ਼ੁਰ ਨੇ ਇਸਦੀ ਵਰਤੋਂ ਕਰਨ ਦਾ ਫੈਸਲਾ ਕੀਤਾ ਸੀ, ਕਿ ਸਾਨੂੰ ਇੱਥੇ ਇਸ ਉੱਤੇ ਰੱਖੇ। "ਧਰਤੀ ਬੇਡੌਲ, ਤੇ ਸੁੰਞੀ ਸੀ, ਅਤੇ ਡੂੰਘਿਆਈ ਉੱਤੇ ਅਨ੍ਹੇਰਾ ਸੀ, ਅਤੇ ਧਰਤੀ ਪਾਣੀ ਨਾਲ ਢੱਕੀ ਹੋਈ ਸੀ।" ਅਤੇ ਜੇਕਰ ਉਹ ਚੰਦਰਮਾ ਕਦੇ ਵੀ ਖਿੱਸਕਦਾ ਹੈ, ਤਾਂ ਦੁਬਾਰਾ ਉਹੀ ਕੁਝ ਹੋ ਜਾਵੇਗਾ। ਜਦੋਂ ਚੰਦਰਮਾ ਧਰਤੀ ਤੋਂ ਥੋੜਾ ਜਿਹਾ ਦੂਰ ਜਾਂਦਾ ਹੈ, ਤਾਂ ਲਹਿਰਾਂ ਉੱਪਰ ਆਉਂਦੀਆਂ ਹਨ। ਜਦੋਂ ਇਹ ਦੂਰ ਜਾਂਦਾ ਹੈ, ਬਸ ਲਹਿਰਾਂ ਵੀ ਇਸੇ ਤਰ੍ਹਾਂ ਕਰਦੀਆਂ ਹਨ। ਇਹ ਪਰਮੇਸ਼ੁਰ ਦੀ ਮਹਾਨ ਸੈਨਾ ਹੈ। ਅਤੇ ਜਦੋਂ ਮੈਂ ਇਸ ਬਾਰੇ ਸੋਚਿਆ…ਕਿ ਉੱਥੇ ਪਰਮੇਸ਼ੁਰ ਦੀ ਮਹਾਨ ਸੈਨਾ ਹੈ…

48 ਹੁਣ, ਅਸੀਂ ਸੌਣ ਲਈ ਚਲੇ ਗਏ। ਅਤੇ ਫਿਰ ਮੈਂ ਸੋਚਣਾ ਸ਼ੁਰੂ ਕਰ ਦਿੱਤਾ ਕਿ ਉਨ੍ਹਾਂ ਵਿੱਚੋਂ ਇੱਕ ਵੀ ਆਪਣੀ ਜਗ੍ਹਾ ਤੋਂ ਨਹੀਂ ਹਟਦਾ। ਉਹ ਸਾਰੇ ਜਗ੍ਹਾ ਤੇ ਡਟੇ ਹੋਏ ਹਨ। ਅਤੇ ਜੇਕਰ ਉਹਨਾਂ ਵਿੱਚੋਂ, ਕਿਤੇ ਵੀ, ਕੋਈ ਖਿਸਕ ਜਾਂਦਾ ਹੈ, ਤਾਂ ਇਹ ਇੱਕ ਕਾਰਨ ਲਈ ਹੈ, ਅਤੇ ਇਸ ਧਰਤੀ ਨੂੰ ਪ੍ਰਭਾਵਿਤ ਕਰੇਗਾ। ਅਸੀਂ ਹੁਣੇ ਹੀ ਇਸਦੇ ਨਤੀਜੇ ਦੇਖ ਰਹੇ ਹਾਂ, ਉਹਨਾਂ ਵਿੱਚੋਂ ਕੁਝ ਦੇ ਦੂਜੇ ਸਥਾਨਾਂ ਵਿੱਚ ਖਿਸਕਣ ਕਰਕੇ। ਇਹ ਪ੍ਰਭਾਵਸ਼ਾਲੀ ਹੈ। ਇਹ ਹਰ ਚੀਜ਼ ਨੂੰ ਪ੍ਰਭਾਵਿਤ ਕਰਦਾ ਹੈ।

49 ਅਤੇ ਮੈਂ ਸੋਚਿਆ, ਤਦ, ਜੇ ਉਸ ਮਹਾਨ ਸਵਰਗੀ ਸੈਨਾ ਨੂੰ, ਇਸ ਤਰ੍ਹਾਂ, ਆਪਣੀ ਜਗ੍ਹਾ ਤੇ ਕਾਇਮ ਰਹਿਣਾ ਹੈ, ਹਰ ਚੀਜ਼ ਨੂੰ ਕ੍ਰਮਬੱਧ ਬਣਾਉਣ ਲਈ, ਤਾਂ ਧਰਤੀ ਦੀ ਸੈਨਾ ਦੀ ਬੇਤਰਤੀਬੀ ਬਾਰੇ ਕੀ ਹੈ? ਕਿਵੇਂ, ਜਦੋਂ ਇੱਕ ਵੀ ਕ੍ਰਮ ਤੋਂ ਬਾਹਰ ਹੋ ਜਾਂਦਾ ਹੈ, ਤਾਂ ਇਹ ਕਿਵੇਂ ਪੂਰੀ ਚੀਜ਼ ਨੂੰ ਵਿਵਸਥਾ ਵਿੱਚ ਬਾਹਰ ਸੁੱਟ ਦਿੰਦਾ ਹੈ! ਇਕ ਮੈਂਬਰ ਦੇ ਬਾਹਰ ਹੋਣ ਤੇ ਪਰਮੇਸ਼ੁਰ ਦਾ ਸਾਰਾ ਪ੍ਰੋਗਰਾਮ

ਭੰਗ ਹੋ ਜਾਂਦਾ ਹੈ। ਸਾਨੂੰ ਲਗਾਤਾਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਆਤਮਾ ਦੀ ਵਿਵਸਥਾ ਨੂੰ ਕਾਇਮ ਰੱਖਿਆ ਜਾਵੇ।

50 ਅਤੇ ਮੈਂ, ਅੱਜ ਸਵੇਰੇ, ਪਰਮੇਸ਼ੁਰ ਨੂੰ, ਕਿ ਅਸੀਂ ਇਸਨੂੰ ਇੱਕ ਅਸਲੀ ਚੰਗਾਈ ਸਭਾ ਵਿੱਚ ਲਿਆਵਾਂਗੇ, ਕਿ ਅਸੀਂ ਇਸ ਹਿੱਸੇ ਨੂੰ ਰੱਖ ਸਕਦੇ ਹਾਂ... ਸਮੂਹ ਜਿਸਨੂੰ ਅਸੀਂ ਅੱਜ ਸਵੇਰੇ ਛੱਤ ਹੇਠ ਇਕੱਠਾ ਕੀਤਾ ਹੈ, ਅਜਿਹੀ ਇਕਸੁਰਤਾ ਵਿੱਚ, ਕਿ ਪਵਿੱਤਰ ਆਤਮਾ ਦੇਹ ਦੇ ਹਰੇਕ ਅੰਗ ਨੂੰ ਉਸ ਦੀ ਜਗ੍ਹਾ ਉੱਤੇ ਰੱਖੇਗਾ, ਇਹ ਅੱਜ ਸਵੇਰੇ ਇੱਥੇ ਹੈ, ਅਜਿਹੀ ਇਕਸੁਰਤਾ ਵਿੱਚ, ਇੱਥੋਂ ਤੱਕ ਕਿ ਆਤਮਾ ਅਤੇ ਸਰੀਰ ਦਾ ਅਜਿਹੀ ਸਹਿਜਤਾ ਨਾਲ ਇਲਾਜ ਹੋ ਜਾਵੇ, ਜੇ ਅਸੀਂ ਸਿਰਫ ਆਪਣੀਆਂ ਅਹੁਦਿਆਂ ਨੂੰ ਸੰਭਾਲਾਂਗੇ।

51 ਹੁਣ, ਜਿਵੇਂ ਮੈਂ ਸ਼ੁਰੂਆਤ ਵਿਚ ਕਿਹਾ ਸੀ, ਇਹ ਔਰਤ ਜਿਸ ਨੂੰ ਕੈਂਸਰ ਸੀ ਜਿਸ ਡਾਕਟਰ ਹੋਲਬਰੂਕ...ਕੱਟਣ ਜਾ ਰਿਹਾ ਸੀ। ਹੁਣ, ਉਹ ਪਰਮੇਸ਼ੁਰ ਜਿਸ ਨੇ ਉਸ ਦਵਾਖਾਣੇ ਵਿੱਚ ਫੜਫੜਾਉਂਦੀ ਅਵਾਜ ਭੇਜੀ, ਅਤੇ ਬਿਨਾਂ ਨਿਸ਼ਾਨ ਛੱਡੇ ਉਸ ਕੈਂਸਰ ਨੂੰ ਲੈ ਲਿਆ, ਕੀ ਤੁਸੀਂ ਨਹੀਂ ਜਾਣਦੇ ਕਿ ਉਹੀ ਪਰਮੇਸ਼ੁਰ ਇੱਥੇ ਹੈ? ਅਤੇ ਸਿਰਫ ਉਹੀ ਚੀਜ਼ ਜਿਸਦੀ ਉਹ ਉਡੀਕ ਕਰ ਰਿਹਾ ਹੈ, ਕਿ ਉਸਦੀ—ਉਸਦੀ ਸੈਨਾ ਆਪਣੀ ਜਗ੍ਹਾ ਸੰਭਾਲ ਲਵੇ, ਤਾਰਿਆਂ ਵਾਂਗ, ਜਗ੍ਹਾ ਲੈ ਲਵੇ।

52 ਹੁਣ, ਕੀ ਤੁਸੀਂ ਜਾਣਦੇ ਹੋ, ਸਾਡੇ ਕੋਲ ਲੜਾਈਆਂ ਤੋਂ ਬਾਅਦ ਲੜਾਈਆਂ ਸਨ, ਅਤੇ ਲੜਾਈਆਂ ਦੀਆਂ ਅਫਵਾਹਾਂ? ਅਤੇ ਜੇ ਧਰਤੀ ਖੜੀ ਰਹਿੰਦੀ ਹੈ, ਤਾਂ ਸਾਡੇ ਕੋਲ ਹੋਰ ਬਹੁਤ ਸਾਰੀਆਂ ਲੜਾਈਆਂ ਹੋਣਗੀਆਂ। ਪਰ ਕੀ ਤੁਸੀਂ ਜਾਣਦੇ ਹੋ ਕਿ ਸਾਰੇ ਬ੍ਰਹਿਮੰਡਲ ਵਿੱਚ ਅਸਲ ਵਿੱਚ ਸਿਰਫ਼ ਦੋ ਸ਼ਕਤੀਆਂ ਹਨ? ਦੇਸ਼ਾਂ ਵਿਚਕਾਰ ਸਾਡੇ ਸਾਰੇ ਮਤਭੇਦ, ਅਤੇ ਇੱਕ ਦੂਜੇ ਦੇ ਵਿਚਕਾਰ ਮਤਭੇਦ, ਅਤੇ ਹਰੇਕ ਚੀਜ਼, ਇਹ ਸਭ ਦੋ ਸ਼ਕਤੀਆਂ ਵਿੱਚ ਇਕੱਠਾ ਹੁੰਦਾ ਹੈ। ਇੱਥੇ ਸਿਰਫ਼ ਦੋ ਸ਼ਕਤੀਆਂ ਹਨ, ਅਤੇ ਸਿਰਫ਼ ਦੋ ਰਾਜ ਹਨ; ਦੋ ਸ਼ਕਤੀਆਂ, ਅਤੇ ਦੋ ਰਾਜ। ਬਾਕੀ ਸਾਰੀਆਂ, ਛੋਟੀਆਂ ਛੋਟੀਆਂ ਚੀਜ਼ਾਂ, ਇਹਨਾਂ ਵਿੱਚੋਂ ਕਿਸੇ ਇੱਕ ਸ਼ਕਤੀ ਨਾਲ ਜੁੜੀਆਂ ਹੋਈਆਂ ਹਨ। ਅਤੇ ਉਹ ਸ਼ਕਤੀਆਂ ਪਰਮੇਸ਼ੁਰ ਦੀ ਸ਼ਕਤੀ ਅਤੇ ਸ਼ੈਤਾਨ ਦੀ ਸ਼ਕਤੀ ਹੈ। ਇਹੀ ਹੈ...ਹਰੇਕ ਜੰਗ, ਹਰੇਕ ਅਰਾਜਕਤਾ, ਹਰੇਕ ਚੀਜ਼ ਜੋ ਇਸ ਦੇ ਨਾਲ ਆਉਂਦੀ ਹੈ, ਇਹ ਜਾਂ ਤਾਂ ਪਰਮੇਸ਼ੁਰ ਦੀ ਸ਼ਕਤੀ ਦੁਆਰਾ ਨਿਯੰਤਰਿਤ ਹੈ ਜਾਂ ਸ਼ੈਤਾਨ ਦੀ ਸ਼ਕਤੀ ਦੁਆਰਾ, ਕਿਉਂਕਿ ਇਹ ਸਿਰਫ ਦੋ ਸ਼ਕਤੀਆਂ ਹਨ। ਅਤੇ ਇਹ ਜੀਵਨ ਦੀ ਸ਼ਕਤੀ ਅਤੇ ਮੌਤ ਦੀ ਸ਼ਕਤੀ ਹੈ। ਹੁਣ, ਕੇਵਲ ਇਹੀ ਦੋ ਸ਼ਕਤੀਆਂ ਹਨ।

53 ਅਤੇ ਸ਼ੈਤਾਨ ਸਿਰਫ਼ ਇਹੀ ਕਰ ਸਕਦਾ ਹੈ...ਉਸਦੀ ਸ਼ਕਤੀ, ਜੋ ਉਸ ਕੋਲ ਹੈ, ਉਹ ਪਰਮੇਸ਼ੁਰ ਦੀ ਸ਼ਕਤੀ ਦਾ ਵਿਗੜਿਆ ਹੋਇਆ ਰੂਪ ਹੈ। ਇਹ ਕੋਈ ਅਸਲੀ ਸ਼ਕਤੀ ਨਹੀਂ ਹੈ। ਇਹ ਪਰਮੇਸ਼ੁਰ ਦੀ ਸ਼ਕਤੀ ਦਾ ਵਿਗਾੜ ਹੈ, ਉਹ ਸਭ ਕੁਝ ਜੋ ਸ਼ੈਤਾਨ ਕੋਲ ਹੈ। ਮੌਤ ਕੇਵਲ ਜੀਵਨ ਦਾ ਵਿਗੜਿਆ ਹੋਇਆ ਰੂਪ ਹੈ। ਇੱਕ ਝੂਠ ਸਿਰਫ ਸੱਚ ਨੂੰ ਗਲਤ ਤਰੀਕੇ ਨਾਲ ਦੱਸਿਆ ਜਾਣਾ ਹੈ। ਸਮਝੇ? ਵਿਭਚਾਰ ਇੱਕ—ਇੱਕ ਕਿਰਿਆ ਦੀ ਦੁਰਵਰਤੋਂ ਹੈ, ਇੱਕ ਧਰਮੀ ਕੰਮ ਦੀ ਦੁਰਵਰਤੋਂ ਹੈ। ਸਮਝੇ? ਸ਼ੈਤਾਨ ਕੋਲ ਜੋ ਕੁਝ ਵੀ ਹੈ ਉਹ ਕੁਝ ਅਜਿਹਾ ਹੈ ਜੋ ਵਿਗੜਿਆ ਹੋਇਆ ਹੈ, ਪਰ ਇਹ ਇੱਕ ਸ਼ਕਤੀ ਹੈ।

54 ਅਤੇ ਅਸੀਂ, ਅੱਜ, ਇੱਥੇ ਬੈਠੇ ਹੋਏ ਹਾਂ, ਅਤੇ ਇੱਕ ਜਾਂ ਦੂਜੀ ਸ਼ਕਤੀ ਸਾਨੂੰ ਨਿਯੰਤਰਿਤ ਕਰਨ ਜਾ ਰਹੀ ਹੈ। ਇਸ ਲਈ ਆਓ ਦੁਸ਼ਟ ਨੂੰ ਬਾਹਰ ਕੱਢ ਦੇਈਏ। ਆਉ ਅਸਮਾਨ ਦੇ ਤਾਰਿਆਂ ਵਾਂਗ ਆਪਣੀ ਜਗ੍ਹਾ ਨੂੰ ਲੈ ਲਈਏ।

55 ਜਿਵੇਂ ਬਾਈਬਲ ਕਹਿੰਦੀ ਹੈ, "ਭਟਕਦੇ ਤਾਰੇ," ਯਹੂਦਾਹ ਦੀ ਕਿਤਾਬ ਵਿੱਚ, "ਜੋ ਆਪਣੀ ਸ਼ਰਮਿੰਦਗੀ ਦੀ ਝੱਗ ਉਛਾਲਦੇ ਹਨ।" ਅਤੇ ਅਸੀਂ ਭਟਕਦੇ ਤਾਰੇ ਨਹੀਂ ਬਣਨਾ ਚਾਹੁੰਦੇ; ਹੈਰਾਨ ਹੋ ਕਿ ਕੀ *ਇਹ* ਸਹੀ ਹੈ, ਹੈਰਾਨ ਹੋ ਕਿ ਕੀ *ਉਹ* ਸਹੀ ਹੈ, ਹੈਰਾਨ ਹੋ ਕੀ *ਇਹ* ਹੋਵੇਗਾ, ਹੈਰਾਨੀ ਹੈ ਕਿ ਕੀ... ਇਹ ਕਿਵੇਂ ਹੋ ਸਕਦਾ ਹੈ। ਭਟਕਣਾ ਨਹੀਂ। ਆਸਮਾਨ ਦੇ ਉਨ੍ਹਾਂ ਤਾਰਿਆਂ ਵਾਂਗ ਰਹੋ, ਅਸਲ ਸਿਪਾਹੀ ਵਾਂਗ ਆਪਣੇ ਕਰਤੱਵ ਦੇ ਸਥਾਨ ਤੇ। ਉੱਥੇ ਖਲੋ ਜਾਓ, ਵਿਸ਼ਵਾਸ ਕਰਦੇ ਹੋਏ! ਜੀਵਨ ਅਤੇ ਮੌਤ।

56 ਹੁਣ, ਇੱਕ ਫੌਜ, ਜਦੋਂ ਅਸਲ ਵਿੱਚ ਇੱਕ ਫੌਜ, ਜੱਦ ਇੱਕ ਦੇਸ਼ ਦੂਜੇ ਦੇਸ਼ ਵਿਰੁੱਧ ਜਾਣ ਲਈ ਤਿਆਰੀ ਕਰਦਾ ਹੈ, ਇਸ ਨੂੰ ਪਹਿਲਾਂ ਤੈਅ ਕਰਨਾ ਚਾਹੀਦਾ ਹੈ ਅਤੇ ਪਤਾ ਲਗਾਉਣਾ ਚਾਹੀਦਾ ਹੈ ਕਿ ਕੀ ਸਹੀ ਹੈ ਅਤੇ ਕੀ ਗਲਤ ਹੈ, ਅਤੇ ਕੀ ਉਹ ਅਗਲੇ ਦੇਸ਼ ਦੇ ਵਿਰੁੱਧ ਜਾਣ ਦੇ ਯੋਗ ਹਨ ਜਾਂ ਨਹੀਂ। ਯਿਸੂ ਨੇ ਇਹ ਸਿਖਾਇਆ ਸੀ। ਅਤੇ ਜੇ ਲੋਕ ਅਜਿਹਾ ਕਰਨਗੇ, ਜੇ ਦੇਸ਼ ਬੈਠਕ— ਬੈਠਕ ਕਰਣਗੇ, ਅਤੇ ਰੁਕਣਗੇ ਅਤੇ ਉਨ੍ਹਾਂ ਗੱਲਾਂ ਤੇ ਵਿਚਾਰ ਕਰਣਗੇ, ਦੋਵੇਂ ਪਾਸੇ, ਸਾਡੇ ਕੋਲ ਹੋਰ ਜੰਗ ਨਹੀਂ ਹੋਵੇਗੀ।

57 ਹੁਣ, ਸਾਨੂੰ ਪਤਾ ਚਲਦਾ ਹੈ, ਜੇ ਕੋਈ ਆਦਮੀ ਅਜਿਹਾ ਨਹੀਂ ਕਰਦਾ, ਜੇ ਦੇਸ਼ ਦੇ ਫੌਜੀ ਮੁਖੀ ਪਹਿਲਾਂ, ਬੈਠਕ ਨਹੀਂ ਕਰਦੇ, ਅਤੇ ਪਤਾ ਨਹੀਂ ਲਗਾਉਂਦੇ ਅਤੇ ਨਹੀਂ ਦੇਖਦੇ ਕਿ ਉਹ ਸਹੀ ਹਨ, ਅਤੇ ਉਹਨਾਂ ਦੇ ਇਰਾਦੇ ਅਤੇ ਉਦੇਸ਼ ਸਹੀ ਹਨ, ਅਤੇ ਕੀ ਉਹਨਾਂ ਕੋਲ ਅਗਲੀ ਫੌਜ ਨੂੰ ਹਰਾਉਣ ਲਈ ਲੋੜੀਂਦੀ ਤਾਕਤ ਅਤੇ ਸ਼ਕਤੀ ਹੈ, ਤਾਂ ਉਹਨਾਂ ਦੀ ਹਾਰ ਯਕੀਨੀ ਹੈ।

58 ਇਹ ਉਹ ਥਾਂ ਹੈ ਜਿੱਥੇ ਜਨਰਲ ਕਸਟਰ ਨੇ ਆਪਣੀ ਘਾਤਕ ਗਲਤੀ ਕੀਤੀ ਸੀ। ਜਨਰਲ ਕਸਟਰ ਕੋਲ, ਜਿਵੇਂ ਮੈਂ ਸਮਝਦਾ ਹਾਂ, ਸਰਕਾਰ ਵੱਲੋਂ ਹੁਕਮ ਸਨ, ਸਿਓਕਸ ਦੀ ਧਰਤੀ ਵਿੱਚ ਨਾ ਜਾਣ ਲਈ, ਕਿਉਂਕਿ ਇਹ ਉਨ੍ਹਾਂ ਲਈ ਧਾਰਮਿਕ ਸਮਾਂ ਸੀ। ਇਹ ਅਰਾਧਣਾ ਦਾ ਸਮਾਂ ਸੀ। ਉਹ ਤਿਉਹਾਰ ਮਨਾ ਰਹੇ ਸਨ। ਪਰ ਕਸਟਰ ਸ਼ਰਾਬੀ ਹੋ ਗਿਆ, ਅਤੇ ਉਸਨੇ ਸੋਚਿਆ ਕਿ ਉਹ ਇਸ ਨੂੰ ਕਿਸੇ ਵੀ ਤਰ੍ਹਾਂ ਕਰੇਗਾ। ਉਹ ਪਾਰ ਕਰੇਗਾ, ਭਾਵੇਂ ਇਹ ਕਰਨ ਦਾ ਹੁਕਮ ਸੀ ਜਾਂ ਨਹੀਂ। ਅਤੇ ਫਿਰ ਉਹਨਾਂ ਨੇ ਅਸਲ ਵਿੱਚ ਕੁਝ ਨਿਰਦੋਸ਼ ਆਦਮੀਆਂ ਨੂੰ ਗੋਲੀ ਮਾਰ ਦਿੱਤੀ, ਉਹਨਾਂ ਤੇ ਗੋਲੀ ਚਲਾਈ। ਮੈਂ ਸੋਚਦਾ ਹਾਂ ਕਿ ਉਨ੍ਹਾਂ ਨੇ ਉਨ੍ਹਾਂ ਵਿੱਚੋਂ ਕੁਝ ਨੂੰ ਮਾਰਿਆ। ਇਹ ਸੇਵਾਦਾਰ ਸਨ, ਬਾਹਰ, ਭੋਜਨ ਲੱਭ ਰਹੇ ਸਨ, ਆਪਣੇ—ਆਪਣੇ ਲੋਕਾਂ ਨੂੰ ਖੁਆਉਣ ਲਈ ਜੱਦ ਉਹ ਅਰਾਧਨਾ ਵਿੱਚ ਸਨ। ਅਤੇ ਕਸਟਰ ਨੇ, ਪਾਰ ਕਰਦੇ ਹੋਏ, ਉਹਨਾਂ ਨੂੰ ਦੇਖਿਆ, ਅਤੇ ਸੋਚਿਆ ਕਿ ਉਹ ਉਹਨਾਂ ਦੇ ਪਿੱਛੇ ਹਨ, ਅਤੇ ਇਸ ਲਈ ਉਹਨਾਂ ਨੇ ਇਹਨਾਂ ਸੇਵਾਦਾਰਾਂ ਉੱਤੇ ਗੋਲੀ ਚਲਾ ਦਿੱਤੀ। ਅਤੇ ਇਹ ਸੇਵਾਦਾਰ ਬਚ ਗਏ, ਵਾਪਸ ਚਲੇ ਗਏ। ਉਨ੍ਹਾਂ ਨੇ ਕੀ ਕੀਤਾ? ਉਹ ਆਪਣੇ ਆਪ ਨੂੰ ਹਥਿਆਰਬੰਦ ਕੀਤਾ, ਅਤੇ ਇੱਥੇ ਵਾਪਸ ਆ ਗਏ। ਅਤੇ ਇਹ ਜਨਰਲ ਕਸਟਰ ਦਾ ਅੰਤ ਸੀ, ਕਿਉਂਕਿ ਉਸਨੇ ਪਹਿਲਾਂ, ਬੈਠ ਕੇ ਨਹੀਂ ਸੋਚਿਆ।

59 ਉਸ ਦਾ ਉੱਥੇ ਕੋਈ ਕੰਮ ਨਹੀਂ ਸੀ। ਉਸ ਨੂੰ ਉੱਥੇ ਹੋਣ ਦਾ ਕੋਈ ਹੱਕ ਨਹੀਂ ਸੀ। ਉਸਨੇ ਪੂਰਬੀ ਤੱਟ ਤੋਂ ਇੰਡੀਅਨ ਲੋਕਾਂ ਨੂੰ, ਪੱਛਮ ਤਕ ਧੱਕ ਦਿੱਤਾ ਸੀ, ਕਿਸੇ ਤਰ੍ਹਾਂ। ਅਤੇ ਉਨ੍ਹਾਂ ਕੋਲ ਇੱਕ ਸੰਧੀ ਸੀ, ਪਰ ਉਸਨੇ ਸੰਧੀ ਤੋੜ ਦਿੱਤੀ। ਅਤੇ ਜਦੋਂ ਉਸਨੇ ਸੰਧੀ ਤੋੜੀ, ਤਾਂ ਉਹ ਲੜਾਈ ਹਾਰ ਗਿਆ।

60 ਅਤੇ ਇਸ ਲਈ ਇੱਕ ਫੌਜ, ਪਹਿਲਾਂ, ਲੜਾਈ ਲਈ ਤਿਆਰ ਹੋਣ ਲਈ, ਪਹਿਲਾਂ ਉਨ੍ਹਾਂ ਕੋਲ ਕੁਝ ਚੁਣੇ ਹੋਏ, ਕੁਝ ਸਿਪਾਹੀ ਹੋਣੇ ਚਾਹੀਦੇ ਹਨ। ਉਨ੍ਹਾਂ ਨੇ ਲੜਾਈ ਲਈ ਕੱਪੜੇ ਪਹਿਨੇ ਹੋਣੇ ਚਾਹੀਦੇ ਹਨ। ਉਨ੍ਹਾਂ ਕੋਲ ਲੜਨ ਲਈ ਸਿਖਲਾਈ ਹੋਣੀ ਚਾਹੀਦੀ ਹੈ।

61 ਅਤੇ ਮੇਰਾ ਮੰਨਣਾ ਹੈ ਕਿ ਸਭ ਤੋਂ ਵੱਡੀ ਜੰਗ ਜੋ ਕਦੇ ਲੜੀ ਗਈ, ਹੁਣ ਹਰਕਤ ਵਿੱਚ ਆਉਣ ਲਈ ਤਿਆਰ ਹੈ। ਮੇਰਾ ਮੰਨਣਾ ਹੈ ਕਿ ਪਰਮੇਸ਼ੁਰ ਆਪਣੇ ਸਿਪਾਹੀਆਂ ਨੂੰ ਚੁਣ ਰਿਹਾ ਹੈ। ਮੇਰਾ ਮੰਨਣਾ ਹੈ ਕਿ ਉਹ ਉਨ੍ਹਾਂ ਨੂੰ ਪਹਿਰਾਵਾ ਦੇ ਰਿਹਾ ਹੈ, ਉਨ੍ਹਾਂ ਨੂੰ ਸਿਖਲਾਈ ਦੇ ਰਿਹਾ ਹੈ। ਅਤੇ ਲੜਾਈ ਦਾ ਮੋਰਚਾ ਹੁਣ ਤਿਆਰ ਹੈ, ਸ਼ੁਰੂ ਕਰਨ ਲਈ ਤਿਆਰ ਹੋ ਰਿਹਾ ਹੈ।

62 ਇਹ ਮਹਾਨ, ਪਹਿਲੀ ਲੜਾਈ ਜੋ ਕਦੇ ਲੜੀ ਗਈ ਸੀ, ਸਵਰਗ ਵਿੱਚ ਸ਼ੁਰੂ ਹੋਈ, ਜਦੋਂ ਮੀਕਾਏਲ ਅਤੇ ਉਸਦੇ ਦੂਤ ਲੂਸੀਫਰ ਅਤੇ ਉਸਦੇ ਦੂਤਾਂ ਦੇ

ਵਿਰੁੱਧ ਲੜੇ। ਇਹ ਪਹਿਲਾਂ ਸ਼ੁਰੂ ਹੋਈ, ਪਹਿਲੀ ਲੜਾਈ ਸਵਰਗ ਵਿੱਚ ਸੀ। ਇਸ ਲਈ, ਪਾਪ ਦੀ ਸ਼ੁਰੂਆਤ ਧਰਤੀ ਉੱਤੇ ਨਹੀਂ ਹੋਈ, ਇਸ ਦੀ ਸ਼ੁਰੂਆਤ ਸਵਰਗ ਵਿੱਚ ਹੋਈ ਸੀ।

63 ਅਤੇ ਫਿਰ ਇਹ ਸਵਰਗ ਤੋਂ ਹੇਠਾਂ ਸੁੱਟਿਆ ਗਿਆ, ਸਵਰਗ ਤੋਂ ਬਾਹਰ ਕੱਢ ਦਿੱਤਾ ਗਿਆ, ਧਰਤੀ ਉੱਤੇ ਸੁੱਟਿਆ ਗਿਆ, ਅਤੇ ਮਨੁੱਖਾਂ ਉੱਤੇ ਡਿੱਗ ਪਿਆ। ਫਿਰ ਲੜਾਈ, ਦੂਤਾਂ ਤੋਂ, ਮਨੁੱਖੀ ਲੜਾਈ ਬਣ ਜਾਂਦੀ ਹੈ। ਅਤੇ ਸ਼ੈਤਾਨ ਪਰਮੇਸ਼ੁਰ ਦੀ ਰਚਨਾ ਨੂੰ ਨਸ਼ਟ ਕਰਨ ਲਈ ਆਉਂਦਾ ਹੈ, ਜਿਸ ਨੂੰ ਪਰਮੇਸ਼ੁਰ ਨੇ ਆਪਣੇ ਲਈ ਬਣਾਇਆ ਸੀ। ਉਸ ਕੋਲ, ਸ਼ੈਤਾਨ, ਇਸ ਨੂੰ ਨਸ਼ਟ ਕਰਨ ਲਈ ਆਇਆ ਸੀ। ਇਹੀ ਉਸਦਾ ਮਕਸਦ ਸੀ, ਇਸਨੂੰ ਨਸ਼ਟ ਕਰਨਾ ਸੀ। ਫਿਰ ਲੜਾਈ ਇੱਥੇ ਧਰਤੀ ਉੱਤੇ ਸ਼ੁਰੂ ਹੁੰਦੀ ਹੈ, ਅਤੇ ਸਾਡੇ ਵਿੱਚ ਸ਼ੁਰੂ ਹੁੰਦੀ ਹੈ, ਅਤੇ ਉਦੋਂ ਤੋਂ ਹੀ ਜੋਰਦਾਰ ਹੁੰਦੀ ਜਾ ਰਹੀ ਹੈ।

64 ਹੁਣ, ਇਸ ਤੋਂ ਪਹਿਲਾਂ ਕਿ ਕੋਈ ਵੀ ਲੜਾਈ ਲੜੀ ਜਾ ਸਕੇ, ਉਨ੍ਹਾਂ ਨੂੰ ਪਹਿਲਾਂ ਇੱਕ ਟਾਕਰੇ ਲਈ ਮੈਦਾਨ ਚੁਣਨਾ ਪੈਂਦਾ ਹੈ, ਜਾਂ ਇੱਕ ਜਗ੍ਹਾ ਜਿੱਥੇ ਲੜਾਈ ਲੜਨੀ ਹੈ, ਇੱਕ ਚੁਣੀ ਹੋਈ ਜਗ੍ਹਾ।

65 ਪਹਿਲੇ ਵਿਸ਼ਵ ਯੁੱਧ ਵਿੱਚ, ਇਹ ਇਸ ਤਰ੍ਹਾਂ ਰੱਖਿਆ ਗਿਆ ਸੀ, ਇੱਕ ਨੋ-ਮੈਨਜ਼-ਲੈਂਡ ਜਾਨੀ ਸਾਂਝਾ ਖੇਤਰ ਅਤੇ ਉਹ ਸਥਾਨ ਜਿੱਥੇ ਉਹ ਲੜੇ ਸਨ। ਅਤੇ ਉਹਨਾਂ ਕੋਲ ਇੱਕ ਚੁਣਿਆ ਹੋਇਆ ਸਥਾਨ ਹੋਣਾ ਚਾਹੀਦਾ ਹੈ।

66 ਜਿਵੇਂ ਜਦੋਂ ਇਜ਼ਰਾਈਲ ਫਲਿਸਤੀਆਂ ਨਾਲ ਯੁੱਧ ਕਰਨ ਗਿਆ ਸੀ, ਜਿੱਥੇ ਉਹ ਇਕੱਠੇ ਹੋਏ ਸਨ ਉਸ ਦੇ ਹਰੇਕ ਪਾਸੇ ਇੱਕ—ਇੱਕ—ਇੱਕ ਪਹਾੜੀ ਸੀ। ਅਤੇ ਇਹ ਉਹ ਥਾਂ ਹੈ ਜਿੱਥੇ ਗੋਲੀਅਥ ਬਾਹਰ ਆਇਆ ਅਤੇ ਇਸਰਾਏਲ ਦੀਆਂ ਫ਼ੌਜਾਂ ਨੂੰ ਲਲਕਾਰਿਆ। ਇਹ ਉਹ ਥਾਂ ਹੈ ਜਿੱਥੇ ਦਾਉਦ ਨੇ ਉਸਦਾ ਸਾਹਮਣਾ ਕੀਤਾ ਸੀ, ਵਾਦੀ ਵਿੱਚ, ਜਦੋਂ ਉਸ ਨੇ ਦੋ ਪਹਾੜੀਆਂ ਦੇ ਵਿਚਕਾਰ ਵਗਦੀ ਛੋਟੀ ਨਦੀ ਨੂੰ ਪਾਰ ਕੀਤਾ, ਉਸਨੇ ਪੱਥਰ ਚੁੱਕ ਲਏ।

67 ਉੱਥੇ ਇੱਕ ਚੁਣਿਆ ਹੋਇਆ ਸਥਾਨ ਹੋਣਾ ਚਾਹੀਦਾ ਹੈ। ਅਤੇ ਇਸ ਵਿੱਚ, ਇੱਕ—ਇੱਕ ਸਾਂਝਾ ਮੈਦਾਨ, ਨੋ-ਮੈਨਜ਼-ਲੈਂਡ ਜਾਨੀ ਸਾਂਝਾ ਖੇਤਰ ਹੋਣਾ ਚਾਹੀਦਾ ਹੈ, ਅਤੇ ਉਹ *ਇੱਥੇ* ਇਸ ਸਥਾਨ ਤੇ ਲੜਦੇ ਹਨ। ਉਹ ਇਸ ਤਰ੍ਹਾਂ ਨਹੀਂ ਕਰਦੇ, ਕਿ ਇੱਕ *ਇੱਥੇ* ਲੜ ਰਿਹਾ ਹੈ, ਅਤੇ ਇੱਕ *ਇੱਥੇ*, ਅਤੇ ਇੱਕ *ਇੱਥੇ* ਦੌੜ ਰਿਹਾ ਹੈ। ਇੱਕ ਲੜਾਈ ਦਾ ਮੋਰਚਾ ਹੈ ਜਿੱਥੇ ਉਨ੍ਹਾਂ ਦਾ ਟਾਕਰਾ ਹੁੰਦਾ ਹੈ ਅਤੇ ਉਹ ਆਪਣੀਆਂ ਸ਼ਕਤੀਆਂ ਦੀ ਪਰਖ ਕਰਦੇ ਹਨ, ਜਿੱਥੇ ਹਰੇਕ ਫੌਜ ਦੂਜੀ ਫੌਜ ਦੇ ਵਿਰੁੱਧ ਆਪਣੀ ਤਾਕਤ ਦੀ ਪਰਖ ਕਰਦੀ ਹੈ, ਟਾਕਰੇ ਲਈ ਇੱਕ ਸਾਂਝਾ ਸਥਾਨ। ਹੁਣ, ਇਸ ਤੋਂ (ਸਮਝਣ ਤੋਂ) ਖੁੰਝ ਨਾ ਜਾਣਾ।

68 ਜਦੋਂ ਧਰਤੀ ਉੱਤੇ ਇਹ ਮਹਾਨ ਲੜਾਈ ਸ਼ੁਰੂ ਹੋਈ, ਤਾਂ ਇੱਕ ਆਪਸੀ ਟਾਕਰੇ ਲਈ ਇੱਕ ਸਥਾਨ ਹੋਣਾ ਚਾਹੀਦਾ ਸੀ। ਲੜਾਈ ਸ਼ੁਰੂ ਕਰਨ ਲਈ, ਅਤੇ ਲੜਾਈ ਦੇ ਘਮਸਾਣ ਲਈ ਇੱਕ ਜਗ੍ਹਾ ਚੁਣੀ ਜਾਣੀ ਸੀ। ਅਤੇ ਉਹ ਲੜਾਈ ਦਾ ਮੈਦਾਨ ਮਨੁੱਖੀ ਦਿਮਾਗ ਵਿੱਚ ਸ਼ੁਰੂ ਹੋਇਆ। ਉੱਥੇ ਹੀ ਲੜਾਈ ਸ਼ੁਰੂ ਹੁੰਦੀ ਹੈ। ਮਨੁੱਖੀ ਦਿਮਾਗ ਨੂੰ ਲੜਾਈ ਦੇ ਮੈਦਾਨ ਲਈ ਚੁਣਿਆ ਗਿਆ ਸੀ, ਜਿੱਥੇ ਇਹ ਸ਼ੁਰੂ ਹੋਈ ਸੀ, ਅਤੇ ਇਹ ਇਸ ਲਈ ਹੈ ਕਿਉਂਕਿ ਫੈਸਲੇ ਦਿਮਾਗ, ਸਿਰ ਤੋਂ ਲਏ ਜਾਂਦੇ ਹਨ। ਹੁਣ, ਉਨ੍ਹਾਂ ਨੇ ਕਦੇ ਵੀ ਕਿਸੇ ਸੰਸਥਾ ਤੋਂ ਇਸ ਦੀ ਸ਼ੁਰੂਆਤ ਨਹੀਂ ਕੀਤੀ। ਉਨ੍ਹਾਂ ਨੇ ਇਸ ਨੂੰ ਕਦੇ ਵੀ ਕਿਸੇ ਮਸ਼ੀਨੀ ਮਾਮਲੇ ਤੋਂ ਸ਼ੁਰੂ ਨਹੀਂ ਕੀਤਾ। ਮੈਦਾਨ ਉੱਥੇ ਕਦੇ ਸ਼ੁਰੂ ਨਹੀਂ ਹੋਇਆ। ਇਸ ਲਈ, ਉਹ ਸੰਸਥਾ ਕਦੇ ਵੀ, ਕਦੇ ਵੀ ਪਰਮੇਸ਼ੁਰ ਦਾ ਕੰਮ ਨਹੀਂ ਕਰ ਸਕਦੀ, ਕਿਉਂਕਿ ਲੜਾਈ ਦਾ ਮੈਦਾਨ, ਜਿੱਥੇ ਤੁਹਾਨੂੰ ਆਪਣੇ ਦੁਸ਼ਮਣ ਦਾ ਟਾਕਰਾ ਕਰਨਾ ਹੈ, ਉਹ ਦਿਮਾਗ ਵਿੱਚ ਹੈ। ਤੁਹਾਨੂੰ ਆਪਣੀ ਚੋਣ ਕਰਨੀ ਪਵੇਗੀ। ਇਹ ਤੁਹਾਡਾ ਟਾਕਰਾ ਕਰਦਾ ਹੈ।

69 ਮੈਂ ਚਾਹੁੰਦਾ ਹਾਂ ਕਿ ਇਹ ਛੋਟੀ ਕੁੜੀ ਇੱਥੇ ਹੈ, ਜੋ ਬਹੁਤ ਬਿਮਾਰ ਹੈ, ਇਸ ਨੂੰ ਹੁਣ ਧਿਆਨ ਨਾਲ ਸੁਣਨਾ, ਅਸਲ ਵਿੱਚ ਧਿਆਨ ਨਾਲ।

70 ਫੈਸਲੇ ਦਿਮਾਗ ਵਿੱਚ ਕੀਤੇ ਜਾਂਦੇ ਹਨ, ਸਿਰ ਵਿੱਚ। ਉੱਥੇ ਹੀ ਸ਼ੈਤਾਨ ਤੁਹਾਨੂੰ ਮਿਲਦਾ ਹੈ, ਅਤੇ ਫੈਸਲੇ ਹੁੰਦੇ ਹਨ, ਕਿਉਂਕਿ ਪਰਮੇਸ਼ੁਰ ਨੇ ਇੱਕ ਆਦਮੀ ਨੂੰ ਇਸ ਤਰ੍ਹਾਂ ਬਣਾਇਆ ਹੈ।

71 ਹੁਣ, ਮੇਰੇ ਕੋਲ (ਜੇ ਤੁਸੀਂ ਇੱਥੇ ਮੇਰੇ ਨੋਟ ਨੂੰ ਦੇਖ ਰਹੇ ਸੀ) ਇੱਕ ਛੋਟਾ ਜਿਹਾ ਨਕਸ਼ਾ ਬਣਾਇਆ ਗਿਆ ਹੈ। ਜਿਆਦਾ ਚਿਰ ਨਹੀਂ ਹੋਇਆ ਇਹ ਮੇਰੇ ਕੋਲ ਸੀ, ਉੱਤੇ...ਬੋਰਡ ਉੱਤੇ ਹੁੰਦਾ ਸੀ। ਮਨੁੱਖ ਕਣਕ ਦੇ ਦਾਣੇ ਵਾਂਗ ਬਣਿਆ ਹੈ। ਇਹ ਇੱਕ ਬੀਜ ਹੈ। ਅਤੇ ਮਨੁੱਖ ਇੱਕ ਬੀਜ ਹੈ। ਸਰੀਰਕ ਤੌਰ ਤੇ, ਤੁਸੀਂ ਆਪਣੇ ਪਿਤਾ ਅਤੇ ਮਾਤਾ ਦੇ ਬੀਜ ਹੋ; ਅਤੇ ਜੀਵਨ ਪਿਤਾ ਤੋਂ ਆਉਂਦਾ ਹੈ, ਦੇਹ ਮਾਂ ਤੋਂ ਆਉਂਦੀ ਹੈ। ਇਸ ਲਈ, ਦੋਵੇਂ, ਇਕੱਠੇ, ਆਂਡਾ ਅਤੇ ਲਹੂ, ਇਕੱਠੇ ਆਉਂਦੇ ਹਨ। ਅਤੇ ਲਹੂ ਦੇ ਸੈੱਲ ਵਿੱਚ ਜੀਵਨ ਹੈ। ਅਤੇ ਉੱਥੇ ਇਹ ਸ਼ੁਰੂ ਹੁੰਦਾ ਹੈ, ਵਿਕਸਿਤ ਕਰਦਾ ਹੈ, ਬੱਚੇ ਨੂੰ ਬਣਾਉਣਾ ਸ਼ੁਰੂ ਕਰਦਾ ਹੈ। ਹੁਣ, ਕਿਸੇ ਵੀ ਬੀਜ ਦੇ ਬਾਹਰ ਇੱਕ ਖੋਲ ਹੁੰਦਾ ਹੈ; ਅੰਦਰ ਗੁੱਦਾ ਹੁੰਦਾ ਹੈ; ਅਤੇ ਗੁੱਦੇ ਦੇ ਅੰਦਰ ਜੀਵਨ ਦਾ ਜੀਵਾਣੂ ਹੁੰਦਾ ਹੈ। ਖੈਰ, ਸਾਨੂੰ ਇਸੇ ਤਰ੍ਹਾਂ ਬਣਾਇਆ ਗਿਆ ਹੈ। ਅਸੀਂ ਸਰੀਰ, ਪ੍ਰਾਣ, ਅਤੇ ਆਤਮਾ ਹਾਂ। ਬਾਹਰ, ਸਰੀਰ, ਖੋਲ ਹੈ; ਉਸ ਦੇ ਅੰਦਰ, ਅੰਤਹਕਰਣ ਅਤੇ ਇਸ ਤਰ੍ਹਾਂ, ਪ੍ਰਾਣ ਹੈ;

ਅਤੇ ਪ੍ਰਾਣ ਦੇ ਅੰਦਰ, ਇੱਕ ਆਤਮਾ ਹੈ। ਅਤੇ ਆਤਮਾ ਬਾਕੀ ਸਾਰਿਆਂ ਨੂੰ ਨਿਯੰਤਰਿਤ ਕਰਦੀ ਹੈ।

72 ਹੁਣ, ਜੇ ਤੁਸੀਂ ਘਰ ਪਹੁੰਚ ਕੇ ਬੈਠੋਗੇ, ਤਾਂ ਤਿੰਨ ਛੋਟੇ ਗੋਲ ਚੱਕਰ ਬਣਾਉਣਾ। ਤੁਹਾਨੂੰ ਪਤਾ ਲੱਗੇਗਾ ਕਿ ਬਾਹਰਲੇ ਸਰੀਰ ਦੀਆਂ ਪੰਜ ਇੰਦਰੀਆਂ ਹਨ ਜਿਨ੍ਹਾਂ ਰਾਹੀਂ ਇਸ ਨਾਲ ਸੰਪਰਕ ਕੀਤਾ ਜਾਂਦਾ ਹੈ, ਅਤੇ ਉਹ ਹਨ ਦੇਖਣਾ, ਸੁਆਦ, ਮਹਿਸੂਸ ਕਰਨਾ, ਸੁੰਘਣਾ, ਸੁਣਨਾ। ਇਹ ਪੰਜ ਗਿਆਨ ਇੰਦਰੀਆਂ ਹਨ ਜੋ ਮਨੁੱਖੀ ਸਰੀਰ ਨੂੰ ਨਿਯੰਤਰਿਤ ਕਰਦੀਆਂ ਹਨ।

73 ਸਰੀਰ ਦੇ ਅੰਦਰ ਇੱਕ ਪ੍ਰਾਣ ਹੈ, ਅਤੇ ਉਹ ਪ੍ਰਾਣ ਕਲਪਨਾ, ਅੰਤਹਕਰਣ, ਯਾਦਦਾਸ਼ਤ, ਤਰਕ ਅਤੇ ਮੋਹ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ। ਇਹੀ ਉਹ ਚੀਜਾਂ ਹਨ ਜੋ ਪ੍ਰਾਣ ਨੂੰ ਨਿਯੰਤਰਿਤ ਕਰਦੀਆਂ ਹਨ।

74 ਪਰ, ਆਤਮਾ, ਇਸਦੀ ਕੇਵਲ ਇੱਕ ਹੀ ਚੇਤਨਾ ਹੈ। ਆਤਮਾ...ਔਹ, ਆਓ ਇਸਨੂੰ ਸਮਝੀਏ। ਆਤਮਾ ਕੋਲ ਇੱਕ ਚੇਤਨਾ ਹੁੰਦੀ ਹੈ, ਅਤੇ ਉਹ ਚੇਤਨਾ, ਇਨ੍ਹਾਂ ਵਿੱਚੋਂ ਇੱਕ ਉਸ ਉੱਤੇ ਹਾਵੀ ਹੁੰਦੀ ਹੈ, ਵਿਸ਼ਵਾਸ ਜਾਂ ਸੰਦੇਹ। ਬਿਲਕੁਲ ਇਹੀ ਗੱਲ ਹੈ। ਅਤੇ ਇਸਦੇ ਲਈ ਸਿਰਫ ਇੱਕ ਤਰੀਕਾ ਹੈ, ਉਹ ਹੈ ਆਜਾਦ ਨੈਤਿਕ ਜੁੰਮੇਵਾਰੀ। ਤੁਸੀਂ ਸ਼ੱਕ ਨੂੰ ਸਵੀਕਾਰ ਕਰ ਸਕਦੇ ਹੋ ਜਾਂ ਤੁਸੀਂ ਵਿਸ਼ਵਾਸ ਨੂੰ ਸਵੀਕਾਰ ਕਰ ਸਕਦੇ ਹੋ, ਇਨ੍ਹਾਂ ਵਿੱਚੋਂ ਜਿਸ ਤੇ ਉੱਤੇ ਵੀ ਤੁਸੀਂ ਕੰਮ ਕਰਨਾ ਚਾਹੁੰਦੇ ਹੋ। ਇਸ ਲਈ, ਸ਼ੈਤਾਨ ਮੂਲ ਹਿੱਸੇ ਤੋਂ ਸ਼ੁਰੂ ਹੁੰਦਾ ਹੈ, ਮਨੁੱਖ ਦੀ ਆਤਮਾ ਨੂੰ ਪਰਮੇਸ਼ੁਰ ਦੇ ਵਚਨ ਉੱਤੇ ਸ਼ੱਕ ਕਰਵਾਉਂਦਾ ਹੈ। ਪਰਮੇਸ਼ੁਰ ਵੀ ਮੂਲ ਹਿੱਸੇ ਤੋਂ ਸ਼ੁਰੂ ਕਰਦਾ ਹੈ, ਉਸ ਆਤਮਾ ਵਿੱਚ ਆਪਣੇ ਵਚਨ ਨੂੰ ਰੱਖ ਕੇ। ਇੱਥੇ ਹੋ ਤੁਸੀਂ। ਇਹੀ ਹੈ ਜੋ ਇਸ ਨੂੰ ਕਰਦਾ ਹੈ।

75 ਜੇ ਇਹ ਕਲੀਸਿਯਾ, ਹੁਣੇ ਇਕੱਠੀ ਕੀਤੀ ਜਾ ਸਕਦੀ ਹੈ, ਅਤੇ ਇਸ ਤਰ੍ਹਾਂ ਨਾਲ ਆਪਸ ਵਿੱਚ ਬੁਣ ਦਿੱਤੀ ਜਾਂਦੀ ਹੈ ਕਿ ਹਰ ਵਿਅਕਤੀ ਇੱਕ ਮਨ ਹੋਵੇ, ਕਿਸੇ ਵੀ ਜਗ੍ਹਾ ਸ਼ੱਕ ਦਾ ਪਰਛਾਵਾਂ ਵੀ ਨਾ ਹੋਵੇ, ਤਾਂ ਅਗਲੇ ਪੰਜ ਮਿੰਟਾਂ ਵਿੱਚ, ਸਾਡੇ ਵਿਚਕਾਰ ਇੱਕ ਵੀ ਕਮਜ਼ੋਰ ਵਿਅਕਤੀ ਨਹੀਂ ਹੋਵੇਗਾ। ਇੱਥੇ ਕੋਈ ਵੀ ਪਵਿੱਤਰ ਆਤਮਾ ਦੀ ਉਡੀਕ ਨਹੀਂ ਕਰੇਗਾ ਪਰ ਇਸ ਨੂੰ ਪ੍ਰਾਪਤ ਕਰ ਲਵੇਗਾ, ਜੇਕਰ ਤੁਸੀਂ ਉਸ ਖਾਸ ਚੀਜ਼ ਨੂੰ ਠੀਕ ਕਰ ਸਕਦੇ ਹੋ। ਹੁਣ, ਉੱਥੇ ਹੀ ਲੜਾਈ ਸ਼ੁਰੂ ਹੁੰਦੀ ਹੈ, ਬਿਲਕੁਲ ਤੁਹਾਡੇ ਦਿਮਾਗ ਵਿੱਚ, ਭਾਵੇਂ ਤੁਸੀਂ ਚਾਹੋ ਜਾਂ ਨਾ ਚਾਹੋ।

76 ਹੁਣ ਯਾਦ ਰੱਖੋ, ਇਹ ਮਸੀਹੀ ਵਿਗਿਆਨ ਨਹੀਂ ਹੈ, ਹੁਣ, ਸ਼ਰੀਰ ਦੀ ਬਜਾਏ ਦਿਮਾਗ। ਅਜਿਹਾ ਨਹੀਂ ਹੈ...ਦਿਮਾਗ ਜੀਵਨ ਨੂੰ ਕਬੂਲ ਕਰਦਾ ਹੈ, ਜੋ ਪਰਮੇਸ਼ੁਰ ਦਾ ਵਚਨ ਹੈ, ਅਤੇ ਉੱਥੇ ਜੀਵਨ ਲਿਆਉਂਦਾ ਹੈ। ਕੇਵਲ

ਤੁਹਾਡੀ ਸੋਚ ਅਜਿਹਾ ਨਹੀਂ ਕਰਦੀ। ਪਰ, ਪਰਮੇਸ਼ੁਰ ਦਾ ਵਚਨ, ਜੋ ਤੁਹਾਡੀ ਵਿਚਾਰਾਧਾਰਾ ਵਿੱਚ ਲਿਆਂਦਾ ਜਾਂਦਾ ਹੈ। ਦੇਖੋ? ਇਹ ਵਿਚਾਰ ਨਹੀਂ ਹੈ, ਜਿਵੇਂ ਮਸੀਹੀ ਵਿਗਿਆਨ ਇਸਨੂੰ ਬਣਾਉਂਦਾ ਹੈ, ਪਦਾਰਥ ਦੀ ਬਜਾਏ ਦਿਮਾਗ। ਨਹੀਂ। ਇਹ ਨਹੀਂ ਹੈ।

77 ਪਰ, ਤੁਹਾਡਾ ਦਿਮਾਗ ਇਸ ਨੂੰ ਸਵੀਕਾਰ ਕਰਦਾ ਹੈ। ਇਹ ਇਸ ਨੂੰ ਪਕੜਦਾ ਹੈ। ਤੁਹਾਡਾ ਦਿਮਾਗ ਕਿਸ ਦੁਆਰਾ ਨਿਯੰਤਰਿਤ ਹੈ? ਤੁਹਾਡੀ ਆਤਮਾ। ਅਤੇ ਤੁਹਾਡੀ ਆਤਮਾ ਪਰਮੇਸ਼ੁਰ ਦੇ ਵਚਨ ਨੂੰ ਫੜਦੀ ਹੈ, ਅਤੇ ਇਹ ਉਹ ਚੀਜ਼ ਹੈ ਜਿਸ ਵਿੱਚ ਜੀਵਨ ਹੈ। ਇਹ ਤੁਹਾਡੇ ਅੰਦਰ ਜੀਵਨ ਲਿਆਉਂਦੀ ਹੈ। ਔਹ, ਭਾਈ! ਜਦੋਂ ਇਹ ਹੁੰਦਾ ਹੈ, ਜਦੋਂ ਜੀਵਨ ਉਸ ਧਾਰਾ ਤੋਂ ਹੇਠਾਂ ਆਉਂਦਾ ਹੈ, ਤੁਹਾਡੇ ਅੰਦਰ, ਪਰਮੇਸ਼ੁਰ ਦਾ ਵਚਨ ਤੁਹਾਡੇ ਵਿੱਚ ਪ੍ਰਗਟ ਹੁੰਦਾ ਹੈ। "ਜੇ ਤੁਸੀਂ ਮੇਰੇ ਵਿੱਚ ਰਹਿੰਦੇ ਹੋ, ਅਤੇ ਮੇਰੇ ਵਚਨ ਤੁਹਾਡੇ ਵਿੱਚ ਰਹਿੰਦੇ ਹਨ, ਤਾਂ ਜੋ ਚਾਹੋ ਮੰਗੋ ਅਤੇ ਇਹ ਤੁਹਾਡੇ ਲਈ ਹੋ ਜਾਵੇਗਾ।"

78 ਫਿਰ ਇਹ ਕੀ ਕਰਦਾ ਹੈ? ਦਿਲ ਦੇ ਵਿਚਕਾਰੋਂ, ਜੋ ਆਤਮਾ ਹੈ, ਜੋ ਪ੍ਰਾਣ ਹੈ, ਉਥੋਂ ਨਿਕਲਦਾ ਹੈ, ਹਰੇਕ ਧਾਰਾ ਨੂੰ ਭੋਜਨ ਦਿੰਦਾ ਹੈ। ਇਸਦੀ ਪਰੇਸ਼ਾਨੀ ਇਹ ਹੈ, ਕਿ ਅਸੀਂ *ਇੱਥੇ* ਬਹੁਤ ਸਾਰੇ ਸ਼ੱਕ ਦੇ ਨਾਲ ਖੜ੍ਹੇ ਹਾਂ, ਜੋ *ਉੱਥੇ* ਬਾਹਰ ਹੈ ਉਸਨੂੰ ਸਵੀਕਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਤੁਹਾਨੂੰ ਇਸ ਨੂੰ ਰੋਕਣਾ ਪਏਗਾ; ਅਤੇ ਪਰਮੇਸ਼ੁਰ ਦੇ ਸੱਚੇ ਬਚਨ ਨਾਲ ਉਸ ਧਾਰਾ ਨਾਲ ਹੇਠਾਂ ਆਓ, ਅਤੇ ਫਿਰ ਇਹ, ਆਪਣੇ ਆਪ, ਆਪਣੇ ਆਪ ਬਾਹਰ ਚਲਾ ਜਾਂਦਾ ਹੈ। ਇਹ ਉਹ ਹੈ ਜੋ ਅੰਦਰ ਹੈ। ਇਹ ਉਹ ਚੀਜ਼ ਹੈ ਜੋ ਮਾਇਨੇ ਰੱਖਦੀ ਹੈ, ਜੋ ਅੰਦਰ ਹੈ।

ਸ਼ੈਤਾਨ ਦੀ ਦਖਲ ਅੰਦਰੋਂ ਹੁੰਦੀ ਹੈ।

79 ਹੁਣ ਤੁਸੀਂ ਕਹਿੰਦੇ ਹੋ, "ਮੈਂ ਚੋਰੀ ਨਹੀਂ ਕਰਦਾ। ਮੈਂ ਨਹੀਂ ਪੀਂਦਾ। ਮੈਂ ਇਹ ਗੱਲਾਂ ਨਹੀਂ ਕਰਦਾ।" ਇਸ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

80 ਦੇਖੋ, ਇਹ ਅੰਦਰ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿੰਨੇ ਚੰਗੇ ਹੋ, ਤੁਸੀਂ ਕਿੰਨੇ ਨੈਤਿਕ ਹੋ, ਤੁਸੀਂ ਕਿੰਨੇ ਵੀ ਸੱਚੇ ਹੋ, ਉਹ ਚੀਜ਼ਾਂ ਸਤਿਕਾਰਯੋਗ ਹਨ। ਪਰ ਯਿਸੂ ਨੇ ਕਿਹਾ, "ਸਿਵਾਏ ਇਸ ਦੇ ਕਿ ਇੱਕ ਮਨੁੱਖ ਜੇਕਰ ਨਵੇਂ ਸਿਰਿਓਂ ਨਾ ਜੰਮੇ।" ਸਮਝੇ? ਅੰਦਰ ਕੁਝ ਹੋਣਾ ਚਾਹੀਦਾ ਹੈ। ਜੇ ਤੁਸੀਂ ਨਹੀਂ ਕਰਦੇ, ਤਾਂ ਇਹ ਨਕਲੀ ਦਿਖਾਵਾ ਹੈ, ਕਿਉਂਕਿ ਤੁਹਾਡੇ ਦਿਲ ਵਿੱਚ ਤੁਸੀਂ ਇਸ ਨੂੰ ਕਿਸੇ ਵੀ ਤਰ੍ਹਾਂ ਕਰਨਾ ਚਾਹੁੰਦੇ ਹੋ। ਇਹ ਨਕਲੀ ਨਹੀਂ ਹੋ ਸਕਦਾ। ਇਹ ਅਸਲੀ ਹੋਣਾ ਚਾਹੀਦਾ ਹੈ।

81 ਅਤੇ ਇੱਥੇ ਸਿਰਫ ਇੱਕ ਰਸਤਾ ਹੈ ਜੋ ਹੇਠਾਂ ਆ ਸਕਦਾ ਹੈ, ਅਤੇ ਇਹ ਅਜਾਦ ਨੈਤਿਕ ਜੁੰਮੇਵਾਰੀ ਦੇ ਰਾਹੀਂ ਹੈ, ਤੁਹਾਡੇ ਵਿਚਾਰਾਂ ਦੁਆਰਾ, ਤੁਹਾਡੇ

ਪ੍ਰਾਣ ਵਿੱਚ ਆਉਂਦਾ ਹੈ। “ਜਿਸ ਤਰ੍ਹਾਂ ਮਨੁੱਖ ਆਪਣੇ ਮਨ ਅੰਦਰ ਸੋਚਦਾ ਹੈ, ਉਹੋ ਜਿਹਾ ਹੀ ਉਹ ਹੈ।” “ਜੇ ਤੁਸੀਂ ਇਸ ਪਹਾੜ ਨੂੰ ਕਹੋ, ‘ਹੱਟ ਜਾਹ,’ ਅਤੇ ਆਪਣੇ ਦਿਲ ਵਿੱਚ ਸ਼ੱਕ ਨਾ ਕਰੋ, ਪਰ ਵਿਸ਼ਵਾਸ ਕਰੋ ਕਿ ਜੋ ਤੁਸੀਂ ਕਿਹਾ ਹੈ ਉਹ ਪੂਰਾ ਹੋਵੇਗਾ, ਤਾਂ ਤੁਸੀਂ ਜੋ ਕਿਹਾ ਹੈ ਉਹ ਹੋ ਜਾਵੇਗਾ।” ਤੁਸੀਂ ਇਸ ਨੂੰ ਸਮਝੇ? ਇੱਥੇ ਹੋ ਤੁਸੀਂ। ਸਮਝੇ? ਲੜਾਈ ਦੇ ਮੈਦਾਨ ਹਨ। ਜੇ ਤੁਸੀਂ ਸਿਰਫ ਇਸ ਨੂੰ ਸ਼ੁਰੂ ਕਰਨਾ ਚਾਹੁੰਦੇ ਹੋ, ਪਹਿਲਾਂ।

82 ਅਸੀਂ ਚੀਜ਼ਾਂ ਨੂੰ ਪੂਰਾ ਹੁੰਦਾ ਦੇਖਣ ਲਈ ਬਹੁਤ ਉਤਾਵਲੇ ਹਾਂ। ਅਸੀਂ ਪਰਮੇਸ਼ੁਰ ਲਈ ਕੁਝ ਕਰਨ ਲਈ ਬਹੁਤ ਉਤਾਵਲੇ ਹਾਂ। ਇਹ ਛੋਟੀ ਔਰਤ... ਪਰੇਸ਼ਾਨ ਹੈ, ਕੋਈ ਸ਼ੱਕ ਨਹੀਂ, ਜਿਉਂਦੀ ਰਹਿਣ ਲਈ ਫ਼ਿਕਰਮੰਦ ਹੈ। ਉਹ ਚੰਗੀ ਹੋਣਾ ਚਾਹੁੰਦੀ ਹੈ। ਹੋਰ ਲੋਕ ਵੀ ਇੱਥੇ ਹਨ, ਚੰਗੇ ਹੋਣਾ ਚਾਹੁੰਦੇ ਹਨ। ਅਤੇ ਜਦੋਂ ਅਸੀਂ ਉਸ ਮਾਮਲੇ ਬਾਰੇ ਸੁਣਦੇ ਹਾਂ, ਡਾਕਟਰ ਵਾਂਗ, ਮੁਰਦਿਆਂ ਦਾ ਪੁਨਰਉਥਾਨ, ਮਹਾਨ ਸ਼ਕਤੀਸ਼ਾਲੀ ਚੀਜ਼ਾਂ ਜੋ ਸਾਡੇ ਪਰਮੇਸ਼ੁਰ ਨੇ ਕੀਤੀਆਂ ਹਨ, ਫਿਰ ਅਸੀਂ ਉਤਾਵਲੇ ਹਾਂ। ਅਤੇ ਇਸ ਦੀ ਗੱਲ ਇਹ ਹੈ ਕਿ, ਅਸੀਂ ਇਹਨਾਂ ਇੰਦਰੀਆਂ ਦੁਆਰਾ ਪਹੁੰਚਣ ਦੀ ਕੋਸ਼ਿਸ਼ ਕਰਦੇ ਹਾਂ, ਇੱਥੇ ਕਿਸੇ ਚੀਜ਼ ਨੂੰ ਫੜਨ ਲਈ, ਜਿਵੇਂ ਕਿ ਅੰਤਹਕਰਨ।

83 ਇਸ ਲਈ ਬਹੁਤ ਸਾਰੇ ਲੋਕਾਂ ਨੇ, ਬਹੁਤ ਵਾਰ, ਵਚਨ ਦਾ ਗਲਤ ਅਰਥ ਕੱਢਿਆ ਹੈ। ਅਤੇ ਮੈਨੂੰ ਇਸ ਦੁਆਰਾ ਗਲਤ ਸਮਝਿਆ ਗਿਆ ਹੈ, ਵੇਦੀ ਦੀ ਪੁਕਾਰ ਕਰਕੇ। ਮੈਂ ਕਿਹਾ, “ਮੈਂ ਜਿਆਦਾ ਵੇਦੀ ਦੀ ਪੁਕਾਰ ਨਹੀਂ ਕਰਦਾ,” ਇਸਦਾ ਮਤਲਬ ਇਹ ਨਹੀਂ ਕਿ ਤੁਹਾਨੂੰ ਇੱਕ ਵੇਦੀ ਦੀ ਪੁਕਾਰ ਨਹੀਂ ਕਰਨੀ ਚਾਹੀਦੀ।

84 ਪਰ ਕੋਈ ਕਿਸੇ ਨੂੰ ਬਾਂਹ ਤੋਂ ਫੜ ਲਵੇ, ਆਖੇ, “ਔਹ, ਭਾਈ ਜੌਨ, ਕੀ ਤੁਸੀਂ ਜਾਣਦੇ ਹੋ? ਮੈਂ ਅਤੇ ਤੁਸੀਂ ਇਸ ਸਾਰੇ ਸਮੇਂ ਗੁਆਂਢੀ ਰਹੇ ਹਾਂ। ਇੱਥੇ ਜਗਵੇਦੀ ਤੇ ਆਓ, ਹੇਠਾਂ ਆਓ।” ਉਹ ਕੀ ਕਰ ਰਿਹਾ ਹੈ? ਕਾਸ਼ ਮੇਰੇ ਕੋਲ ਇੱਥੇ ਇੱਕ ਬਲੈਕਬੋਰਡ ਹੁੰਦਾ, ਮੈਂ ਤੁਹਾਨੂੰ ਦਿਖਾ ਸਕਦਾ ਕਿ ਉਹ ਕੀ ਕਰ ਰਿਹਾ ਹੈ। ਉਹ ਉਸਦੇ ਪ੍ਰਾਣ ਰਾਹੀਂ ਕੰਮ ਕਰਨ ਦੀ ਕੋਸ਼ਿਸ ਕਰ ਰਿਹਾ ਹੈ, ਮੋਹ ਦੁਆਰਾ। ਇਹ ਕੰਮ ਨਹੀਂ ਕਰੇਗਾ। ਇਹ ਰਾਹ ਨਹੀਂ ਹੈ। ਯਕੀਨਨ, ਇਹ ਨਹੀਂ ਹੈ।

85 ਹੋ ਸਕਦਾ ਹੈ ਕਿ ਉਹ ਕੰਮ ਕਰ ਰਿਹਾ ਹੈ (ਕਿਸ ਵਿੱਚ?) ਆਪਣੀ ਚੇਤਨਾ ਦੁਆਰਾ, ਆਪਣੇ ਪ੍ਰਾਣ ਦੀ ਚੇਤਨਾ ਦੁਆਰਾ। “ਔਹ, ਭਾਈ ਜੌਨ, ਤੁਹਾਡੀ ਇੱਕ ਸ਼ਾਨਦਾਰ ਮਾਂ ਸੀ। ਉਸ ਦੀ ਕਾਫੀ ਸਮਾਂ ਪਹਿਲਾਂ ਮੌਤ ਹੋ ਗਈ ਸੀ।” ਇੱਕ ਯਾਦ! ਵੇਖਿਆ? ਤੁਸੀਂ ਅਜਿਹਾ ਨਹੀਂ ਕਰ ਸਕਦੇ।

86 ਇਹ ਆਜਾਦ ਨੈਤਿਕ ਜੁੰਮੇਵਾਰੀ ਰਾਹੀਂ ਹੇਠਾਂ ਆਉਣਾ ਹੈ। ਤੁਸੀਂ, ਆਪਣੇ ਆਪ ਨੂੰ, ਪਰਮੇਸ਼ੁਰ ਦੇ ਵਚਨ ਨੂੰ ਦਿਉ...ਤੁਸੀਂ ਇਸ ਲਈ ਨਹੀਂ ਆਏ ਕਿਉਂਕਿ ਤੁਹਾਡੀ ਮਾਂ ਚੰਗੀ ਔਰਤ ਸੀ। ਤੁਸੀਂ ਇਸ ਲਈ ਨਹੀਂ ਆਏ ਕਿਉਂਕਿ ਤੁਸੀਂ ਚੰਗੇ ਗੁਆਂਢੀ ਹੋ। ਤੁਸੀਂ ਇਸ ਲਈ ਆਉਂਦੇ ਹੋ ਕਿਉਂਕਿ ਪਰਮੇਸ਼ੁਰ ਤੁਹਾਨੂੰ ਆਉਣ ਲਈ ਬੁਲਾਉਂਦਾ ਹੈ, ਅਤੇ ਤੁਸੀਂ ਉਸਨੂੰ ਉਸਦੇ ਵਚਨ ਦੇ ਅਧਾਰ ਤੇ ਸਵੀਕਾਰ ਕਰਦੇ ਹੋ। ਉਹ ਵਚਨ ਹੀ ਸਭ ਕੁਝ ਹੈ। ਉਹ ਵਚਨ! ਜੇ ਤੁਸੀਂ ਸਭ ਕੁਝ ਰਾਹ ਵਿੱਚੋਂ ਹਟਾ ਦਿਓ, ਸਾਰਾ ਅੰਤਹਕਰਨ, ਸਾਰੀਆਂ ਇੰਦਰੀਆਂ, ਅਤੇ ਕੇਵਲ ਵਚਨ ਨੂੰ ਅੰਦਰ ਆਉਣ ਦਿਓ, ਉਹ ਵਚਨ ਬਿਲਕੁਲ ਉਹੀ ਪੈਦਾ ਕਰੇਗਾ।

87 ਇੱਥੇ, ਵੇਖੋ ਇਹ ਕਿਸ ਨਾਲ ਢੱਕਿਆ ਹੋਇਆ ਹੈ? ਤੁਸੀ ਕਹਿੰਦੇ ਹੋ, "ਅੱਛਾ, ਹੁਣ," ਤੁਸੀ ਕਹਿੰਦੇ ਹੋ, "ਅੱਛਾ, ਇਹ, ਅੰਤਹਕਰਣ ਅਤੇ ਇੰਦਰੀਆਂ, ਅਤੇ ਹੋਰ ਬਹੁਤ ਕੁਝ, ਇਸ ਨਾਲ ਕੋਈ ਮਤਲਬ ਨਹੀਂ ਹੈ, ਭਾਈ ਬ੍ਰਨਹਾਮ?" ਯਕੀਨਨ, ਇਸ ਨਾਲ ਮਤਲਬ ਹੈ। ਪਰ ਜੇ ਤੁਸੀਂ ਵਚਨ ਨੂੰ ਅੰਦਰ ਆਉਣ ਦਿੰਦੇ ਹੋ, ਅਤੇ ਇਸਨੂੰ ਅੰਤਹਕਰਣ ਨਾਲ ਢੱਕਦੇ ਹੋ, ਤਾਂ ਇਹ ਵਧ ਨਹੀਂ ਸਕਦਾ; ਇਹ ਇੱਕ ਵਿਗੜਿਆ ਹੋਇਆ ਵਚਨ ਹੋਵੇਗਾ।

88 ਕੀ ਤੁਸੀਂ ਕਦੇ ਇੱਕ ਮੱਕੀ ਦਾ ਇੱਕ ਚੰਗਾ ਦਾਣਾ ਜ਼ਮੀਨ ਵਿੱਚ ਬੀਜਿਆ ਹੋਇਆ ਦੇਖਿਆ ਹੈ, ਅਤੇ ਇੱਕ ਸੋਟੀ ਉਸ ਉੱਤੇ ਡਿੱਗਣ ਦਿੱਤੀ ਹੈ? ਇਹ ਟੇਢੀ ਉੱਗੇਗੀ। ਕੋਈ ਵੀ ਵੇਲ, ਜੋ ਕੁਝ ਵੀ ਵਧਦਾ ਹੈ, ਉਹੀ ਕਰੇਗਾ, ਕਿਉਂਕਿ ਕਿਸੇ ਚੀਜ਼ ਨੇ ਇਸ ਵਿੱਚ ਰੁਕਾਵਟ ਪਾਈ ਹੈ।

89 ਖੈਰ, ਅੱਜ ਸਾਡੇ ਪੰਤੇਕੁਸਤ ਦੇ ਵਿਸ਼ਵਾਸ ਨਾਲ ਇਹੀ ਮਾਮਲਾ ਹੈ। ਅਸੀਂ ਬਹੁਤ ਸਾਰੀਆਂ ਚੀਜ਼ਾਂ ਨੂੰ ਇਸ ਵਿੱਚ ਰੁਕਾਵਟ ਪਾਉਣ ਦਿੱਤੀ ਹੈ, ਵਿਸ਼ਵਾਸ ਜੋ ਸਾਨੂੰ ਸਿਖਾਇਆ ਗਿਆ ਹੈ, ਪਵਿੱਤਰ ਆਤਮਾ ਜੋ ਸਾਡੇ ਵਿੱਚ ਰਹਿ ਰਿਹਾ ਹੈ। ਅਸੀਂ ਬਹੁਤ ਸਾਰੀਆਂ ਚੀਜ਼ਾਂ ਛੱਡ ਦਿੱਤੀਆਂ ਹਨ, ਕਿਸੇ ਹੋਰ ਨੂੰ ਵੇਖਦੇ ਹੋਏ।

90 ਅਤੇ ਸ਼ੈਤਾਨ ਹਮੇਸ਼ਾ ਤੁਹਾਨੂੰ ਕਿਸੇ ਦੀ ਅਸਫਲਤਾ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਉਹ ਤੁਹਾਨੂੰ ਅਸਲ ਗਵਾਹੀ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦਾ ਹੈ ਜੋ ਸੱਚੀ ਹੈ। ਉਹ ਤੁਹਾਨੂੰ ਕਿਸੇ ਸਮੇਂ ਇੱਕ ਪਾਖੰਡੀ ਵੱਲ ਇਸ਼ਾਰਾ ਕਰੇਗਾ, ਜੋ ਕਿਸੇ ਸਮੇਂ, ਕਿਸੇ ਚੀਜ਼ ਦੀ ਨਕਲ ਕਰ ਰਿਹਾ ਸੀ। ਉਸਨੇ ਅਜਿਹਾ ਨਹੀਂ ਕੀਤਾ, ਕਿਉਂਕਿ ਉਹ ਨਕਲ ਕਰ ਰਿਹਾ ਸੀ। ਪਰ ਜੇ ਇਹ ਪਰਮੇਸ਼ੁਰ ਦੇ ਵਚਨ ਦੇ ਸੱਚੇ ਸਰੋਤ ਤੋਂ ਆਉਂਦਾ ਹੈ, "ਅਕਾਸ਼ ਅਤੇ ਧਰਤੀ ਟਲ ਜਾਣਗੇ, ਪਰ ਮੇਰਾ ਵਚਨ ਨਹੀਂ ਟਲ ਸਕਦਾ," ਇਹ ਉੱਥੇ ਹੀ ਰਹੇਗਾ।

ਤੁਸੀਂ ਇਸਨੂੰ ਸਮਝੇ ਰਹੇ ਹੋ, ਭੈਣ?

91 ਇਸ ਨੂੰ ਦਿਮਾਗ ਵਿੱਚ ਸਵੀਕਾਰ ਕਰਨਾ ਪੈਣਾ ਹੈ, ਫਿਰ ਇਸ ਤੇ ਦਿਲ ਤੋਂ ਵਿਸ਼ਵਾਸ ਕਰਨਾ ਹੈ। ਤਦ ਪਰਮੇਸ਼ੁਰ ਦਾ ਵਚਨ ਇੱਕ ਅਸਲੀਅਤ ਬਣ ਜਾਂਦਾ ਹੈ, ਤਦ ਆਤਮਾ ਅਤੇ ਸਰੀਰ ਦੀਆਂ ਸਾਰੀਆਂ ਇੰਦਰੀਆਂ ਪਵਿੱਤਰ ਆਤਮਾ ਨਾਲ ਮਾਂਜ ਕੇ ਬਸ ਬਾਹਰ ਕੱਢ ਦਿੱਤੀਆਂ ਜਾਂਦੀਆਂ ਹਨ। ਫਿਰ ਤੁਹਾਡੀ ਪਰਮੇਸ਼ੁਰ ਦੀ ਚੇਤਨਾ, ਤੁਹਾਡਾ ਪਰਮੇਸ਼ੁਰ ਦਾ ਅੰਤਹਕਰਣ, ਉਹ ਸਭ ਕੁਝ ਜੋ ਪਰਮੇਸ਼ੁਰ ਵੱਲੋਂ ਹੈ, ਤੁਹਾਡੇ ਰਾਹੀਂ ਵਹਿਣ ਲੱਗਦਾ ਹੈ। ਕਿਤੇ ਵੀ ਕੋਈ ਸ਼ੱਕ ਨਹੀਂ ਹੈ। ਕੁਝ ਵੀ ਨਹੀਂ ਉੱਠ ਸਕਦਾ।

92 ਯਾਦਾਸ਼ਤ ਵਿੱਚ ਕੁਝ ਵੀ ਆ ਕੇ, ਇਹ ਨਹੀਂ ਕਹਿ ਸਕਦਾ, "ਖੈਰ, ਮੈਨੂੰ ਯਾਦ ਹੈ ਕਿ ਸ਼੍ਰੀ ਮਤੀ ਜੋਨਸ ਨੇ ਪਰਮੇਸ਼ੁਰ ਤੇ ਵਿਸ਼ਵਾਸ ਕਰਨ ਦੀ ਕੋਸ਼ਿਸ ਕੀਤੀ ਸੀ, ਅਤੇ ਸ਼੍ਰੀ ਮਤੀ *ਫਲਾਣੀ-ਫਲਾਣੀ* ਨੇ। ਸ਼੍ਰੀ ਮਤੀ ਡੋ ਨੇ ਇਕ ਵਾਰ ਚੰਗਾਈ ਲਈ ਪਰਮੇਸ਼ੁਰ ਤੇ ਭਰੋਸਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਅਤੇ ਉਹ ਅਸਫਲ ਰਹੀ।" ਵੇਖਿਆ?

93 ਪਰ ਜੇਕਰ ਉਸ ਧਾਰਾ ਨੂੰ ਸਾਫ਼ ਕਰ ਦਿੱਤਾ ਗਿਆ ਹੈ ਅਤੇ ਸ਼ੁੱਧ ਕੀਤਾ ਗਿਆ ਹੈ, ਅਤੇ ਅੰਦਰੋਂ ਪਵਿੱਤਰ ਆਤਮਾ ਨਾਲ ਭਰਿਆ ਗਿਆ ਹੈ, ਉਹ ਯਾਦਦਾਸ਼ਤ ਵਿੱਚ ਵੀ ਨਹੀਂ ਆਉਂਦਾ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਸ਼੍ਰੀ ਮਤੀ ਜੋਨਸ ਨਾਲ ਕੀ ਹੋਇਆ ਸੀ ਅਤੇ ਉਸਨੇ ਕੀ ਕੀਤਾ ਸੀ। ਇਹ ਤੁਸੀਂ ਅਤੇ ਪਰਮੇਸ਼ੁਰ ਹੋ, ਇਕੱਠੇ, ਅਤੇ ਤੁਹਾਡੇ ਦੋਨਾਂ ਤੋਂ ਇਲਾਵਾ ਹੋਰ ਕੋਈ ਨਹੀਂ। ਇੱਥੇ ਹੋ ਤੁਸੀਂ। ਉੱਥੇ ਤੁਹਾਡੀ ਲੜਾਈ ਹੈ। ਉਸਨੂੰ ਸ਼ੁਰੂ ਵਿੱਚ ਹੀ ਮਾਰ ਦਿਓ। ਉਸ ਨੂੰ ਉਹਦੇ ਰਾਹ ਵਿੱਚ ਹੀ ਮਾਰ ਕੇ ਰੋਕ ਦਿਓ। ਇਹ ਨਹੀਂ ਹੈ ਕਿ ਤੁਸੀਂ ਯੁੱਧ ਨੂੰ ਕਿੰਨਾ ਚਿਰ ਲਟਕਾ ਸਕਦੇ ਹੋ। ਇਹ ਹੈ, ਇਸ ਨੂੰ ਹੁਣੇ ਰੋਕੋ!

94 ਜੇ ਤੁਸੀਂ ਆਉਂਦੇ ਹੋ, ਅਤੇ ਤੁਸੀਂ ਉਹਨਾਂ ਯਾਦਾਂ ਅਤੇ ਅੰਤਹਕਰਣ ਨੂੰ ਸਾਂਭੀ ਰੱਖਦੇ ਹੋ, ਅਤੇ ਸਭ ਕੁਝ, ਬਾਰੇ ਸੋਚਦੇ ਰਹਿੰਦੇ ਹੋ, "ਖੈਰ, ਮੈਂ ਅਸਫਲ ਹੋ ਸਕਦਾ ਹਾਂ। ਹੋ ਸਕਦਾ ਹੈ ਕਿ ਇਹ ਸਹੀ ਨਾ ਹੋਵੇ।" ਤੁਸੀਂ ਬਿਲਕੁਲ ਵੀ, ਅਜਿਹਾ ਨਾ ਕਰੋ।

95 ਤੁਸੀਂ ਸਭ ਕੁਝ ਇਕ ਪਾਸੇ ਸੁੱਟ ਦਿਓ, ਅਤੇ ਰਾਹ ਨੂੰ ਖੋਲ੍ਹੋ, ਅਤੇ ਕਹੋ, "ਹੇ ਪਰਮੇਸ਼ੁਰ, ਤੁਹਾਡਾ ਵਚਨ ਸਦੀਵੀ ਸੱਚ ਹੈ, ਅਤੇ ਇਹ ਮੇਰੇ ਲਈ ਹੈ। ਜੇ ਸਾਰੀ ਕਲੀਸਿਯਾ ਅਸਫਲ ਹੋ ਜਾਂਦੀ ਹੈ, ਜੇ ਸਾਰਾ ਸੰਸਾਰ ਅਸਫਲ ਹੋ ਜਾਂਦਾ ਹੈ, ਫਿਰ ਵੀ ਮੈਂ ਅਸਫਲ ਨਹੀਂ ਹੋ ਸਕਦਾ, ਕਿਉਂਕਿ ਮੈਂ ਤੁਹਾਡਾ ਵਚਨ ਲੈ ਰਿਹਾ ਹਾਂ।" ਇਹ ਲੜਾਈ ਹੈ। ਉਹੀ ਗੱਲ ਹੈ।

96 ਸਰਬਸ਼ਕਤੀਮਾਨ ਪਰਮੇਸ਼ੁਰ ਇੱਕ ਔਰਤ ਦੀ ਛਾਤੀ ਤੋਂ ਕੈਂਸਰ ਨੂੰ ਬਿਨਾਂ ਕਿਸੇ ਨਿਸ਼ਾਨ ਦੇ, ਕਿਉਂ ਦੂਰ ਕਰੇਗਾ, ਅਤੇ ਇੱਕ ਬੱਚੇ ਨੂੰ ਲੇਟਣ ਅਤੇ ਮਰਨ ਦੇਵੇਗਾ? ਨਹੀਂ, ਸ਼੍ਰੀ ਮਾਨ।

97 ਇੱਕ ਛੋਟੀ ਕੁੜੀ ਇੱਥੇ ਆਈ ਸੀ, ਜਿਆਦਾ ਸਮਾਂ ਨਹੀਂ ਹੋਇਆ, ਹਾਈ ਸਕੂਲ ਤੋਂ। ਉਸਦੀ ਮਾਂ ਨੇ ਮੈਨੂੰ ਬੁਲਾਇਆ, ਕਿਹਾ, "ਭਾਈ ਬ੍ਰੈਨਹਾਮ, ਮੇਰੀ ਲੜਕੀ ਨੂੰ ਹੌਜਕਿਨ ਦੀ ਬਿਮਾਰੀ ਹੈ।" ਇਹ ਕੈਂਸਰ ਹੈ, ਗੰਢਾਂ ਦੇ ਰੂਪ ਵਿੱਚ ਬਣਦਾ ਹੈ। ਅਤੇ ਡਾਕਟਰਾਂ ਨੇ ਉਸਦੇ ਗਲੇ ਵਿੱਚੋਂ ਇੱਕ ਗੰਢ ਫੱਟਣ ਤੇ ਇੱਕ ਟੁਕੜਾ ਲਿਆ, ਇਸਨੂੰ ਭੇਜ ਦਿੱਤਾ, ਅਤੇ ਇਹ ਬਿਲਕੁਲ ਹੌਜਕਿਨ ਦੀ ਬਿਮਾਰੀ ਸੀ।

98 ਤਾਂ ਉਸਨੇ ਕਿਹਾ, "ਜੇ ਅਗਲੀ ਗੰਢ ਫੱਟਦੀ ਹੈ, ਤਾਂ ਇਹ ਉਸਦੇ ਦਿਲ ਉੱਤੇ ਫੱਟ ਸਕਦੀ ਹੈ। ਜਦੋਂ ਇਹ ਫਟੇਗੀ, ਉਹ ਮਰ ਜਾਵੇਗੀ।" ਉਸਨੇ ਕਿਹਾ, "ਉਸ ਕੋਲ ਨਹੀਂ ਹੈ…ਜਿਸ ਤਰੀਕੇ ਨਾਲ ਉਹ ਫੱਟ ਰਹੀਆਂ ਹਨ, ਉਸ ਕੋਲ, ਜਿਉਣ ਲਈ, ਕਰੀਬ, ਤਿੰਨ ਮਹੀਨੇ ਹਨ।"

99 ਉਸ ਮਾਂ ਨੇ ਕਿਹਾ, "ਮੈਂ ਕੀ ਕਰਾਂ? ਕੀ ਉਸਨੂੰ ਸਕੂਲ ਵਾਪਸ ਭੇਜ ਦਿਆਂ?"

100 ਉਸ ਨੇ ਕਿਹਾ, "ਉਸਨੂੰ ਜਾਣ ਦਿਓ, ਕਿਉਂਕਿ ਉਹ ਸ਼ਾਇਦ ਅਚਾਨਕ ਚਲੀ ਜਾਵੇਗੀ।" ਅਤੇ ਕਿਹਾ, "ਬੱਸ ਉਸਨੂੰ ਜਾਣ ਦਿਓ ਅਤੇ ਇੱਕ ਆਮ ਜ਼ਿੰਦਗੀ ਜੀਓਣ ਦਿਓ, ਜਿਵੇਂ ਉਹ ਕਰ ਸਕਦੀ ਹੈ। ਉਸ ਨੂੰ ਇਸ ਬਾਰੇ ਕੁਝ ਨਾ ਦੱਸੋ।"

ਤਾਂ ਉਸ ਔਰਤ ਨੇ ਮੈਨੂੰ ਕਿਹਾ, "ਮੈਨੂੰ ਕੀ ਕਰਨਾ ਚਾਹੀਦਾ ਹੈ?"

101 ਮੈਂ ਕਿਹਾ, "ਉਸਨੂੰ ਲਿਆਓ ਅਤੇ ਉਸਨੂੰ ਪ੍ਰਾਰਥਨਾ ਦੀ ਕਤਾਰ ਵਿੱਚ ਖੜੀ ਕਰੋ।" ਅਤੇ ਮੈਂ ਕਿਹਾ, "ਤੁਸੀਂ ਉਸਦੇ ਨਾਲ ਆਓ।" ਮੈਨੂੰ ਇੱਕ ਛੋਟਾ ਜਿਹਾ ਅਜੀਬ ਅਹਿਸਾਸ ਹੋਇਆ।

102 ਅਤੇ ਜਦੋਂ ਉਹ ਛੋਟੀ ਕੁੜੀ ਆਈ, ਉਸ ਸਵੇਰ, ਮੇਕਅੱਪ ਕਾਰਣ, ਨੀਲੇ ਦਿੱਖਣ ਵਾਲੇ ਬੁੱਲ੍ਹਾਂ ਦੇ ਨਾਲ, ਅਤੇ ਜਿਵੇਂ ਕਿ ਸਕੂਲ ਉਨ੍ਹਾਂ ਤੋਂ ਕਰਵਾਉਂਦਾ ਹੈ। ਅਤੇ—ਅਤੇ ਛੋਟੀ ਜਿਹੀ ਚੀਜ਼ ਆਉਂਦੀ ਹੈ। ਮੈਨੂੰ ਨਹੀਂ ਪਤਾ ਸੀ ਕਿ ਉਹ ਕੌਣ ਹੋਵੇਗੀ; ਮੈਨੂੰ ਫ਼ੋਨ ਤੇ ਬੁਲਾਉਣ ਵਾਲੀ ਸੀ। ਮੈਂ ਉਸਦਾ ਹੱਥ ਫੜ ਲਿਆ। ਮੈਂ ਕਿਹਾ, "ਸ਼ੁਭ ਸਵੇਰ, ਭੈਣ।" ਉਹ ਉੱਥੇ ਸੀ। ਇਹ ਉਹੀ ਸੀ। ਬਸ ਕੁਝ ਹੀ ਪਲਾਂ ਵਿੱਚ, ਉਸਦੀ ਮਾਂ ਵੱਲ ਨਿਗਾਹ ਮਾਰੀ ਅਤੇ ਦੋਹਾਂ ਨੂੰ ਪਰਮੇਸ਼ੁਰ ਤੋਂ ਬਿਨਾਂ, ਮਸੀਹ ਤੋਂ ਬਿਨਾਂ ਦੇਖਿਆ। ਮੈਂ ਕਿਹਾ, "ਤੁਸੀਂ ਇਸ ਬੁਨਿਆਦ ਤੇ ਚੰਗਾਈ ਦੀ ਉਮੀਦ ਕਿਵੇਂ ਕਰ ਸਕਦੇ ਹੋ? ਕੀ ਤੁਸੀਂ ਯਿਸੂ ਮਸੀਹ ਨੂੰ ਆਪਣਾ

ਨਿੱਜੀ ਮੁਕਤੀਦਾਤਾ ਸਵੀਕਾਰ ਕਰੋਗੇ?" ਮੈਂ ਕਿਹਾ, "ਕੀ ਤੁਸੀਂ ਇੱਥੇ ਇਸ ਤਲਾਅ ਵਿੱਚ ਆ ਕੇ ਆਪਣੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਓਗੇ?"

ਓਹਨਾਂ ਨੇ ਕਿਹਾ, "ਅਸੀਂ ਅਜਿਹਾ ਕਰਾਂਗੇ।"

103 ਔਹ, ਤੁਸੀਂ ਜਾਣਦੇ ਹੋ ਕੀ ਹੋਇਆ। ਹੋ ਸਕਦਾ ਹੈ ਉਹ ਔਰਤ ਅੱਜ ਸਵੇਰੇ ਇੱਥੇ ਬੈਠੀ ਹੋਵੇ। ਤੁਹਾਡੇ ਵਿੱਚੋਂ ਬਹੁਤ ਸਾਰੇ ਇਸ ਮਾਮਲੇ ਬਾਰੇ ਜਾਣਦੇ ਹਨ। ਭਾਈ ਮਾਈਕ ਈਗਨ, ਇੱਥੇ ਟਰੱਸਟੀਆਂ ਵਿੱਚੋਂ ਇੱਕ ਹੈ, ਉਸ ਨੇ ਇਸ ਮਾਮਲੇ ਨੂੰ ਦੇਖਿਆ। ਇਹ ਕੋਈ ਚਾਰ ਜਾਂ ਪੰਜ ਸਾਲ ਪਹਿਲਾਂ ਦੀ ਗੱਲ ਹੈ। ਛੋਟੀ ਕੁੜੀ ਨੂੰ ਡਾਕਟਰ ਕੋਲ ਵਾਪਸ ਲਿਜਾਇਆ ਗਿਆ, ਉਸ ਵਿੱਚ ਹਾਜਕਿਨ ਬਿਮਾਰੀ ਦਾ ਇੱਕ ਨਿਸ਼ਾਨ ਵੀ ਨਹੀਂ ਮਿਲਿਆ।

104 ਮਾਮਲਾ ਕੀ ਸੀ? ਤੁਹਾਨੂੰ ਪਹਿਲਾਂ ਰਾਹ ਖੋਲ੍ਹਣਾ ਪਵੇਗਾ। ਤੁਹਾਨੂੰ ਉਸ ਸਿਪਾਹੀ ਨੂੰ ਲੈਣਾ ਪਵੇਗਾ, ਜੋ ਪਵਿੱਤਰ ਆਤਮਾ ਹੈ, ਉਸ ਨੂੰ ਲੜਾਈ ਦੇ ਮੋਰਚੇ ਤੇ ਰੱਖਣਾ ਹੈ, ਜੋ ਪਰਮੇਸ਼ੁਰ ਦੇ ਵਚਨ ਨੂੰ ਲੈਂਦਾ ਹੈ। ਉਹ ਵਚਨ ਹੈ। ਅਤੇ ਉਹ ਉਥੇ ਖੜ੍ਹਾ ਹੈ, ਫਿਰ ਇਸ ਨੂੰ ਰੋਕਣ ਲਈ ਕੁਝ ਵੀ ਨਹੀਂ ਹੈ। ਕੁਝ ਵੀ ਨਹੀਂ ਹੋ ਸਕਦਾ...ਦੂਜੇ ਰਾਹਾਂ ਵਿੱਚੋਂ ਹਰ ਇੱਕ ਨੂੰ ਸਾਫ਼ ਕਰ ਦਿੱਤਾ ਗਿਆ ਹੈ। ਜਿਵੇਂ ਇੱਕ ਪੁਰਾਣੀ ਚਿੱਮਣੀ ਵਾਲੀ ਭੱਠੀ ਬੰਦ ਹੋ ਗਈ ਹੋਵੇ; ਤੁਸੀਂ ਅੱਗ ਲਗਾਓ, ਇਹ ਤੁਹਾਡੀ ਚੀਜ਼ ਨੂੰ ਉਡਾ ਦੇਵੇਗੀ। ਉੱਡੇ-ਹੋਏ ਮਸੀਹੀਆਂ ਨਾਲ ਇਹੀ ਪਰੇਸ਼ਾਨੀ ਹੈ, ਕਿਉਂਕਿ ਉਹ ਰਾਹ ਨੂੰ ਸਾਫ਼ ਨਹੀਂ ਕਰਦੇ, ਉਹ ਅੰਦਰ ਤੱਕ ਨਹੀਂ ਜਾਂਦੇ। ਤੁਹਾਨੂੰ ਇਸ ਨੂੰ ਸਾਫ਼ ਕਰਨਾ ਪਏਗਾ, ਅੰਤਹਕਰਨ, ਯਾਦਦਾਸ਼ਤ, ਵਿਚਾਰ, ਸਭ ਕੁਝ ਇਕ ਪਾਸੇ ਰੱਖ ਕੇ, ਅਤੇ ਅੰਦਰੋਂ ਬਾਹਰੋਂ ਆਉਣਾ ਪਵੇਗਾ, ਪਰਮੇਸ਼ੁਰ ਦੇ ਉਸ ਖਾਲਸ ਵਚਨ ਨਾਲ, ਕਿ ਇਹ ਸੱਚਾਈ ਹੈ।

105 ਕੋਈ ਫਰਕ ਨਹੀਂ ਪੈਂਦਾ ਜੇ ਅੱਜ, ਭਰੋਸਾ ਕਰਦੇ ਹੋਏ, *ਇਸ* ਪਾਸੇ ਦਸ ਹਜ਼ਾਰ ਮਰ ਗਏ ਹਨ; ਕੱਲ੍ਹ ਨੂੰ, ਭਰੋਸਾ ਕਰਦੇ ਹੋਏ, ਦਸ ਹਜ਼ਾਰ *ਉਸ* ਪਾਸੇ ਮਰ ਜਾਂਦੇ ਹਨ; ਇਸਦਾ ਮੇਰੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਮੈਂ ਵਿਅਕਤੀ ਹਾਂ। ਮੈਂ ਉਹ ਹਾਂ ਜੋ ਭਰੋਸਾ ਕਰਦਾ ਹੈ। ਮੈਂ ਉਹ ਹਾਂ ਜੋ ਇਸ ਤੇ ਵਿਸ਼ਵਾਸ ਕਰਦਾ ਹਾਂ। ਅਤੇ ਅਸੀਂ ਪਿੱਛੇ ਵੇਖਦੇ ਹਾਂ, ਜੇਕਰ ਤਦ ਅਸੀਂ ਆਪਣੇ ਮਾਰਗਾਂ ਨੂੰ ਖੋਲ੍ਹਣਾ ਚਾਹੁੰਦੇ, ਜੇ ਅਸੀਂ ਕਰ ਸਕਦੇ ਹਾਂ, ਅਤੇ ਵੇਖਦੇ। ਅਸੀਂ *ਇਸ* ਨੂੰ ਅਤੇ *ਉਸ* ਨੂੰ, ਅਤੇ *ਇਸ* ਨੂੰ ਅਤੇ *ਉਸ* ਨੂੰ, ਉਨ੍ਹਾਂ ਵਿੱਚੋਂ ਹਜਾਰਾਂ ਨੂੰ, ਗਵਾਹੀ ਦਿੰਦੇ ਹੋਏ ਵੇਖਦੇ ਹਾਂ।

106 ਪਰ ਸ਼ੈਤਾਨ ਉਸੇ ਵੇਲੇ ਵਾਪਸ ਆਉਣ ਦੀ ਕੋਸ਼ਿਸ਼ ਕਰੇਗਾ। ਦੇਖੋ, ਜੇ ਉਹ ਉੱਥੇ ਅੰਦਰ ਆ ਸਕਦਾ ਹੈ, ਤਾਂ, ਉਸ ਨੇ ਤੁਹਾਡੀ ਫੌਜ ਨੂੰ ਉਸੇ ਵੇਲੇ ਰੋਂਦ ਦਿੱਤਾ ਹੈ।

107 ਜੇ ਤੁਹਾਡੇ ਕੋਲ ਤੁਹਾਡੀਆਂ ਇੰਦਰੀਆਂ ਹਨ, ਦੇਖਣਾ, ਸੁਆਦ, ਮਹਿਸੂਸ ਕਰਨਾ, ਸੁੰਘਣਾ ਅਤੇ ਸੁਣਨਾ, ਉਹ ਸਭ ਠੀਕ ਹਨ, ਪਰ ਜਦੋਂ ਤੱਕ ਉਹ ਵਚਨ ਨਾਲ ਸਹਿਮਤ ਨਹੀਂ ਹੁੰਦੀਆਂ ਉਹਨਾਂ ਉੱਤੇ ਭਰੋਸਾ ਨਾ ਕਰੋ। ਉਹ ਸਭ ਠੀਕ ਹਨ, ਪਰ, ਜੇਕਰ ਉਹ ਵਚਨ ਨਾਲ ਅਸਹਿਮਤ ਹਨ, ਤਾਂ ਤੁਸੀਂ ਉਹਨਾਂ ਦੀ ਗੱਲ ਨਾ ਸੁਣੋ। ਹੁਣ, ਕਲਪਨਾ, ਅੰਤਹਕਰਣ, ਯਾਦਦਾਸ਼ਤ, ਤਰਕ, ਅਤੇ ਮੋਹ, ਜੇਕਰ ਉਹ ਵਚਨ ਨਾਲ ਸਹਿਮਤ ਹਨ ਤਾਂ ਉਹ ਸਭ ਠੀਕ ਹੈ। ਪਰ ਜੇ ਤੁਹਾਡਾ ਮੋਹ ਵਚਨ ਨਾਲ ਸਹਿਮਤ ਨਹੀਂ ਹੈ, ਤਾਂ ਇਸ ਤੋਂ ਛੁਟਕਾਰਾ ਪਾਓ। ਤੁਸੀਂ ਛੇਤੀ ਹੀ, ਇੱਕ ਚਿੱਮਣੀ ਉਡਾ ਦਿਓਗੇ। ਸਮਝੇ? ਜੇ ਤੁਹਾਡਾ ਤਰਕ ਵਚਨ ਨਾਲ ਅਸਹਿਮਤ ਹੈ, ਤਾਂ ਇਸ ਤੋਂ ਦੂਰ ਹੋ ਜਾਓ। ਇਹ ਠੀਕ ਹੈ। ਇੰਜਣ...ਜੇ ਤੁਹਾਡੀ ਯਾਦਾਸ਼ਤ, ਜੇ ਤੁਹਾਡੀ ਕਲਪਨਾ, ਜੇ ਤੁਹਾਡਾ ਅੰਤਹਕਰਣ, ਕੁਝ ਵੀ, ਇਸ ਨਾਲ ਅਸਹਿਮਤ ਹੈ ਜੋ ਅੰਦਰ ਹੈ, ਇਸ ਤੋਂ ਛੁਟਕਾਰਾ ਪਾਓ।

108 ਫਿਰ ਤੁਹਾਡੇ ਕੋਲ ਕੀ ਹੈ? ਤੁਹਾਡੇ ਕੋਲ ਇੱਕ ਸੂਰਜ ਮੰਡਲ ਹੈ। ਹਲਲੂਯਾਹ! ਇਹ, ਪਰਮੇਸ਼ੁਰ ਨੇ ਤਾਰਿਆਂ ਨੂੰ ਕ੍ਰਮਬੱਧ ਕੀਤਾ ਅਤੇ ਕਿਹਾ, "ਉੱਥੇ ਰੁਕੋ ਜਦੋਂ ਤੱਕ ਮੈਂ ਤੁਹਾਨੂੰ ਨਹੀਂ ਬੁਲਾਵਾਂਗਾ!" ਉਹ ਉਥੇ ਹੀ ਰਹਿੰਦੇ ਹਨ। ਕੁਝ ਵੀ ਉਹਨਾਂ ਨੂੰ ਹਿਲਾਉਣ ਵਾਲਾ ਨਹੀਂ ਹੈ। ਜਦੋਂ ਪਰਮੇਸ਼ੁਰ ਮਨੁੱਖ ਨੂੰ ਆਪਣੇ ਹੱਥਾਂ ਵਿੱਚ ਲੈ ਸਕਦਾ ਹੈ, ਇੱਥੋਂ ਤੱਕ ਉਹ ਉਸਦੀਆਂ ਇੰਦਰੀਆਂ, ਅੰਤਹਕਰਣ, ਸਭ ਕੁਝ ਸਾਫ਼ ਕਰ ਦਿੰਦਾ ਹੈ, ਜਦੋਂ ਤੱਕ ਪਰਮੇਸ਼ੁਰ ਦੇ ਪਿੱਛੇ ਖੜ੍ਹਾ ਰਹਿੰਦਾ ਹੈ, ਆਤਮਾ ਵਿੱਚ, ਦੁਨੀਆਂ ਵਿੱਚ ਕੋਈ ਸ਼ੈਤਾਨ ਨਹੀਂ ਹੈ ਜੋ ਉੱਥੇ ਸ਼ੱਕ ਪੈਦਾ ਕਰ ਸਕਦਾ ਹੈ। ਇਹ ਠੀਕ ਹੈ।

ਉਹ ਆਲੇ ਦੁਆਲੇ ਆ ਕੇ ਕਹਿੰਦਾ ਹੈ, "ਤੁਸੀਂ ਕੁਝ ਬਿਹਤਰ ਮਹਿਸੂਸ ਨਹੀਂ ਕਰਦੇ।"

109 ਤੁਹਾਡਾ ਅੰਤਹਕਰਣ ਕੱਦ ਦਾ ਚਲਾ ਗਿਆ ਹੈ। ਚਿੱਮਣੀ ਐਨੀ ਸਾਫ ਹੈ, ਇਹ ਪੁਕਾਰਦੀ ਹੈ, "ਹਾਲੇਲੂਯਾਹ!" ਪਰਨਾਲਾ ਸੀਟੀ ਵਜਾਉਂਦਾ ਹੈ, "ਪਰਮੇਸ਼ੁਰ ਦੀ ਮਹਿਮਾ ਹੋਵੇ!" ਇਹ ਚਮਕਦਾ ਹੈ, ਯਕੀਨਨ, ਬਿਲਕੁਲ ਸਾਫ਼ ਅਤੇ ਸਪੱਸ਼ਟ, ਇਸ ਵਿੱਚ ਪਰਮੇਸ਼ੁਰ ਦੇ ਵਚਨ ਨੂੰ ਕੰਮ ਕਰਨ ਲਈ, ਪਰਮੇਸ਼ੁਰ ਦੀ ਸ਼ਕਤੀ ਦੁਆਰਾ। ਸਮਝੇ? ਇਹ ਮੁੱਖ ਗੱਲ ਹੈ।

110 ਉੱਥੇ ਤੁਹਾਡੀ ਜੰਗ ਦਾ ਮੈਦਾਨ ਹੈ। ਤੁਹਾਡੀ ਜੰਗ ਦਾ ਮੈਦਾਨ ਇੱਥੇ ਸ਼ੁਰੂਆਤ ਵਿੱਚ ਵਾਪਸ ਆ ਗਿਆ ਹੈ, ਇੱਥੇ ਵਾਪਸ ਪ੍ਰਾਣ ਵਿੱਚ, ਵਾਪਸ

ਤੁਹਾਡੇ ਦਿਮਾਗ ਵਿੱਚ ਜੋ ਖੁੱਲ੍ਹਦਾ ਹੈ। ਦਿਮਾਗ ਪ੍ਰਾਣ ਤਕ ਜਾਣ ਦਾ ਦਰਵਾਜ਼ਾ ਹੈ, ਸਗੋਂ, ਆਤਮਾ ਤਕ ਜਾਣ ਦਾ ਦਰਵਾਜ਼ਾ ਹੈ। ਤੁਹਾਡਾ ਦਿਮਾਗ ਖੁੱਲ੍ਹ ਜਾਂਦਾ ਹੈ ਅਤੇ ਆਤਮਾ ਨੂੰ ਸਵੀਕਾਰ ਕਰਦਾ ਹੈ, ਜਾਂ ਇਹ ਆਤਮਾ ਨੂੰ ਰੱਦ ਕਰਦਾ ਹੈ। ਤੁਹਾਡੇ ਕੋਲ ਥੋੜੀ ਜਿਹੀ ਚੇਤਨਾ, ਅਤੇ ਥੋੜ੍ਹੀਆਂ ਭਾਵਨਾਵਾਂ, ਅਤੇ ਛੋਟੀਆਂ ਸੰਵੇਦਨਾਵਾਂ, ਇਹ ਸਾਰੀਆਂ ਚੀਜ਼ਾਂ ਹੋ ਸਕਦੀਆਂ ਹਨ। ਇਸ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਸਿਰਫ ਛੋਟੀਆਂ ਭਾਵਨਾਵਾਂ ਅਤੇ ਚੀਜ਼ਾਂ ਹਨ। ਪਰ ਜਦੋਂ ਇਹ ਅਸਲੀਅਤ ਵਿੱਚ ਆਉਂਦੀ ਹੈ, ਤਾਂ ਤੁਹਾਡਾ ਦਿਮਾਗ ਇਸਨੂੰ ਖੋਲ੍ਹਦਾ ਹੈ। ਤੁਹਾਡਾ ਦਿਮਾਗ ਜਾਂ ਤਾਂ ਇਸਨੂੰ ਸਵੀਕਾਰ ਕਰਦਾ ਹੈ ਜਾਂ ਇਸਨੂੰ ਰੱਦ ਕਰਦਾ ਹੈ। ਇਹੀ ਹੈ, ਦੋਸਤੋ।

ਪਰਮੇਸ਼ੁਰ, ਇਹਨਾਂ ਵਿੱਚੋਂ ਕੋਈ ਇਸ ਖੁੰਝ ਨਾ ਜਾਵੇ।

111 ਦੇਖੋ, ਇਹ ਤੁਹਾਡਾ ਦਿਮਾਗ ਹੈ ਜੋ ਦਰਵਾਜ਼ਾ ਖੋਲ੍ਹਦਾ ਹੈ; ਜਾਂ ਦਰਵਾਜ਼ਾ ਬੰਦ ਕਰ ਦਿੰਦਾ ਹੈ, ਅਤੇ ਤੁਹਾਡੇ ਅੰਤਹਕਰਣ ਦੀ ਸੁਣਦਾ ਹੈ, ਤੁਹਾਡੀ ਯਾਦਾਸ਼ਤ ਨੂੰ ਸੁਣਦਾ ਹੈ, ਤੁਹਾਡੇ ਮੋਹ ਨੂੰ ਸੁਣਦਾ ਹੈ। ਪਰ ਜਦੋਂ ਤੁਹਾਡਾ ਮਨ ਇਹਨਾਂ ਗੱਲਾਂ ਵੱਲੋਂ ਆਪਣੇ ਆਪ ਨੂੰ ਬੰਦ ਕਰ ਲੈਂਦਾ ਹੈ, ਅਤੇ ਪਰਮੇਸ਼ੁਰ, ਉਸਦੇ ਵਚਨ ਦੀ ਆਤਮਾ ਨੂੰ, ਅੰਦਰ ਆਉਣ ਦਿੰਦਾ ਹੈ, ਇਹ ਬਾਕੀ ਦੇ ਸਮਾਨ ਨੂੰ ਉਡਾ ਦਿੰਦਾ ਹੈ। ਹਰ ਸ਼ੱਕ ਦੂਰ ਹੋ ਜਾਂਦਾ ਹੈ। ਹਰ ਡਰ ਦੂਰ ਹੋ ਜਾਂਦਾ ਹੈ। ਸੰਦੇਹ ਦੀ ਹਰ ਭਾਵਨਾ ਖਤਮ ਹੋ ਜਾਂਦੀ ਹੈ। ਹਰੇਕ ਭਾਵਨਾ ਖਤਮ ਹੋ ਜਾਂਦੀ ਹੈ। ਉੱਥੇ ਪਰਮੇਸ਼ੁਰ ਦੇ ਵਚਨ ਤੋਂ ਇਲਾਵਾ ਕੁਝ ਵੀ ਖੜਾ ਨਹੀਂ ਰਹਿੰਦਾ, ਅਤੇ ਸ਼ੈਤਾਨ ਇਸਦੇ ਵਿਰੁੱਧ ਲੜ ਨਹੀਂ ਸਕਦਾ। ਨਹੀਂ, ਸ਼੍ਰੀ ਮਾਨ। ਉਹ ਇਸ ਦੇ ਵਿਰੁੱਧ ਲੜ ਨਹੀਂ ਸਕਦਾ। ਹੁਣ, ਅਸੀਂ ਜਾਣਦੇ ਹਾਂ ਕਿ ਇਹ ਸੱਚ ਹੈ।

112 ਇਹ ਲੜਾਈਆਂ ਅਦਨ ਦੇ ਬਾਗ਼ ਦੇ ਦਿਨ ਤੋਂ, ਮਨੁੱਖੀ ਦਿਮਾਗ ਵਿੱਚ ਲੜੀਆਂ ਗਈਆਂ ਹਨ। ਸ਼ੈਤਾਨ ਨੇ ਇਸ ਦੀ ਸ਼ੁਰੂਆਤ ਕੀਤੀ। ਜਦੋਂ ਉਹ ਹੱਵਾਹ ਨੂੰ ਮਿਲਿਆ ਤਾਂ ਉਸਨੇ ਕੀ ਕੀਤਾ? ਉਸਨੇ ਪਰਮੇਸ਼ੁਰ ਦੇ ਵਚਨ ਤੋਂ ਇਨਕਾਰ ਨਹੀਂ ਕੀਤਾ, ਪਰ ਉਸਨੇ ਇਸਨੂੰ ਸਫ਼ੈਦੀ ਕੀਤਾ ਹੋਇਆ ਬਣਾਇਆ। ਉਸਨੇ ਕੁਝ ਛੋਟੇ ਮਾਰਗਾਂ ਨੂੰ ਇੱਥੇ ਕਿਤੇ ਬੰਦ ਕਰ ਦਿੱਤਾ। ਉਸ ਨੇ ਕਿਹਾ, "ਪਰ ਯਕੀਨਨ ਪਰਮੇਸ਼ੁਰ…" ਉਤਪਤ 3:1। ਸਮਝੇ? "ਯਕੀਨਨ, ਪਰਮੇਸ਼ੁਰ, ਉਹ ਸਭ ਚੀਜਾਂ ਜਿਸ ਦਾ ਉਸ—ਉਸ—ਉਸ ਨੇ ਵਾਅਦਾ ਕੀਤਾ ਸੀ…" ਉਹ ਜਾਣਦਾ ਸੀ ਕਿ ਵਚਨ ਸਹੀ ਸੀ। ਪਰ ਉਹ ਜਾਣਦਾ ਸੀ ਕਿ ਉਹ ਸਿੱਧਾ ਬਾਹਰ ਆ ਕੇ ਇਸ ਨੂੰ ਨਕਾਰ ਨਹੀਂ ਸਕਦਾ, ਐਵੇਂ ਹੀ ਇਸ ਤਰ੍ਹਾਂ ਰੌਲਾ ਨਹੀਂ ਪਾ ਸਕਦਾ, ਪਰ ਉਸ—ਉਸ—ਉਸ ਨੇ ਇਸਨੂੰ ਖੰਡ-ਦੀ ਪਰਤ ਚੜ੍ਹਾਈ।

113 ਜਿਵੇਂ ਮਾਂ ਸਾਨੂੰ ਦਵਾਈ ਲੈਣ ਲਈ ਲਿਆਉਂਦੀ ਸੀ, ਅਤੇ ਉਹ ਅਰਿੰਡ ਦੇ ਤੇਲ ਵਿੱਚ ਸੰਤਰੇ ਦਾ ਰਸ ਮਿਲਾਉਣ ਦੀ ਕੋਸ਼ਿਸ਼ ਕਰਦੀ ਸੀ। ਮੇਰੇ, ਇਸ ਨਾਲੋਂ ਚੰਗਾ ਹੈ ਕਿ ਸੰਤਰੇ ਦੇ ਰਸ ਤੋਂ ਬਿਨਾਂ ਹੀ ਅਰਿੰਡ ਦਾ ਤੇਲ ਪੀ ਲਿਆ ਜਾਵੇ! ਕੁਝ ਵੀ ਜੋ ਧੋਖਾ ਹੈ! ਵੇਖਿਆ? ਉਹ...ਸਾਨੂੰ ਰਾਤ ਨੂੰ ਉੱਠਣਾ ਪੈਂਦਾ ਸੀ, ਅਤੇ ਉਹ ਸਾਨੂੰ ਖਰਖਰੀ ਲਈ, ਕੋਲੇ ਦਾ ਤੇਲ ਦਿੰਦੀ ਸੀ। ਅਤੇ ਉਹ ਕੋਲੇ ਦਾ ਤੇਲ ਲੈਂਦੀ ਸੀ, ਅਤੇ ਇਸ ਨੂੰ ਖੰਡ ਨਾਲ ਢੱਕ ਦਿੰਦੀ ਸੀ; ਦੇਖੋ, ਇੱਕ ਕਿਸਮ ਦਾ ਧੋਖਾ ਹੁੰਦਾ ਸੀ। ਪਰ ਇਹ ਤੁਹਾਡੇ ਟੌਨਸਿਲਾਂ ਜਾਨੀ ਗਲੇ ਦੇ ਤੰਤੂਆਂ ਨੂੰ, ਲੱਗਭਗ ਸਾੜ ਦਿੰਦਾ ਸੀ, ਜੱਦ ਖੰਡ ਹੇਠਾਂ ਚਲੀ ਜਾਂਦੀ ਸੀ।

114 ਖੈਰ, ਇਹ ਇਸ ਤਰ੍ਹਾਂ ਹੈ, ਦੋਸਤ। ਸ਼ੈਤਾਨ ਇਸ ਬਾਰੇ ਧੋਖਾ ਦੇਣ ਲਈ—ਲਈ ਕੋਸ਼ਿਸ਼ ਕਰਦਾ ਹੈ। ਉਹ ਤੁਹਾਨੂੰ ਕੁਝ ਬਿਹਤਰ ਦਿਖਾਉਣ ਦੀ ਕੋਸ਼ਿਸ ਕਰਦਾ ਹੈ, ਇੱਕ ਆਸਾਨ ਤਰੀਕਾ, ਇੱਕ ਵਧੇਰੇ ਸਮਝਦਾਰ ਯੋਜਨਾ। ਪਰ ਇਸ ਤੋਂ ਵੱਧ ਕੋਈ ਹੋਰ ਸਮਝਦਾਰੀ ਵਾਲੀ ਯੋਜਨਾ ਨਹੀਂ ਹੈ ਜੋ ਪਰਮੇਸ਼ੁਰ ਨੇ ਸ਼ੁਰੂ ਵਿੱਚ, ਉਸਦੇ ਵਚਨ ਵਿੱਚ ਰੱਖੀ ਸੀ। ਉਸ ਬਚਨ ਨੂੰ ਫੜੋ। ਇਸ ਤੇ ਇੱਕ ਪਕੜ ਪ੍ਰਾਪਤ ਕਰੋ। ਇਸਨੂੰ ਤੁਹਾਡੇ ਤੇ ਪਕੜ ਬਣਾਉਣ ਦਿਓ। ਇਸ ਦੇ ਨਾਲ ਉੱਥੇ ਹੀ ਰਹੋ। ਇਹੀ ਹੈ—ਇਹੀ ਗੱਲ ਹੈ।

115 ਲੜਾਈ ਉਦੋਂ ਭੜਕ ਗਈ ਜਦੋਂ ਹੱਵਾਹ ਨੇ ਉਸ ਦੇ ਤਰਕ ਸੁਣਨ ਲਈ, ਆਪਣਾ ਦਿਮਾਗ ਖੋਲ੍ਹਿਆ। ਇਹ ਉਹ ਚਿੱਮਣੀ ਹੈ ਜਿਸ ਰਹਿਣ ਇਹ ਅੰਦਰ ਆਇਆ। ਇਹ ਹੈ—ਇਹ ਉਹ ਮਾਰਗ ਹੈ ਜਿਸ ਰਾਹੀਂ ਇਹ ਹੇਠਾਂ ਆਇਆ, ਉਸਦੇ ਤਰਕ ਵਿੱਚ। ਉਸਨੇ, ਆਪਣੇ ਪ੍ਰਾਣ ਵਿੱਚ, ਉਸਨੇ ਤਰਕ ਕੀਤਾ।

116 ਉਸ ਕੋਲ ਅੱਖਾਂ ਦੀ ਨਜ਼ਰ ਸੀ। ਉਸਨੇ ਸੱਪ ਨੂੰ ਦੇਖਿਆ। ਉਹ ਸੋਹਣਾ, ਸੁਨੱਖਾ, ਅਤੇ ਉਸਦੇ ਪਤੀ ਨਾਲੋਂ ਬਹੁਤ ਵਧੀਆ ਸੀ। ਉਹ ਖੇਤ ਦੇ ਸਾਰੇ ਜਾਨਵਰਾਂ ਵਿੱਚੋਂ ਸਭ ਤੋਂ ਚਲਾਕ ਸੀ, ਅਤੇ ਉਹ ਸ਼ਾਇਦ ਉਸਦੇ ਪਤੀ ਨਾਲੋਂ ਇੱਕ ਸੋਹਣਾ ਆਦਮੀ ਸੀ। ਉਹ ਇਸ ਤਰ੍ਹਾਂ ਦਿੱਸਦਾ ਸੀ ਜਿਵੇਂ ਉੱਥੇ ਇੱਕ ਵੱਡਾ ਬਲਵਾਨ ਪਸ਼ੂ ਖਲੋਤਾ ਹੋਵੇ। ਉਹ ਕਿੰਨਾ ਵੱਡਾ ਸੀ! ਅਤੇ ਉਹ ਉਸਨੂੰ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਇਹ ਕਿੰਨੀ ਵੱਡੀ ਚੀਜ਼ ਸੀ।

117 ਅਤੇ ਪਹਿਲੀ ਗੱਲ ਜੋ ਉਸਨੇ ਕੀਤੀ, ਉਸਨੇ ਆਪਣਾ ਦਿਮਾਗ ਖੋਲ੍ਹਿਆ। ਅਤੇ ਜਦੋਂ ਉਸਨੇ ਇਹ ਕੀਤਾ, ਮਨੁੱਖੀ ਤਰਕ ਨੇ ਇਸਨੂੰ ਫੜ ਲਿਆ। “ਕਿਉਂ, ਕੀ ਇਹ ਇੱਕ ਰੋਮਾਂਚ ਨਹੀਂ ਹੋਵੇਗਾ?”

118 ਇਹ ਉਹੀ ਚੀਜ਼ ਹੈ ਜੋ ਉਹ ਅੱਜ ਇੱਕ ਔਰਤ ਨਾਲ ਕਰਦਾ ਹੈ। ਕੋਈ ਇਸਤ੍ਰੀ ਜਿਸਦਾ ਆਪਣਾ ਇੱਕ ਸੋਹਣਾ ਪਤੀ ਹੈ, ਕਿਸੇ ਮਹਾਨ, ਵੱਡੇ, ਬਲਵਾਨ ਪੁਰਸ਼ ਨੂੰ ਮਿਲਦੀ ਹੈ। ਇਹ ਆਦਮੀ ਤਰਕਾਂ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰੇਗਾ।

ਯਾਦ ਰੱਖੋ, ਇਹ ਸ਼ੈਤਾਨ ਹੈ। ਇਹ ਦੁਸ਼ਟ ਹੈ। ਜਾਂ, ਇਸਦੇ ਉਲਟ, ਆਦਮੀ ਤੋਂ ਔਰਤ, ਔਰਤ ਤੋਂ ਆਦਮੀ, ਕਿਸੇ ਵੀ ਤਰੀਕੇ ਨਾਲ। ਉਹ ਕੀ ਕਰਦਾ ਹੈ? ਉਸ ਤਰਕ ਸ਼ਕਤੀ ਵਿੱਚ ਕੰਮ ਕਰਦਾ ਹੈ, ਉਸ ਅੰਤਹਕਰਣ ਜਾਂ ਕਿਸੇ ਹੋਰ ਚੀਜ਼ ਵਿੱਚੋਂ, ਅੱਗੇ ਵੱਧਣਾ ਸ਼ੁਰੂ ਹੋ ਜਾਂਦਾ ਹੈ।

119 ਪਰ ਪਰਮੇਸ਼ੁਰ ਦੇ ਵਚਨ ਨੂੰ ਪਹਿਲੀ ਥਾਂ ਦਿਓ। ਇੱਕ ਆਦਮੀ ਆ ਵੀ ਨਹੀਂ ਸਕਦਾ...ਉਹ ਪਾਪ ਨਹੀਂ ਕਰ ਸਕਦਾ...ਹਲਲੂਯਾਹ! ਇਹੀ ਗੱਲ ਹੈ। ਇਹ ਆ ਰਿਹਾ ਹੈ, ਤਾਜ਼ਾ। ਇੱਕ ਆਦਮੀ ਉਦੋਂ ਤੱਕ ਪਾਪ ਨਹੀਂ ਕਰ ਸਕਦਾ ਜਦੋਂ ਤੱਕ ਉਹ ਪਰਮੇਸ਼ੁਰ ਦੇ ਵਚਨ ਨੂੰ ਇੱਕ ਪਾਸੇ ਨਹੀਂ ਕਰ ਦਿੰਦਾ। ਉਹ *ਪਾਪ* ਵੀ ਨਹੀਂ ਕਰ ਸਕਦਾ, ਇਹ ਹੈ "ਅਵਿਸ਼ਵਾਸ," ਜਦੋਂ ਤੱਕ ਉਹ ਪਹਿਲਾਂ ਪਰਮੇਸ਼ੁਰ ਦੇ ਵਚਨ, ਪਰਮੇਸ਼ੁਰ ਦੀ ਹਜ਼ੂਰੀ ਤੋਂ ਛੁਟਕਾਰਾ ਨਹੀਂ ਪਾ ਲੈਂਦਾ, ਉਹ ਪਾਪ ਨਹੀਂ ਕਰ ਸਕਦਾ।

120 ਹੱਵਾਹ ਉਦੋਂ ਤੱਕ ਪਾਪ ਨਹੀਂ ਕਰ ਸਕਦੀ ਸੀ ਜਦੋਂ ਤੱਕ ਉਸ ਨੇ ਪਰਮੇਸ਼ੁਰ ਦੇ ਵਚਨ ਨੂੰ ਇੱਕ ਪਾਸੇ ਨਹੀਂ ਰੱਖ ਦਿੱਤਾ, ਉਸਦੇ ਪ੍ਰਾਣ ਦੁਆਰਾ ਉਸਦੇ ਤਰਕ ਦੇ ਮਾਰਗ ਨੂੰ ਖੋਲ੍ਹ ਦਿੱਤਾ, ਅਤੇ ਤਰਕ ਕਰਨਾ ਸ਼ੁਰੂ ਕਰ ਦਿੱਤਾ। "ਕਿਉਂ, ਜ਼ਰੂਰ। ਮੇਰੇ ਪਤੀ ਨੇ ਮੈਨੂੰ ਇਹ ਗੱਲਾਂ ਕਦੇ ਨਹੀਂ ਦੱਸੀਆਂ, ਪਰ ਮੈਂ ਵਿਸ਼ਵਾਸ ਕਰਦੀ ਹਾਂ ਕਿ ਤੂੰ...ਉਸਨੇ ਮੈਨੂੰ ਕਿਹਾ ਕਿ ਮੈਨੂੰ ਅਜਿਹਾ ਨਹੀਂ ਕਰਨਾ ਚਾਹੀਦਾ, ਪਰ, ਤੁਸੀਂ ਜਾਣਦੇ ਹੋ, ਤੁਸੀਂ ਇਸਨੂੰ ਬਹੁਤ ਅਸਲੀ ਅਤੇ ਇੰਨਾ ਸਾਦਾ ਬਣਾਉਂਦੇ ਹੋ। ਮੇਰਾ—ਮੇਰਾ ਮੰਨਣਾ ਹੈ ਕਿ ਇਹ ਸ਼ਾਨਦਾਰ ਹੋਵੇਗਾ, ਕਿਉਂਕਿ ਤੁਸੀਂ ਇਸਨੂੰ ਮੇਰੇ ਲਈ ਬਹੁਤ ਸਪੱਸ਼ਟ ਬਣਾ ਰਹੇ ਹੋ।" ਦੇਖੋ, ਉੱਥੇ ਇਹ ਪਹਿਲੀ ਲੜਾਈ ਸੀ। ਅਤੇ, ਉਹ ਲੜਾਈ, ਹਰ ਦੂਜੇ ਯੁੱਧ ਦਾ ਕਾਰਨ ਬਣੀ ਹੈ। ਅਤੇ ਹਰ ਖ਼ੂਨਖ਼ਰਾਬਾ ਜੋ ਕਦੇ ਹੋਇਆ ਹੈ, ਉਹ ਉੱਥੇ ਅਦਨ ਵਿੱਚ ਹੀ ਹੋਇਆ ਸੀ। ਉਸਨੇ ਪਰਮੇਸ਼ੁਰ ਦੇ ਬਚਨ ਦੀ ਬੇਪਰਤੀਤੀ ਕੀਤੀ।

121 ਅਤੇ ਜੇ ਪਰਮੇਸ਼ੁਰ ਦੇ ਵਚਨ ਦੇ ਇੱਕ ਛੋਟੇ ਜਿਹੇ ਅੰਸ ਤੇ ਕੀਤਾ ਹੋਇਆ ਅਵਿਸ਼ਵਾਸ, ਇਸ ਸਾਰੀ ਮੁਸੀਬਤ ਦਾ ਕਾਰਨ ਬਣਿਆ, ਤਾਂ ਵਚਨ ਦੀ ਬੇਪਰਤੀਤੀ ਕਰਦੇ ਹੋਏ, ਅਸੀਂ ਕਿਵੇਂ ਵਾਪਸ ਜਾਵਾਂਗੇ? ਤੁਸੀਂ ਇਹ ਨਹੀਂ ਕਰ ਸਕਦੇ। ਇਨ੍ਹਾਂ ਸਾਰੀਆਂ ਚੀਜਾਂ ਨੂੰ ਬੰਦ ਕਰਨਾ ਪਵੇਗਾ, ਅੰਤਹਕਰਣ, ਯਾਦਾਸ਼ਤ, ਅਤੇ ਜਿਵੇਂ...ਤਰਕ ਅਤੇ ਹੋਰ ਸਾਰੀਆਂ ਚੀਜਾਂ। "ਤਰਕ ਨੂੰ ਖਾਰਿਜ ਕਰੋ।" ਅਸੀਂ ਇਸ ਬਾਰੇ ਕੋਈ ਤਰਕ ਨਹੀਂ ਕਰਦੇ, ਬਿਲਕੁਲ ਵੀ ਨਹੀਂ, ਕੁਝ ਵੀ ਨਹੀਂ।

122 ਅਸੀਂ ਕੇਵਲ ਇਸ ਬੁਨਿਆਦ ਤੇ ਵਚਨ ਨੂੰ ਸਵੀਕਾਰ ਕਰਦੇ ਹਾਂ ਕਿ, "ਪਰਮੇਸ਼ੁਰ ਨੇ ਇੰਝ ਕਿਹਾ ਸੀ," ਅਤੇ ਤੁਹਾਡੇ ਅਤੇ ਪ੍ਰਮਾਤਮਾ ਦੇ ਵਿਚਕਾਰ

ਇੱਕ ਧਾਰਾ ਨੂੰ ਬਣਾਉਂਦਾ ਹੈ। ਤਦ, ਤੁਹਾਡੇ ਅਤੇ ਪਰਮੇਸ਼ੁਰ ਵਿਚਲਾ ਹਰੇਕ ਮਾਰਗ ਖੁੱਲ ਜਾਂਦਾ ਹੈ।

123 ਇੱਥੇ ਲੜਾਈ ਹੈ, ਸਭ ਤੋਂ ਪਹਿਲੀ, ਅਗਲਾ ਮੋਰਚਾ। .22 ਰਾਈਫਲ ਦੀ ਵਰਤੋਂ ਨਾ ਕਰੀਏ; ਆਓ ਇੱਕ—ਇੱਕ ਪਰਮਾਣੂ ਬੰਬ ਲਈਏ। ਆਓ ਕੰਮ ਨੂੰ ਸਹੀ ਤਰੀਕੇ ਨਾਲ ਕਰੀਏ। ਆਓ ਪਰਮੇਸ਼ੁਰ ਦਾ ਪਰਮਾਣੂ ਬੰਬ ਲਈਏ। “ਇਹ ਕੀ ਹੈ, ਭਾਈ ਬ੍ਰਨਹਾਮ?” ਉਸਦੇ ਵਚਨ ਵਿੱਚ ਵਿ-ਸ਼-ਵਾ-ਸ। ਇਹ ਪਰਮੇਸ਼ੁਰ ਦਾ ਪਰਮਾਣੂ ਬੰਬ ਹੈ। ਇਹ ਬਿਮਾਰੀ ਅਤੇ ਦੁਸ਼ਟਾਂ ਨੂੰ, ਸੱਜੇ ਅਤੇ ਖੱਬੇ ਉਡਾ ਦਿੰਦਾ ਹੈ। ਇਹ—ਇਹ ਉਹਨਾਂ ਨੂੰ ਤਬਾਹ ਕਰ ਦਿੰਦਾ ਹੈ। ਟੋਟੇ ਕਰ ਦਿੰਦਾ ਹੈ...ਔਹ, ਇਹ...ਇਹ ਬੱਸ ਤਬਾਹ ਕਰ ਦਿੰਦਾ ਹੈ। ਇਹ ਉਸ ਹਰੇਕ ਚੀਜ਼ ਦੇ ਟੋਟੇ ਟੋਟੇ ਕਰ ਦਿੰਦਾ ਹੈ ਜੋ ਭ੍ਰਿਸ਼ਟ ਹੈ। ਜਦੋਂ ਵਿਸ਼ਵਾਸ ਦਾ ਉਹ ਬੰਬ ਉੱਥੇ ਡਿੱਗਦਾ ਹੈ, ਇਸਦੇ ਪਿੱਛੇ ਪਰਮੇਸ਼ੁਰ ਦੇ ਵਚਨ ਦੇ ਨਾਲ, ਇਹ ਹਰੇਕ ਸ਼ੈਤਾਨ ਨੂੰ, ਹਰੇਕ ਬਿਮਾਰੀ, ਹਰ ਰੋਗ ਨੂੰ ਉਡਾ ਦਿੰਦਾ ਹੈ।

124 ਤੁਸੀ ਕਹਿੰਦੇ ਹੋ, “ਕੀ ਇਹ ਸਹੀ ਹੈ, ਭਾਈ ਬ੍ਰਨਹਾਮ? ਫਿਰ ਇਹ ਕੁਝ ਤੇ ਕਿਉਂ ਹੁੰਦਾ ਹੈ, ਅਤੇ ਦੂਜਿਆਂ ਤੇ ਨਹੀਂ?”

125 ਇਹ ਮਾਰਗ ਦੇ ਕਾਰਨ ਹੈ। ਤੁਸੀਂ ਇਸ ਨੂੰ ਬਾਹਰ ਦੇਖ ਸਕਦੇ ਹੋ। ਪਰ ਇਹ ਤੁਹਾਡੇ ਕੋਲ *ਇੱਥੇ* ਹੋਣਾ ਚਾਹੀਦਾ ਹੈ, ਇਸ *ਤਰ੍ਹਾਂ* ਨਾਲ ਵੇਖਦੇ ਹੋਏ। *ਉੱਥੇ* ਬਾਹਰ ਨਹੀਂ, ਅੰਦਰ ਵੇਖਦੇ ਹੋਏ; ਤੁਹਾਨੂੰ ਅੰਦਰ ਹੋ ਕੇ, ਬਾਹਰ ਦੇਖਣਾ ਹੈ। ਸਮਝੇ? ਤੁਸੀਂ ਤਰਕ ਰਾਹੀਂ ਨਹੀਂ ਆ ਸਕਦੇ। ਤੁਸੀਂ ਇਹਨਾਂ ਹੋਰ ਚੀਜ਼ਾਂ ਰਾਹੀਂ ਨਹੀਂ ਆ ਸਕਦੇ। ਤੁਹਾਨੂੰ ਇਸ ਦੇ ਪਰਮੇਸ਼ੁਰ ਦੇ ਮਾਰਗ ਦੇ ਬਿਲਕੁਲ ਹੇਠਾਂ ਆਉਣਾ ਹੋਵੇਗਾ, ਸਿੱਧਾ ਪ੍ਰਾਣ ਵਿੱਚ। ਅਤੇ ਤੁਸੀਂ ਇਹ ਕਿਵੇਂ ਕਰਦੇ ਹੋ? ਆਖਰੀ ਮਾਰਗ ਕੀ ਹੈ?

126 ਇਹ ਤਰਕ-...ਬਿਲਕੁਲ ਹੇਠਾਂ। ਤੁਸੀਂ ਕਹਿੰਦੇ ਹੋ, ਇੰਦਰੀਆਂ, “ਔਹ, ਮੈਂ—ਮੈਂ ਇਸਨੂੰ ਮਹਿਸੂਸ ਕਰ ਸਕਦਾ ਹਾਂ। ਹਾਂ, ਇਹ ਉੱਥੇ ਹੈ। ਉਂ-ਹੂੰ। ਔਹ, ਸ਼ਾਇਦ ਮੈਂ—ਮੈਂ ਇਸ ਨੂੰ ਸੁੰਘ ਸਕਦਾ ਹਾਂ, ਜਾਂ ਹੋਰ ਕੁਝ ਵੀ। ਇਹ ਚੀਜ਼ਾਂ ਉਥੇ ਹਨ। ਹਾਂ।” ਅਗਲੀ ਗੱਲ, ਤੁਸੀਂ ਤਰਕ ਕਰਦੇ ਹੋ, “ਖੈਰ, ਇਸ ਤਰ੍ਹਾਂ ਲਗਦਾ ਹੈ ਕਿ ਉਸਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਸ ਬਾਰੇ ਗੱਲ ਕਰ ਰਿਹਾ ਹੈ। ਡਾਕਟਰ ਕਹਿੰਦਾ ਮੈਂ ਠੀਕ ਨਹੀਂ ਹੋ ਸਕਦਾ। ਇਹੀ ਹੋਣਾ ਚਾਹੀਦਾ ਹੈ।” ਤੁਸੀਂ ਵੇਖਿਆ, ਉੱਥੇ ਹੀ ਤੁਸੀਂ—ਤੁਸੀਂ ਗਲਤ ਹੁੰਦੇ ਹੋ। ਇਹ ਤਾਂ ਸ਼ੈਤਾਨ ਹੈ ਜੋ ਉੱਥੇ ਖੜ੍ਹਾ ਹੈ। ਇਹ ਸ਼ੈਤਾਨ ਹੈ ਜੋ ਇਹ ਚੀਜ਼ਾਂ ਤੁਹਾਡੇ ਵਿੱਚ ਧੱਕ ਰਿਹਾ ਹੈ। ਤੁਸੀਂ ਇਸ ਤੇ ਵਿਸ਼ਵਾਸ ਨਾ ਕਰੋ।

127 “ਹਾਲੇਲੂਯਾਹ! ਪਰਮੇਸ਼ੁਰ ਦੇ ਵਚਨ ਨੇ ਕਿਹਾ ਕਿ...‘ਤੂੰ ਸਭਨੀਂ ਗੱਲੀਂ, ਸੁਖ ਸਾਂਦ ਨਾਲ ਅਤੇ ਨਰੋਆ ਰਹਿ।’ ਇਹ ਸਹੀ ਹੈ।” ਤੁਸੀਂ ਉੱਥੇ ਇੱਕ ਅਸਲੀ ਸਿਪਾਹੀ ਕਿਵੇਂ ਹੋ ਸਕਦੇ ਹੋ? ਦੇਖੋ, “‘ਮੈਂ ਚਾਹੁੰਦਾ ਹਾਂ ਕਿ ਤੁਸੀਂ ਤੰਦਰੁਸਤ ਰਹੋ।’”

128 ਉੱਥੇ ਹੀ ਇਹ ਹੈ, ਉੱਥੇ ਹੀ, ਉਹ ਮਾਰਗ ਹਨ। ਤੁਸੀਂ ਉਨ੍ਹਾਂ ਨੂੰ ਲੱਭੋ, ਖੋਲ੍ਹੋ। ਬਸ ਉਹਨਾਂ ਨੂੰ ਟੱਪ ਨਾ ਜਾਓ।

129 ਫਿਰ ਜੇ ਸ਼ੈਤਾਨ ਉੱਥੋਂ ਲੰਘ ਸਕਦਾ ਹੈ, ਅੰਤਹਕਰਣ ਅਤੇ ਇਨ੍ਹਾਂ ਸਾਰੀਆਂ ਚੀਜਾਂ ਰਾਹੀਂ, ਫਿਰ ਉਹ ਇੱਥੇ ਹੀ ਪ੍ਰਾਣ ਦੇ ਅੰਤ ਤੱਕ, ਦਿਮਾਗ ਵਿੱਚ ਆ ਜਾਂਦਾ ਹੈ। ਹੁਣ, ਜੇ ਉਹ ਤੁਹਾਨੂੰ ਲੈ ਲਵੇ...ਤੁਸੀਂ ਉਨ੍ਹਾਂ ਵਿੱਚੋਂ ਇੱਕ ਨੂੰ ਵੀ ਕਦੇ—ਕਦੇ ਨਹੀਂ ਵੇਖੋਂਗੇ ਜਦੋਂ ਤੱਕ ਤੁਸੀਂ ਪਹਿਲਾਂ ਉਸਨੂੰ *ਇੱਥੇ* ਨਹੀਂ ਆਉਣ ਦਿੰਦੇ। ਤੁਹਾਨੂੰ ਉਸਨੂੰ ਅੰਦਰ ਆਉਣ ਦੇਣਾ ਪਵੇਗਾ। ਫਿਰ ਜਦੋਂ ਉਹ ਅੰਦਰ ਜਾਂਦਾ ਹੈ, ਤਾਂ ਨਿਯੰਤਰਣ ਉਸ ਦੇ ਕੋਲ ਹੁੰਦਾ ਹੈ। ਫਿਰ ਉਹ ਕੀ ਕਰਦਾ ਹੈ? ਉਹ ਅੰਤਹਕਰਣ ਦੀ ਵਰਤੋਂ ਕਰਣ ਲੱਗ ਜਾਂਦਾ ਹੈ। ਉਹ *ਇਸ* ਨੂੰ ਵਰਤਣਾ ਸ਼ੁਰੂ ਕਰਦਾ ਹੈ, *ਇਸ* ਪਰਨਾਲੇ ਨੂੰ ਵਰਤਣਾ ਸ਼ੁਰੂ ਕਰਦਾ ਹੈ। ਇਹ ਕੀ ਹੈ? ਦੇਖਣਾ, ਸਵਾਦ, ਮਹਿਸੂਸ ਕਰਨਾ, ਸੁੰਘਣਾ, ਸੁਣਨਾ; ਕਲਪਨਾਵਾਂ, ਅੰਤਹਕਰਣ, ਯਾਦਦਾਸ਼ਤ, ਤਰਕ, ਮੋਹ। ਉਹ ਉਨ੍ਹਾਂ ਸਾਰੇ ਵੱਖ ਵੱਖ ਛੋਟੇ ਮਾਰਗਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੰਦਾ ਹੈ, ਜਿੰਨਾ ਚਿਰ ਉਹ ਅੰਦਰ ਆ ਸਕਦਾ ਹੈ, ਇੱਥੇ *ਇਸ* ਦੇ ਉੱਪਰ। ਉਸ ਨੇ ਪਹਿਲਾਂ, ਤੁਹਾਡੇ ਦਿਮਾਗ ਵਿੱਚ ਆਉਣਾ ਹੈ, ਅਤੇ ਤੁਹਾਨੂੰ ਇਸਨੂੰ ਸਵੀਕਾਰ ਕਰਨਾ ਹੈ। ਇਹ ਕਰ...ਸੁਣੋ। ਇਹ ਤੁਹਾਡੇ ਵਿਰੁੱਧ ਲੜ ਸਕਦਾ ਹੈ, ਪਰ ਇਹ ਤੁਹਾਡੇ ਤੱਕ ਨਹੀਂ ਪਹੁੰਚ ਸਕਦਾ ਜਦੋਂ ਤੱਕ ਤੁਸੀਂ ਇਸਨੂੰ ਸਵੀਕਾਰ ਨਹੀਂ ਕਰਦੇ।

130 ਜਦੋਂ ਸ਼ੈਤਾਨ ਹੱਵਾਹ ਕੋਲ ਆਇਆ, ਅਤੇ ਕਿਹਾ, “ਤੈਨੂੰ ਪਤਾ ਹੈ, ਫਲ ਸੁਹਾਵਣਾ ਹੈ,” ਉਹ ਇੱਕ ਪਲ ਲਈ ਰੁਕ ਗਈ। ਔਹ, ਇੱਥੇ ਹੀ ਉਸਨੇ ਇੱਕ ਗਲਤੀ ਕੀਤੀ, ਜਦੋਂ ਉਹ ਇੱਕ ਪਲ ਲਈ ਰੁਕ ਗਈ।

131 ਕਿਸੇ ਵੀ ਚੀਜ਼ ਲਈ ਨਾ ਰੁਕੋ। ਤੁਹਾਨੂੰ ਸੁਨੇਹਾ ਮਿਲ ਗਿਆ ਹੈ। ਯਿਸੂ ਜਿਉਂਦਾ ਹੈ। ਪਰਮੇਸ਼ੁਰ ਇੱਕ ਚੰਗਾ ਕਰਨ ਵਾਲਾ ਹੈ। ਇਹ ਸੰਦੇਸ਼ ਹੈ। ਕਿਸੇ ਵੀ ਚੀਜ਼ ਲਈ ਨਾ ਰੁਕੋ, ਕਿਸੇ ਤਰਕ ਲਈ ਨਹੀਂ, ਹੋਰ ਕਿਸੇ ਚੀਜ ਲਈ ਨਹੀਂ।

132 ਪਰ ਉਹ ਇੱਕ ਪਲ ਲਈ ਰੁਕ ਗਈ। ਉਦੋਂ ਹੀ ਸ਼ੈਤਾਨ ਸਿੱਧਾ ਉਸਦੇ ਦਿਮਾਗ ਵਿੱਚ ਚਲਿਆ ਗਿਆ। ਉਸ ਨੇ ਕਿਹਾ, “ਖੈਰ, ਇਹ ਜਾਇਜ਼ ਲੱਗਦਾ ਹੈ।” ਔਹ, ਅਜਿਹਾ ਨਾ ਕਰੋ। ਬਸ ਉਹੀ ਲਓ ਜੋ ਪਰਮੇਸ਼ੁਰ ਨੇ ਕਿਹਾ ਹੈ।

133 ਅਬਰਾਹਾਮ, ਕੀ ਹੁੰਦੇ ਜੇ ਉਹ ਤਰਕ ਕਰਨ ਲਈ ਰੁਕ ਜਾਂਦਾ, ਜਦੋਂ ਉਸਨੇ ਉਸਨੂੰ ਦੱਸਿਆ ਕਿ ਉਹ ਸਾਰਾਹ ਦੁਆਰਾ ਇੱਕ ਬੱਚਾ ਪੈਦਾ ਕਰਨ ਜਾ ਰਿਹਾ ਹੈ, ਅਤੇ ਉਹ ਪੈਂਹਠ ਸਾਲ ਦੀ ਸੀ ਅਤੇ ਉਹ ਪੰਝੱਤਰ ਦਾ? ਅਤੇ ਜਦੋਂ ਉਹ ਸੌ ਸਾਲ ਦਾ ਸੀ, ਅਤੇ ਉਹ—ਉਹ ਨੱਬੇ ਦੀ ਸੀ, ਉਹ, ਅਜੇ ਵੀ, ਉਹ—ਉਹ—ਉਸਨੇ ਕਬੂਲ ਕੀਤਾ ਕਿ ਪਰਮੇਸ਼ੁਰ ਦਾ ਵਚਨ ਸੱਚ ਸੀ। ਅਤੇ ਉਸਨੇ ਉਨ੍ਹਾਂ ਚੀਜ਼ਾਂ ਨੂੰ ਉਸ ਤਰ੍ਹਾਂ ਲਿਆ, ਜਿਵੇਂ ਉਹ ਸਨ, ਜਦਕਿ ਉਹ ਨਹੀਂ ਸਨ। ਸਮਝੇ? ਉਹ...ਆਸ ਵੀ, ਕੀ ਕੋਈ ਆਸ ਸੀ? ਉਸਨੇ ਆਸ ਦੀ ਵਰਤੋਂ ਵੀ ਨਹੀਂ ਕੀਤੀ।

134 "ਅੱਛਾ," ਤੁਸੀਂ ਕਹਿੰਦੇ ਹੋ, "ਮੈਨੂੰ ਆਸ ਹੈ ਕਿ ਮੈਂ ਬਿਲਕੁਲ ਠੀਕ ਹੋ ਜਾਵਾਂਗਾ। ਮੈਨੂੰ ਆਸ਼ਾ ਹੈ ਕਿ ਮੈਂ ਠੀਕ ਹੋਵਾਂਗਾ। ਮੈਂ ਆਸ ਕਰਦਾ ਹਾਂ ਕਿ ਮੈਨੂੰ ਪਵਿੱਤਰ ਆਤਮਾ ਮਿਲੇਗਾ। ਮੈਨੂੰ ਆਸ ਹੈ ਕਿ ਮੈਂ ਇੱਕ ਮਸੀਹੀ ਹਾਂ। ਮੈਨੂੰ ਆਸ ਹੈ ਕਿ ਮੈਂ *ਅਜਿਹਾ* ਕਰਾਂਗਾ।" ਤੁਸੀਂ ਇਹ ਨਹੀਂ ਚਾਹੁੰਦੇ।

135 ਅਬਰਾਹਾਮ ਨੇ ਕਦੇ ਉਸ ਵੱਲ ਤੱਕਿਆ ਵੀ ਨਹੀਂ। ਆਮੀਨ। "ਆਸ ਦੇ ਵਿਰੁੱਧ, ਉਹ ਫਿਰ ਵੀ ਪਰਮੇਸ਼ੁਰ ਦੇ ਵਚਨ ਵਿੱਚ ਵਿਸ਼ਵਾਸ ਕਰਦਾ ਸੀ।" ਵਿਸ਼ਵਾਸ ਆਸ ਤੋਂ ਅੱਗੇ ਹੈ। ਵਿਸ਼ਵਾਸ ਪਿੱਛੋਂ, *ਇੱਥੋਂ* ਅੰਦਰੋਂ ਆਉਂਦਾ ਹੈ। ਵਿਸ਼ਵਾਸ *ਇੱਥੋਂ* ਆਉਂਦਾ ਹੈ।

136 ਉਹ ਕਿਵੇਂ ਅੰਦਰ ਆਉਂਦਾ ਹੈ? ਇਸ ਦਿਮਾਗ ਰਾਹੀਂ, ਇਹ—ਇਹ ਦਰਵਾਜ਼ਾ ਹੈ, ਲੜਾਈ ਦਾ ਅਗਲਾ ਮੋਰਚਾ।

137 ਹੁਣ, ਜਦੋਂ ਤੁਹਾਨੂੰ ਲੜਾਈ ਦਾ ਘੇਰਾ ਮਿਲਦਾ ਹੈ! ਹੁਣ, ਸ਼ੈਤਾਨ ਅੱਜ ਸਵੇਰੇ, ਹਰ ਦਿਲ ਦੇ ਕੋਲ ਬੈਠਾ ਹੋਇਆ ਹੈ। ਉਹ ਬੈਠਾ ਹੋਇਆ ਹੈ, ਇਸ ਛੋਟੀ ਕੁੜੀ ਦੇ ਦਿਲ ਕੋਲ। ਉਹ ਤੁਹਾਡੇ ਦਿਲਾਂ ਵਿੱਚ ਬੈਠਾ ਹੋਇਆ ਹੈ। ਉਹ ਉਥੇ ਚਾਰੇ ਪਾਸੇ ਬੈਠਾ ਹੋਇਆ ਹੈ। ਉਹ ਕਹਿ ਰਿਹਾ ਹੈ, "ਔਹ, ਮੈਂ ਤੁਹਾਨੂੰ ਪਹਿਲਾਂ ਕੋਸ਼ਿਸ਼ ਕਰਦੇ ਦੇਖਿਆ ਹੈ। ਮੈਂ ਇਹ ਪਹਿਲਾਂ ਵੀ ਸੁਣਿਆ ਹੈ।"

138 ਉਸਨੂੰ ਬਾਹਰ ਕੱਢ ਦਿਓ। ਇਹੀ ਸਭ ਹੈ। ਉਸਨੂੰ ਬਾਹਰ ਕੱਢ ਦਿਓ। ਬਾਈਬਲ ਨੇ ਇੱਥੇ ਕੀ ਕਿਹਾ, ਸਾਡਾ ਵਿਸ਼ਾ? "ਉਸਨੂੰ ਬਾਹਰ ਕੱਢਣਾ।" ਇਹ ਠੀਕ ਹੈ। "ਉਸਨੂੰ ਬਾਹਰ ਕੱਢਣਾ।" ਸਾਨੂੰ ਸਿਖਲਾਈ ਦਿੱਤੀ ਗਈ ਹੈ।

139 ਮੈਂ ਸੋਚਦਾ ਹਾਂ, "ਸਾਨੂੰ ਪ੍ਰਚਾਰਕਾਂ ਨੂੰ ਕੀ ਹੋ ਗਿਆ ਹੈ?" ਮੈਂ ਹੈਰਾਨ ਹਾਂ ਕਿ ਅਸੀਂ ਕਿਸ ਤਰ੍ਹਾਂ ਦੀ ਸਿਖਲਾਈ ਲਈ ਹੈ।

140 ਪਰਮੇਸ਼ੁਰ ਇਸ ਮਹਾਨ ਲੜਾਈ ਲਈ ਸਿਖਲਾਈ ਦੇ ਰਿਹਾ ਹੈ। ਮੱਤੀ 24 ਨੇ ਉੱਥੇ ਕਿਹਾ, ਅਤੇ ਦਾਨੀਏਲ 12 ਨੇ ਵੀ ਕਿਹਾ, "ਕਿਉਂ ਜੋ ਉਸ ਸਮੇਂ ਅਜਿਹਾ ਵੱਡਾ ਕਸ਼ਟ ਹੋਵੇਗਾ, ਜੋ ਜਗਤ ਦੇ ਮੁੱਢੋਂ ਲੈ ਕੇ ਹੁਣ ਤੋੜੀ ਨਹੀਂ

ਹੋਇਆ।" ਅਤੇ ਅਸੀਂ ਉਸ ਸਮੇਂ ਵਿੱਚ ਰਹਿ ਰਹੇ ਹਾਂ, ਜਦੋਂ ਸੱਭਿਆਚਾਰ, ਅਤੇ ਸਿੱਖਿਆ, ਅਤੇ ਚੀਜ਼ਾਂ, ਪਰਮੇਸ਼ੁਰ ਦੇ ਵਚਨ ਉੱਤੇ ਛਾ ਗਈਆਂ ਹਨ, ਅਤੇ ਤਰਕ ਕਰਨ ਲੱਗ ਪਏ ਹਾਂ ਅਤੇ ਅਜਿਹਿਆਂ ਚੀਜਾਂ ਕਰਨ ਲੱਗ ਪਏ ਹਾਂ। ਹੁਣ ਲੜਾਈ ਹੋ ਰਹੀ ਹੈ। ਕੌਣ ਖੜ੍ਹਾ ਹੋਵੇਗਾ? ਹਲਲੂਯਾਹ! ਲੜਾਈ ਅੰਦਰ ਜਾਣ ਲਈ ਤਿਆਰ ਹੈ। ਉਹ ਹੁਣ ਘੇਰਾ ਬਣ ਗਈ ਹੈ। ਦੇਖੋ ਸਾਡਾ ਵਿਰੋਧੀ ਧਿਰ ਕਿੰਨਾ ਵੱਡਾ ਹੈ।

141 ਦਾਊਦ ਵਰਗਾ ਕੌਣ ਹੋਵੇਗਾ? ਉਸ ਨੇ ਕਿਹਾ, "ਤੁਸੀਂ ਖੜ੍ਹੇ ਰਹੋਗੇ ਅਤੇ ਇਸ ਅਸੁੰਨਤੀ ਫਲਿਸਤੀ ਨੂੰ ਜੀਉਂਦੇ ਪਰਮੇਸ਼ੁਰ ਦੀ ਸੈਨਾ ਨੂੰ ਲੱਜਿਆਵਾਨ ਕਰਨ ਦਿਓਗੇ? ਮੈਂ ਜਾਵਾਂਗਾ ਅਤੇ ਉਸ ਨਾਲ ਲੜਾਂਗਾ।" ਆਮੀਨ। ਪਰਮੇਸ਼ੁਰ ਅੱਜ ਸਵੇਰੇ ਅਜਿਹੇ ਆਦਮੀ ਅਤੇ ਔਰਤਾਂ ਚਾਹੁੰਦਾ ਹੈ ਜੋ ਉੱਠ ਕੇ ਕਹਿ ਸਕਣ, "ਮੈਂ ਪ੍ਰਭੂ ਨੂੰ ਉਸਦੇ ਵਚਨ ਤੇ ਲਵਾਂਗਾ।" ਆਮੀਨ। ਕੋਈ ਫ਼ਰਕ ਨਹੀਂ ਪੈਂਦਾ ਕਿ ਕੀ ਅਸਫਲ ਹੁੰਦਾ ਹੈ, ਕਿੱਥੇ *ਇਹ* ਅਤੇ *ਉਹ* ਨੇ, ਅਤੇ *ਉਸ* ਨੇ ਕੀ ਕੀਤਾ। ਇਸ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਤੁਸੀਂ ਸ਼ਾਊਲ, ਅਤੇ ਹੋਰ, ਜੇ ਤੁਸੀਂ ਉਸ ਤੋਂ ਡਰਦੇ ਹੋ, ਤਾਂ ਉੱਥੇ ਵਾਪਸ ਚਲੇ ਜਾਓ ਜਿੱਥੋਂ ਤੁਸੀਂ ਆਏ ਸੀ। ਪਰ, ਪਰਮੇਸ਼ੁਰ ਦੀ ਸੈਨਾ ਅੱਗੇ ਵਧ ਰਹੀ ਹੈ, ਆਮੀਨ; ਬਹਾਦਰ ਪੁਰਖ, ਵਿਸ਼ਵਾਸ ਦੇ—ਦੇ—ਦੇ ਪੁਰਖ, ਸਮਰੱਥੀ ਪੁਰਖ, ਸਮਝਦਾਰ ਪੁਰਖ। ਉਨ੍ਹਾਂ ਨੂੰ ਚਲਾਕ ਹੋਣ ਦੀ ਲੋੜ ਨਹੀਂ ਹੈ। ਉਨ੍ਹਾਂ ਨੂੰ ਪੜ੍ਹੇ-ਲਿਖੇ ਹੋਣ ਦੀ ਲੋੜ ਨਹੀਂ ਹੈ। ਉਨ੍ਹਾਂ ਨੂੰ ਸਾਧਨ ਬਣਨਾ ਪੈਂਦਾ ਹੈ। ਪਰਮੇਸ਼ੁਰ ਉਨ੍ਹਾਂ ਛੋਟੇ ਸਾਧਨਾਂ ਨੂੰ ਲੈਂਦਾ ਹੈ।

142 ਉਹ ਇੱਕ ਪਲ ਲਈ ਰੁਕ ਗਈ, ਤਰਕ ਕਰਨ ਲਈ, ਕਿਹਾ, "ਅੱਛਾ, ਹੁਣ, ਚਲੋ ਦੇਖਦੀ ਹਾਂ।" ਖੈਰ, ਬਸ ਜਿਵੇਂ, ਕੀ ਹੁੰਦਾ ਜੇ…

143 ਇਹ ਛੋਟੀ ਔਰਤ, ਅੱਜ ਸਵੇਰੇ, ਕੋਈ ਸ਼ੱਕ ਨਹੀਂ ਕਿ ਡਾਕਟਰ ਨੇ ਉਸਨੂੰ ਦੱਸਿਆ ਹੈ, ਉਹ ਮਾਰਗ ਦੇ ਬਿਲਕੁਲ ਅੰਤ ਤੇ ਹੈ, "ਕੁਝ ਵੀ ਨਹੀਂ ਕੀਤਾ ਜਾ ਸਕਦਾ।" ਖੈਰ, ਹੁਣ, ਉਹ ਡਾਕਟਰ ਹੈ। ਮੈਂ ਉਸਦੀ ਨਿੰਦਾ ਨਹੀਂ ਕਰਦਾ। ਉਹ ਮਨੁੱਖ ਇੱਕ ਵਿਗਿਆਨਕ ਮਨੁੱਖ ਹੈ। ਉਹ ਦੇਖਦਾ ਹੈ ਕਿ ਬਿਮਾਰੀ ਨੇ ਬੱਚੇ ਦੇ ਸਰੀਰ ਨੂੰ ਜਿੱਤ ਲਿਆ ਹੈ। ਇਹ ਕਿਸੇ ਵੀ ਚੀਜ਼ ਤੋਂ ਪਰੇ ਹੈ। ਉਸ ਕੋਲ ਕੋਈ ਦਵਾਈ ਨਹੀਂ ਹੈ ਜੋ ਇਸਨੂੰ ਰੋਕ ਸਕੇ।

144 ਤਾਂ ਕੀ ਕੈਂਸਰ ਉਸ ਔਰਤ ਨੂੰ ਜਿੱਤ ਲਵੇਗਾ; ਯਕੀਨਨ, ਮੌਤ ਨੇ ਉਸ ਬੱਚੇ ਨੂੰ ਜਿੱਤ ਲਿਆ ਸੀ; ਪ੍ਰੰਤੂ ਇਸ ਮਹਾਨ ਸੈਨਾ ਦਾ, ਸਾਡਾ ਮੁੱਖ ਕਪਤਾਨ, ਹਲਲੂਯਾਹ, ਉਹ ਪੁਨਰਉਥਾਨ ਅਤੇ ਜੀਵਨ ਹੈ। ਉਸ ਨੂੰ ਕੁਝ ਵੀ ਜਿੱਤ ਨਹੀਂ ਸਕਦਾ। ਹਲਲੂਯਾਹ!

145 ਸੈਨਾ ਦਾ ਦਿਮਾਗ ਇਸ ਦੇ ਕਪਤਾਨਾਂ, ਖੁਫੀਆ ਤੰਤਰ ਵਿੱਚ ਹੁੰਦਾ ਹੈ। ਰੋਮਲ, ਜਰਮਨੀ ਵਿਚ, ਜਰਮਨੀ ਦਾ ਦਿਮਾਗ ਸੀ; ਹਿਟਲਰ ਨਹੀਂ। ਰੋਮਲ! ਇਹ ਸਹੀ ਹੈ। ਆਈਜ਼ਨਹਾਵਰ! ਫੌਜੀ ਆਦਮੀ! ਪੈਟਨ! ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਜਿਹੜੇ ਆਦਮੀ ਮੋਰਚੇ ਤੇ ਸਨ, ਉਨ੍ਹਾਂ ਨੇ ਕਿਸ ਤਰੀਕੇ ਨਾਲ ਆਦੇਸ਼ ਦਿੱਤਾ ਸੀ। ਤੁਸੀਂ ਆਪਣੇ ਕਪਤਾਨ ਦੀ ਪਿੱਛਾ ਕਰਦੇ ਹੋ, ਜੇ ਉਹ ਸਹੀ ਕਿਸਮ ਦਾ ਜਨਰਲ ਹੈ। ਜੇ ਉਹ ਸਹੀ ਕਿਸਮ ਦਾ ਹੈ, ਜੇ ਉਹ ਚਾਰ-ਸਿਤਾਰਾ ਜਨਰਲ ਹੈ, ਜੇ ਉਹ ਪ੍ਰਮਾਣਿਤ ਹੋ ਚੁੱਕਾ ਹੈ, ਜੇ ਉਹ ਸਹੀ ਸਾਬਤ ਹੋਇਆ ਹੈ, ਤਾਂ ਉਸ ਦਾ ਪਿੱਛਾ ਕਰੋ। ਭਾਵੇਂ ਇਹ ਤੁਹਾਨੂੰ, ਗਲਤ ਜਾਪੇ, ਮੋਰਚੇ ਵੱਲ ਜਾਓ। ਉਸੇ ਤਰ੍ਹਾਂ ਕਰੋ ਜਿਵੇਂ ਉਸਨੇ ਤੁਹਾਨੂੰ ਕਿਹਾ ਹੈ।

146 ਹਲਲੂਯਾਹ! ਸਾਨੂੰ ਇੱਕ ਪੰਜ-ਸਿਤਾਰਾ ਜਨਰਲ ਹੈ, ਜਿਸਦੇ ਅੱਖਰ ਹਨ J-e-s-u-s, ਸਾਡੇ ਉੱਤੇ f-a-i-t-h ਭਾਵ ਵਿਸ਼ਵਾਸ ਦੇ ਪੰਜ ਤਾਰੇ ਲਗਾਉਂਦਾ ਹੈ। ਉਹ ਕਦੇ ਇੱਕ ਵੀ ਲੜਾਈ ਨਹੀਂ ਹਾਰਿਆ। ਹਲਲੂਯਾਹ! ਉਸਨੇ ਮੌਤ, ਨਰਕ, ਅਤੇ ਕਬਰ ਨੂੰ ਜਿੱਤ ਲਿਆ। ਸ਼ੈਤਾਨਾਂ ਨੂੰ ਰਸਤੇ ਵਿੱਚੋਂ ਬਾਹਰ ਕੱਢੋ। ਉਹ ਮਹਾਨ ਮੁੱਖ ਕਪਤਾਨ ਹੈ। ਇਸ ਲਈ, ਸ਼ੈਤਾਨ ਤਾਂ ਤਸਵੀਰ ਵਿੱਚ ਵੀ ਨਹੀਂ ਹੈ।

147 ਹੁਣ ਤੱਕ ਦੀ ਸਭ ਤੋਂ ਮਹਾਨ ਲੜਾਈ ਜੋ ਭੜਕੀ ਸੀ, ਹੁਣ ਤਿਆਰ ਹੋ ਰਹੀ ਹੈ। ਯਕੀਨਨ, ਇਹ ਹੋ ਰਹੀ ਹੈ। ਔਹ! ਹਲਲੂਯਾਹ!

148 ਜਦੋਂ ਮੈਂ ਇਸ ਬਾਰੇ ਸੋਚਦਾ ਹਾਂ! ਜਦੋਂ ਮੈਂ ਖਲੋ ਕੇ ਉਸਨੂੰ ਕੰਮ ਕਰਦੇ ਹੋਏ ਵੇਖਦਾ ਹਾਂ, ਉਸਨੂੰ ਚੀਜ਼ਾਂ ਨੂੰ ਪ੍ਰਗਟ ਕਰਦੇ ਹੋਏ ਵੇਖਦਾ ਹਾਂ, ਗੱਲਾਂ ਨੂੰ ਖੋਲ੍ਹਦੇ ਹੋਏ, ਕਹਿੰਦੇ ਹੋਏ, "ਇਹ *ਇਸ* ਤਰ੍ਹਾਂ ਅਤੇ *ਉਸ* ਤਰ੍ਹਾਂ ਹੋਵੇਗਾ," ਉੱਥੇ ਇਹ ਹੁੰਦਾ ਹੈ! ਔਹ, *ਇੱਥੇ* ਪਿਛਾਂਹ ਦੇਖੋ, ਅਤੇ ਕਹੋ, "ਇਹ ਮਹਾਨ ਕਪਤਾਨ ਕੌਣ ਹੈ?" ਔਹ, ਮੈਂ ਪਿੱਛੇ ਮੁੜ ਕੇ ਇਹ ਨਹੀਂ ਦੇਖਦਾ ਕਿ ਇਹ ਡਾਕਟਰ *ਫਲਾਣਾ-ਫਲਾਣਾ* ਹੈ ਜਾਂ ਨਹੀਂ। ਮੈਂ ਦੇਖਦਾ ਹਾਂ ਕਿ ਕਪਤਾਨ ਨੇ ਕੀ ਕਿਹਾ ਸੀ। "ਉਹ ਸਾਡੀ ਮੁਕਤੀ ਦਾ ਕਪਤਾਨ ਹੈ।" ਹਲਲੂਯਾਹ! ਮੁਕਤੀ ਕੀ ਹੈ? ਛੁਟਕਾਰਾ! ਮਹਿਮਾ! "ਉਹ ਸਾਡੇ ਛੁਟਕਾਰੇ ਦਾ ਕਪਤਾਨ ਹੈ।"

149 ਹਮਲੇ ਦੀ ਮਹਾਨ ਘੜੀ ਨੇੜੇ ਹੈ। ਹਲਲੂਯਾਹ! ਸਿਪਾਹੀ, ਚਮਕਦੇ ਸ਼ਸਤ੍ਰਾਂ ਦੇ ਟਿਮਟਿਮਾਉਂਦੇ ਰੰਗਾਂ ਨਾਲ ਤਿਆਰ ਹਨ! ਵਿਸ਼ਵਾਸ ਅਤੇ ਸੰਦੇਹ, ਅੱਜ ਸਵੇਰੇ, ਇਸ ਡੇਰੇ ਵਿੱਚ ਤੁਹਾਨੂੰ ਘੇਰ ਰਹੇ ਹਨ; ਇੱਕ ਪਾਸੇ ਸ਼ੱਕ, ਦੂਜੇ ਪਾਸੇ ਵਿਸ਼ਵਾਸ। ਸਿਪਾਹੀਓ, ਆਪਣੀ ਕਰਤੱਵ ਦੇ ਅਹੁਦੇ ਖੜ੍ਹੇ ਰਹੋ। ਹਲਲੂਯਾਹ! ਸਾਡਾ ਕਪਤਾਨ, ਭੋਰ ਦਾ ਤਾਰਾ, ਅਗਵਾਈ ਕਰ ਰਿਹਾ ਹੈ। ਉਹ ਕਦੇ ਪਿੱਛੇ

ਨਹੀਂ ਹਟਦਾ। ਉਹ (ਕਦੇ ਵੀ) ਪਿੱਛੇ ਹਟਣ ਦਾ ਸ਼ਬਦ ਨਹੀਂ ਜਾਣਦਾ। ਉਸਨੂੰ ਪਿੱਛੇ ਹਟਣ ਦੀ ਲੋੜ ਨਹੀਂ ਹੈ। ਆਮੀਨ। ਯਕੀਨਨ।

150 ਸਭ ਤੋਂ ਮਹਾਨ ਜੰਗ ਜੋ ਕਦੇ ਲੜੀ ਗਈ, ਉਹ ਹੁਣ ਠੀਕ ਇਸ ਦੇ ਵਿੱਚ ਜਾ ਰਹੀ ਹੈ, ਹਾਂ, ਸ਼੍ਰੀ ਮਾਨ, ਜ਼ਿੰਦਗੀ ਅਤੇ ਮੌਤ ਦੇ ਵਿਚਕਾਰ, ਬਿਮਾਰੀ ਅਤੇ ਸਿਹਤ ਦੇ ਵਿਚਕਾਰ, ਵਿਸ਼ਵਾਸ ਅਤੇ ਸ਼ੱਕ ਦੇ ਵਿਚਕਾਰ, ਹੇ, ਮੇਰੇ, ਆਜ਼ਾਦੀ ਅਤੇ ਗੁਲਾਮੀ ਦੇ ਵਿਚਕਾਰ। ਜੰਗ ਜਾਰੀ ਹੈ! ਆਪਣੇ ਬਰਛੇ ਚਮਕਾਓ, ਸਿਪਾਹੀਓ। ਸ਼ਸਤ੍ਰਾਂ ਨੂੰ ਚਮਕਾਓ। ਪਰਮੇਸ਼ੁਰ ਆਪਣੇ ਸਿਪਾਹੀਆਂ ਨੂੰ ਤਿਆਰ ਕਰ ਰਿਹਾ ਹੈ। ਆਮੀਨ। ਪਰਮੇਸ਼ੁਰ ਆਪਣੀ ਸੈਨਾ ਨੂੰ ਮਸਹ ਕਰਦਾ ਹੈ।

151 ਅਮਰੀਕਾ ਆਪਣੇ ਸੈਨਿਕਾਂ ਨੂੰ ਸਭ ਤੋਂ ਵਧੀਆ ਪਹਿਰਾਵਾ ਪਵਾਉਂਦਾ ਹੈ ਜੋ ਉਹ ਪਹਿਣ ਸਕਦੇ ਹਨ: ਸਟੀਲ ਦੇ ਟੋਪ, ਅਤੇ ਹਥਿਆਰ, ਅਤੇ ਜੋ ਵੀ ਉਹਨਾਂ ਕੋਲ ਹੈ, ਹਥਿਆਰਬੰਦ ਟੈਂਕ, ਜੋ ਕੁਝ ਵੀ ਉਹ ਅੰਦਰ ਲਿਜਾ ਸਕਦੇ ਹਨ।

152 ਪਰਮੇਸ਼ੁਰ ਆਪਣੀ ਫੌਜ ਨੂੰ ਪਹਿਨਾਉਂਦਾ ਹੈ। ਹਲਲੂਯਾਹ! ਅਸੀਂ ਕਿਹੋ ਜਿਹੇ ਸਾਜ਼ੋ ਸਾਮਾਨ ਦੀ ਵਰਤੋਂ ਕਰਦੇ ਹਾਂ? ਆਤਮਾ ਦੀ ਤਲਵਾਰ, ਪਰਮੇਸ਼ੁਰ ਦਾ ਵਚਨ! ਆਮੀਨ! "ਪਰਮੇਸ਼ੁਰ ਦਾ ਵਚਨ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ," ਇਬਰਾਨੀਆਂ 4, "ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰ ਕੇ ਵਿੰਨ੍ਹ ਸੁੱਟਦਾ ਹੈ, ਏਥੋਂ ਤਕ ਕਿ ਹੱਡੀ ਦੇ ਗੁੱਦੇ ਨੂੰ ਵੀ, ਅਤੇ ਮਨ ਦਿਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਚ ਲੈਂਦਾ ਹੈ।" ਪਰਮੇਸ਼ੁਰ ਦਾ ਵਚਨ! ਉਸਦੇ ਵਚਨ ਵਿੱਚ ਵਿਸ਼ਵਾਸ ਕਰਨਾ, ਅਤੇ ਇਹੀ ਉਹ ਤਰੀਕਾ ਹੈ ਜਿਸ ਤਰ੍ਹਾਂ ਪਰਮੇਸ਼ੁਰ ਸ਼ਸਤ੍ਰ ਬਸਤ੍ਰ ਪਹਿਣਾਉਂਦਾ ਹੈ।

153 ਇਹ ਉਹ ਹੈ ਜੋ ਉਸ ਨੇ ਹੱਵਾਹ ਨੂੰ ਆਪਣੇ ਆਪ ਨੂੰ ਹਥਿਆਰਬੰਦ ਕਰਨ ਲਈ ਦਿੱਤਾ ਸੀ। ਅਤੇ ਉਸਨੇ ਆਪਣੀ ਸੰਜੋ ਤੋੜ ਦਿੱਤੀ। ਉਸਨੇ ਇਹ ਕਿਵੇਂ ਕੀਤਾ? ਤਰਕ ਕਰਨ ਲਈ ਆਪਣੇ ਮਨ ਨੂੰ ਖੋਲ੍ਹ ਕੇ। ਤੁਸੀਂ ਪਰਮੇਸ਼ੁਰ ਦੇ ਵਚਨ ਨਾਲ ਤਰਕ ਨਾ ਕਰੋ। ਇਸਦੇ ਵਿੱਚ ਕੋਈ ਤਰਕ ਨਹੀਂ ਹੈ। ਤੁਸੀਂ... ਇਹ ਸਿਰਫ਼ ਪਰਮੇਸ਼ੁਰ ਦਾ ਵਚਨ ਹੈ। ਕੋਈ ਨਹੀਂ—ਇਸ ਬਾਰੇ ਕੋਈ ਸ਼ੱਕ ਨਹੀਂ ਹੈ। ਇਸ ਲਈ ਕੋਈ ਤਰਕ ਨਹੀਂ ਹੈ। ਇਹ ਪਰਮੇਸ਼ੁਰ ਦਾ ਵਚਨ ਹੈ। ਇਹੀ ਹੈ ਜੋ ਇਸ ਦਾ ਨਿਪਟਾਰਾ ਕਰਦਾ ਹੈ। ਇਹੀ ਇਸ ਨੂੰ ਕਾਬੂ ਕਰਦਾ ਹੈ। ਜੋ ਇਸ ਨੂੰ ਸਦਾ ਲਈ ਨਿਪਟਾਉਂਦਾ ਹੈ।

154 ਸਮਝੇ ਮੇਰਾ ਕੀ ਮਤਲਬ ਹੈ, ਪਿਆਰੀ? [ਬਿਮਾਰ ਭੈਣ ਕਹਿੰਦੀ ਹੈ,"ਆਮੀਨ।"—ਸੰਪਾ.] ਇਹ ਪਰਮੇਸ਼ੁਰ ਦਾ ਵਚਨ ਹੈ। ਪਰਮੇਸ਼ੁਰ ਨੇ ਇਸ ਦਾ ਵਾਅਦਾ ਕੀਤਾ ਸੀ। ਪਰਮੇਸ਼ੁਰ ਨੇ ਇਸ ਤਰ੍ਹਾਂ ਕਿਹਾ ਸੀ।

155 ਉਨ੍ਹਾਂ ਨੇ ਅਬਰਾਹਾਮ ਨੂੰ ਆਖਿਆ, "ਤੁਸੀਂ ਕਿਵੇਂ ਜਾਣਦੇ ਹੋ ਕਿ ਤੁਹਾਡੇ ਕੋਲ ਉਹ ਬੱਚਾ ਹੋਣ ਵਾਲਾ ਹੈ?"

"ਪਰਮੇਸ਼ੁਰ ਨੇ ਇਸ ਤਰ੍ਹਾਂ ਕਿਹਾ ਹੈ।" ਇਸ ਨੇ ਇਸ ਦਾ ਨਿਪਟਾਰਾ ਕਰ ਦਿੱਤਾ।

"ਅੱਛਾ, ਤੇਰੇ ਕੋਲ ਇਹ ਕਿਉਂ ਨਹੀਂ ਹੈ?"

156 "ਮੈਨੂੰ ਨਹੀਂ ਪਤਾ ਕਿ ਮੈਨੂੰ ਇਹ ਕਦੋਂ ਮਿਲੇਗਾ, ਪਰ ਇਹ ਮੈਨੂੰ ਮਿਲੇਗਾ। ਪਰਮੇਸ਼ੁਰ ਨੇ ਅਜਿਹਾ ਕਿਹਾ ਸੀ। ਇਹ ਮੈਨੂੰ ਜਰਾ ਕੁ ਵੀ ਨਹੀਂ ਰੋਕੇਗਾ।" ਉਹ ਬੁਲਾ-...

157 "ਤੁਸੀਂ ਆਪਣੇ ਘਰ ਵਾਪਸ ਕਿਉਂ ਨਹੀਂ ਜਾਂਦੇ, ਜਿੱਥੋਂ ਤੁਸੀਂ ਆਏ ਹੋ?"

158 "ਮੈਂ ਇਸ ਧਰਤੀ ਵਿੱਚ ਇੱਕ ਪਰਦੇਸੀ ਅਤੇ ਮੁਸਾਫ਼ਰ ਹਾਂ।" ਆਮੀਨ!...?..."ਪਰਮੇਸ਼ੁਰ ਨੇ ਵਾਅਦਾ ਕੀਤਾ ਹੈ। ਪਰਮੇਸ਼ੁਰ ਬੱਚੇ ਨੂੰ ਇਸੇ ਧਰਤੀ ਉੱਤੇ ਦੇਵੇਗਾ ਜਿੱਥੇ ਉਸਨੇ ਮੈਨੂੰ ਭੇਜਿਆ ਹੈ।" ਹਲਲੂਯਾਹ!

159 ਪਰਮੇਸ਼ੁਰ ਤੁਹਾਨੂੰ ਪਵਿੱਤਰ ਆਤਮਾ ਦੇ ਇਸ ਵਾਤਾਵਰਨ ਵਿੱਚ ਠੀਕ ਕਰੇਗਾ, ਜਿੱਥੇ ਉਸਨੇ ਤੁਹਾਨੂੰ ਭੇਜਿਆ ਹੈ। ਪਰਮੇਸ਼ੁਰ ਤੁਹਾਨੂੰ ਇਹ ਦੇਵੇਗਾ। ਬਸ ਇਸ ਤੇ ਵਿਸ਼ਵਾਸ ਕਰੋ। ਆਮੀਨ। ਪ੍ਰਾਣ ਅਤੇ ਸਰੀਰ, ਇੰਦਰੀਆਂ, ਅਤੇ ਅੰਤਹਕਰਣ ਦੀ ਚਿੱਮਣੀ ਖੋਲ੍ਹੋ, ਅਤੇ ਕੇਵਲ ਪਰਮੇਸ਼ੁਰ ਦੇ ਵਚਨਾਂ ਨੂੰ ਪਹਿਲਾਂ ਪ੍ਰਵੇਸ਼ ਕਰਨ ਦਿਓ, ਉਸ ਮਨ ਨੂੰ ਲਓ। ਉੱਥੇ ਹੀ ਜੰਗ ਦਾ ਮੈਦਾਨ ਹੈ।

160 ਇਹ ਨਾ ਕਹੋ, "ਅੱਛਾ, ਜੇ ਮੈਂ ਇਸਨੂੰ ਮਹਿਸੂਸ ਕਰਾਂਗਾ, ਜੇ ਮੈਂ ਮਹਿਸੂਸ ਕਰਾਂਗਾ ਕਿ ਪਰਮੇਸ਼ੁਰ ਦੀ ਮਹਿਮਾ ਉੱਤਰ ਰਹੀ ਹੈ! ਔਹ!" ਇਸ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ; ਇਨਾਂ ਕੁ ਵੀ ਨਹੀਂ।

161 ਉਸ ਦਿਮਾਗ ਨੂੰ ਖੋਲ੍ਹੋ। ਇਹ ਲੜਾਈ ਦਾ ਮੈਦਾਨ ਹੈ। ਉੱਥੇ ਹੈ ਜਿੱਥੇ ਜੰਗ ਦਾ ਘੇਰਾ ਤਿਆਰ ਹੁੰਦਾ ਹੈ, ਬਿਲਕੁਲ ਇੱਥੇ ਅਗਲੇ ਮੋਰਚੇ ਵਿੱਚ, ਜੋ ਤੁਹਾਡਾ ਦਿਮਾਗ ਹੈ। ਇਸਨੂੰ ਖੋਲ੍ਹੋ, ਅਤੇ ਕਹੋ, "ਮੈਂ...ਹਰੇਕ ਸ਼ੱਕ, ਮੈਨੂੰ ਮੇਰੇ ਸ਼ੱਕ ਉੱਤੇ ਵੀ ਸ਼ੱਕ ਹੈ।" ਆਮੀਨ। "ਹੁਣ ਮੈਨੂੰ ਮੇਰੇ ਸ਼ੱਕ ਉੱਤੇ ਵੀ ਸ਼ੱਕ ਹੈ। ਮੈਂ ਪਰਮੇਸ਼ੁਰ ਦੇ ਵਚਨ ਵਿੱਚ ਵਿਸ਼ਵਾਸ ਕਰ ਰਿਹਾ ਹਾਂ। ਮੈਂ ਆ ਗਿਆ ਹਾਂ, ਸ਼ੈਤਾਨ।" ਕੁਝ ਹੋਣ ਜਾ ਰਿਹਾ ਹੈ। ਯਕੀਨਨ, ਇਹ ਹੋਵੇਗਾ। ਹਾਂ, ਸ਼੍ਰੀਮਾਨ।

162 ਉਹ ਆਪਣੇ ਸੇਵਕਾਂ ਨੂੰ ਆਪਣੀ ਆਤਮਾ ਨਾਲ ਮਸਹ ਕਰਦਾ ਹੈ। ਉਹ ਉਨ੍ਹਾਂ ਕੋਲ ਦੂਤ ਭੇਜਦਾ ਹੈ। ਲੋਕ ਇਸਦਾ ਮਜ਼ਾਕ ਉਡਾਉਂਦੇ ਹਨ, ਕਈ ਵਾਰ, "ਦੂਤ।" ਮੈਨੂੰ—ਮੈਨੂੰ ਤੁਹਾਡੇ ਨਾਲ ਇੱਥੇ ਕਿਸੇ ਚੀਜ ਵੱਲ ਮੁੜਨ ਦਿਓ, ਬੱਸ ਇੱਕ ਮਿੰਟ। ਆਓ ਇੱਥੇ ਇਬਰਾਨੀਆਂ ਵੱਲ ਮੁੜੀਏ, ਸਿਰਫ਼ ਇੱਕ ਮਿੰਟ

ਲਈ। ਇਬਰਾਨੀਆਂ ਚੌਥਾ ਅਧਿਆਏ, ਚੌਥਾ ਅਧਿਆਏ, ਅਤੇ ਆਓ...ਮੇਰਾ ਮਤਲਬ ਹੈ, ਇਬਰਾਨੀਆਂ ਦਾ ਪਹਿਲਾ ਅਧਿਆਏ ਅਤੇ ਆਓ 14ਵੀਂ ਆਇਤ ਵੱਲ ਮੁੜੀਏ।

*ਭਲਾ ਓਹ ਸੱਭੇ ਸੇਵਾ ਕਰਨ ਵਾਲੇ ਆਤਮੇ ਨਹੀਂ, ਜਿਹੜੇ... ਮੁਕਤੀ ਦਾ ਵਿਰਸਾ ਪਾਉਣ ਵਾਲਿਆਂ ਦੀ ਸੇਵਾ ਲਈ ਘੱਲੇ ਜਾਂਦੇ ਹਨ।*

*...ਉਸ ਨੇ ਦੂਤਾਂ ਵਿੱਚੋਂ ਕਿਸ ਨੂੰ ਕਿਹਾ...ਤੂੰ ਮੇਰੇ ਸੱਜੇ ਹੱਥ ਬੈਠ...?*

*...ਪਰਮੇਸ਼ੁਰ ਦੇ ਸਾਰੇ ਦੂਤ...*

163 ਹੁਣ, ਇੱਥੇ ਬਾਈਬਲ ਵਾਪਸ ਆਉਂਦੀ ਹੈ ਅਤੇ ਸਾਨੂੰ ਇੱਥੇ ਦੱਸਦੀ ਹੈ, ਕਿ ਪਰਮੇਸ਼ੁਰ ਦੂਤਾਂ ਨੂੰ ਭੇਜਦਾ ਹੈ। ਮਹਿਮਾ! ਉਹ ਕੀ ਹਨ? "ਸੇਵਾ ਕਰਨ ਵਾਲੇ ਆਤਮੇ।" ਮਹਿਮਾ! ਸੇਵਾ ਕਰਨ ਵਾਲੇ ਆਤਮੇ, ਪਰਮੇਸ਼ੁਰ ਦੀ ਹਜ਼ੂਰੀ ਤੋਂ (ਕਿੱਥੇ?) ਭੇਜੇ ਗਏ ਹਨ। ਕੀ ਕਰਨ ਲਈ? ਵਚਨ ਦੀ ਸੇਵਾ ਕਰਨ ਲਈ। ਆਮੀਨ! ਉਹ ਕਿਸੇ ਨਾਮਧਾਰੀ ਸਮੂਹ ਦੇ ਕਿਸੇ ਧਰਮ ਸ਼ਾਸਤਰ ਦੀ ਸੇਵਾ ਕਰਨ ਲਈ ਨਹੀਂ ਹਨ, ਪਰ ਉਸਦੇ ਵਚਨ ਦੀ ਸੇਵਾ ਕਰਨ ਲਈ ਹਨ। ਇਹ ਹੀ ਗੱਲ ਹੈ। "ਸੇਵਾ ਕਰਨ ਵਾਲੇ ਆਤਮੇ, ਭੇਜੇ ਗਏ।"

164 ਅਸੀਂ ਕਿਵੇਂ ਜਾਣਦੇ ਹਾਂ ਕਿ ਉਹ ਹਨ? ਬਾਈਬਲ ਕਹਿੰਦੀ ਹੈ ਕਿ, "ਪ੍ਰਭੂ ਦਾ ਵਚਨ ਨਬੀਆਂ ਕੋਲ ਆਇਆ।" ਕੀ ਇਹ ਸਹੀ ਹੈ? ਇਹ ਦੂਤ ਉਸਦੇ ਵਚਨ ਦੀ ਸੇਵਾ ਕਰਦੇ ਹਨ, ਉਸਦੀ ਆਤਮਾ ਦੁਆਰਾ; ਪਵਿੱਤਰ ਆਤਮਾ ਦੁਆਰਾ, ਵਚਨ ਦੀ ਸੇਵਾ ਕਰਦੇ ਹਨ। ਅਤੇ ਆਤਮਾ ਅਤੇ ਵਚਨ ਨਬੀਆਂ ਕੋਲ ਆਏ, ਅਤੇ ਨਬੀਆਂ ਕੋਲ ਪਰਮੇਸ਼ੁਰ ਦਾ ਵਚਨ ਸੀ। ਇਹੀ ਕਾਰਨ ਹੈ ਕਿ ਉਹ ਚਮਤਕਾਰ ਕਰ ਸਕਦੇ ਸਨ ਜੋ ਉਨ੍ਹਾਂ ਨੇ ਕੀਤੇ ਵੀ ਸਨ। ਇਹ ਮਨੁੱਖ ਨਹੀਂ ਸੀ; ਇਹ ਮਨੁੱਖ ਵਿੱਚ ਪਰਮੇਸ਼ੁਰ ਦਾ ਆਤਮਾ ਸੀ, ਮਨੁੱਖ ਵਿੱਚ ਮਸੀਹ ਦੀ ਆਤਮਾ। ਕਿਉਂਕਿ ਪਰਮੇਸ਼ੁਰ ਦਾ ਵਚਨ...ਉਸਨੇ ਕੀ ਕੀਤਾ ਸੀ? ਹਰੇਕ ਮਾਰਗ ਨੂੰ ਸਾਫ਼ ਕੀਤਾ। ਪਰਮੇਸ਼ੁਰ ਨੇ ਉਸਨੂੰ ਚੁਣਿਆ ਸੀ, ਅਤੇ ਉਸਨੂੰ ਪਵਿੱਤਰ ਆਤਮਾ ਨਾਲ ਮਸਹ ਕੀਤਾ ਗਿਆ ਸੀ। ਅਤੇ ਇਹ ਉਹ ਨਹੀਂ ਸੀ। ਉਸਨੇ ਕਦੇ ਵੀ ਕੁਝ ਨਹੀਂ ਕੀਤਾ ਜਦੋਂ ਤੱਕ ਉਸਨੇ ਇਸਨੂੰ ਦਰਸ਼ਨ ਵਿੱਚ ਨਹੀਂ ਦੇਖਿਆ। ਏਲੀਯਾਹ ਨੇ, ਕਰਮਲ ਪਹਾੜ ਤੇ ਕਿਹਾ, "ਇਹ ਸਭ ਮੈਂ ਤੇਰੇ ਹੁਕਮ ਅਨੁਸਾਰ ਕੀਤਾ ਹੈ। ਹੁਣ, ਹੇ ਪ੍ਰਭੂ, ਇਹ ਪ੍ਰਗਟ ਕਰ ਕਿ ਤੂੰ ਪਰਮੇਸ਼ੁਰ ਹੈਂ।" ਔਹ, ਪਰਮੇਸ਼ੁਰ ਦੀ ਮਹਿਮਾ ਹੋਵੇ!

165 ਮੈਂ ਇਸਨੂੰ ਬਹੁਤ ਵਾਰ ਦੇਖਿਆ ਹੈ, ਜਦੋਂ ਤੁਸੀਂ ਪਰਮੇਸ਼ੁਰ ਦੀ ਆਤਮਾ ਨੂੰ ਇੱਕ ਜਗ੍ਹਾ ਤੇ ਉੱਤਰਦੇ ਵੇਖਦੇ ਹੋ, ਅਤੇ ਉਹ ਜਗ੍ਹਾ ਮਸਹ ਦੇ ਹੇਠ ਆ ਜਾਂਦੀ ਹੈ! ਜੇ ਅੱਜ ਸਵੇਰੇ ਇੱਥੇ ਇਹ ਛੋਟਾ ਸਮੂਹ, ਬੱਸ ਇਸ ਦਿਮਾਗ ਨੂੰ ਇੱਥੇ ਲੈ ਜਾ ਸਕੇ, ਹਰੇਕ ਸ਼ੱਕ ਨੂੰ ਮਾਰਗ ਤੋਂ ਹਟਾ ਸਕੇ! ਤੁਸੀਂ ਹੁਣ ਕਿਵੇਂ ਸ਼ੱਕ ਕਰ ਸਕਦੇ ਹੋ, ਜਦੋਂ ਤੁਸੀਂ ਮੁਰਦੇ—ਮੁਰਦੇ ਜੀ ਉੱਠਦੇ ਹੋਏ, ਲੰਗੜੇ ਤੁਰਦੇ ਹੋਏ, ਅੰਨ੍ਹੇ ਦੇਖਦੇ ਹੋਏ, ਬੋਲੇ ਸੁਣਦੇ ਹੋਏ ਵੇਖਦੇ ਹੋ?

166 ਪ੍ਰਭੂ ਦਾ ਦੂਤ, ਇੱਥੋਂ ਤੱਕ ਕਿ ਉਸਦੀ ਤਸਵੀਰ ਕੰਧ ਤੇ ਟੰਗੀ ਹੋਈ ਹੈ, ਹਰ ਪਾਸੇ ਵਿਗਿਆਨ ਨੂੰ, ਠੁੱਸ ਕਰ ਦਿੱਤਾ ਹੈ। ਉਹ ਕੀ ਕਰਦਾ ਹੈ? ਵਚਨ ਦੇ ਨਾਲ ਬਣੇ ਰਹੋ। ਆਮੀਨ! ਇਹ ਹਰ ਸ਼ੈਤਾਨ ਨੂੰ ਕੱਟਦਾ ਹੈ। ਹਾਂ, ਇਹ ਕਰਦਾ ਹੈ। ਇਹ ਕੀ ਹੈ? “ਪਰਮੇਸ਼ੁਰ ਦੀ ਹਜ਼ੂਰੀ ਤੋਂ ਭੇਜੇ ਗਏ, ਸੇਵਕਾਈ ਦੇ ਆਤਮੇ,” ਵਚਨ ਬੋਲਣ ਵਾਲਿਆਂ ਨੂੰ ਮਸਹ ਕਰਨ ਲਈ, ਜੋ ਵਚਨ ਦੇ ਨਾਲ ਰਹਿੰਦੇ ਹਨ। ਅਤੇ ਚਿੰਨ੍ਹਾਂ ਦੇ ਨਾਲ ਵਚਨ ਨੂੰ ਪ੍ਰਮਾਣਿਤ ਕਰਦਾ ਹੈ, ਯਿਸੂ ਨੂੰ ਕੱਲ੍ਹ, ਅੱਜ ਅਤੇ ਸਦਾ ਲਈ ਇੱਕੋ ਜਿਹਾ ਬਣਾਉਂਦਾ ਹੈ। ਉਹ ਉੱਥੇ ਹੈ।

167 ਅਸੀਂ ਕਿਵੇਂ ਸ਼ੱਕ ਕਰ ਸਕਦੇ ਹਾਂ, ਜਦੋਂ ਉਹ ਵਿਗਿਆਨਕ, ਭੌਤਿਕ, ਆਤਮਿਕ ਤੌਰ ਤੇ, ਹਰੇਕ ਉਸ ਤਰੀਕੇ ਨਾਲ ਜਿਸ ਨਾਲ ਉਸ ਨੂੰ ਸਾਬਤ ਕੀਤਾ ਜਾ ਸਕਦਾ ਹੈ, ਉਹ *ਇੱਥੇ* ਸਾਬਤ ਕੀਤਾ ਗਿਆ ਹੈ?

168 ਕੀ ਗੱਲ ਹੈ? ਇਹ ਸਾਡੇ ਦਿਮਾਗ ਵਿੱਚ ਹੈ। ਅਸੀਂ ਆਪਣੇ ਦਿਮਾਗ ਨੂੰ ਕਿਸੇ ਗੱਲ ਲਈ ਖੋਲ੍ਹਦੇ ਹਾਂ, ਕਹਿੰਦੇ ਹਾਂ, “ਅੱਛਾ, ਹੁਣ, ਮੈਨੂੰ ਨਹੀਂ ਪਤਾ ਕਿ ਇਹ ਹੋ ਸਕਦਾ ਹੈ ਜਾਂ ਨਹੀਂ। ਸ਼ਾਇਦ, ਜੇ ਮੈਂ ਕੱਲ੍ਹ ਨੂੰ ਬਿਹਤਰ ਮਹਿਸੂਸ ਕਰਾਂ।” ਔਹ, ਇਸਦਾ ਇਸਦੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

169 ਜਿਵੇਂ ਮੈਂ ਅਕਸਰ ਕਿਹਾ ਹੈ, ਅਬਰਾਹਾਮ ਨੇ ਸਾਰਾਹ ਨੂੰ ਕਿਹਾ ਹੋਵੇਗਾ… ਉਸ ਦੀ ਔਰਤ ਹੋਣ—ਹੋਣ ਦੇ ਲਈ ਉਸ ਦੀ ਉਮਰ ਬੀਤ ਚੁੱਕੀ ਸੀ। ਤੁਹਾਨੂੰ ਜਾਣਦੇ ਹੋ ਮੇਰਾ ਕੀ ਮਤਲੱਬ ਹੈ; ਉਸਦੇ ਜੀਵਨ ਦਾ ਸਮਾਂ, ਉਸਦੇ ਅਠਾਈ ਦਿਨ। ਦੇਖੋ, ਉਹ ਪੈਂਹਠ ਵਰ੍ਹਿਆਂ ਦੀ ਸੀ। ਉਹ ਸ਼ਾਇਦ ਪੰਦਰਾਂ, ਵੀਹ ਸਾਲਾਂ ਪਹਿਲਾਂ ਇਸ ਵਿੱਚੋਂ ਲੰਘ ਚੁੱਕੀ ਸੀ। ਅਤੇ ਉਸਨੇ ਉਸਨੂੰ ਕਿਹਾ, ਸ਼ਾਇਦ, ਅਗਲੇ ਕੁਝ ਦਿਨ, ਕਿਹਾ, “ਕੀ ਤੁਸੀਂ ਕੁਝ ਵੱਖਰਾ ਮਹਿਸੂਸ ਕਰਦੇ ਹੋ, ਪਿਆਰੀ?”

“ਥੋੜਾ ਜਿਹਾ ਵੀ ਨਹੀਂ।”

170 “ਇਸਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਅਸੀਂ ਕਿਸੇ ਵੀ ਤਰ੍ਹਾਂ, ਅੱਗੇ ਵੱਧ ਰਹੇ ਹਾਂ। ਠੀਕ ਹੈ, ਹੁਣ, ਜੇ ਤੂੰ ਦੁਬਾਰਾ ਇੱਕ—ਇੱਕ ਜਵਾਨ ਔਰਤ ਬਣਨ ਲਗੇਂਗੀ, ਸਾਨੂੰ ਪਤਾ ਲੱਗ ਜਾਵੇਗਾ, ਉਸ ਜੀਵਨ ਦੇ ਲਹੂ ਦੁਆਰਾ, ਖੈਰ,

ਫਿਰ, ਸਾਨੂੰ ਉੱਥੇ ਪਤਾ ਲੱਗੇਗਾ ਕਿ ਇਹ ਬੱਚੇ ਨੂੰ ਸਹਾਰਾ ਦਵੇਗਾ, ਅਤੇ ਸਭ ਕੁਝ ਠੀਕ ਹੋ ਜਾਵੇਗਾ। ਹੁਣ, ਕੀ ਤੁਸੀਂ ਅੱਜ ਕੁਝ ਵੱਖਰਾ ਮਹਿਸੂਸ ਕਰਦੇ ਹੋ? ਉਸ ਦੇ ਮੇਰੇ ਨਾਲ ਵਾਅਦਾ ਕੀਤੇ ਨੂੰ ਇੱਕ ਮਹੀਨਾ ਹੋ ਗਿਆ ਹੈ। ਤੁਸੀਂ ਕੁਝ ਵੱਖਰਾ ਮਹਿਸੂਸ ਕਰਦੇ ਹੋ, ਪਿਆਰੀ?"

171 "ਥੋੜਾ ਜਿਹਾ ਵੀ ਨਹੀਂ, ਅਬਰਾਹਾਮ। ਕੁਝ ਵੀ ਹੋਣ ਦਾ ਸੰਕੇਤ ਨਹੀਂ ਹੈ। ਮੈਂ—ਮੈਂ ਅਜੇ ਵੀ ਉਸੇ ਤਰ੍ਹਾਂ ਹਾਂ ਜਿਵੇਂ ਮੈਂ—ਮੈਂ ਪਿਛਲੇ ਕੁਝ ਸਾਲਾਂ ਤੋਂ ਹਾਂ। ਥੋੜਾ ਜਿਹਾ ਵੀ ਫਰਕ ਨਹੀਂ ਹੈ।"

"ਪਰਮੇਸ਼ੁਰ ਦੀ ਮਹਿਮਾ! ਅਸੀਂ ਇਸ ਨੂੰ ਪ੍ਰਾਪਤ ਕਰਾਂਗੇ, ਕਿਸੇ ਵੀ ਤਰ੍ਹਾਂ।"

172 "ਕੀ ਤੁਹਾਡਾ ਮਤਲਬ ਹੈ, ਅਬਰਾਹਾਮ, ਉੱਤੇ...ਦੇਖੋ, ਜੇ ਉਸਨੇ ਤੁਹਾਡੇ ਨਾਲ ਵਾਅਦਾ ਕੀਤਾ ਹੈ, ਤਾਂ ਨਿਸ਼ਚਤ ਤੌਰ ਤੇ ਉਹ ਸਾਨੂੰ *ਇਸ* ਤਰ੍ਹਾਂ ਇੱਕ ਨਿਸ਼ਾਨ ਦੇਵੇਗਾ। ਯਕੀਨਨ ਉਹ ਸਾਨੂੰ ਇੱਕ ਨਿਸ਼ਾਨੀ ਦੇਵੇਗਾ।" ਹੂੰ! ਹਲਲੂਯਾਹ!

173 "ਇੱਕ ਕਮਜ਼ੋਰ ਅਤੇ ਵਿਭਚਾਰੀ ਪੀੜ੍ਹੀ ਨਿਸ਼ਾਨ ਲੱਭਦੀ ਹੈ।" ਇਹ ਠੀਕ ਹੈ। ਉਸ ਕੋਲ ਇੱਕ ਨਿਸ਼ਾਨ ਸੀ। ਇਹ ਕੀ ਸੀ? ਪਰਮੇਸ਼ੁਰ ਦਾ ਵਚਨ। ਇਹੋ ਨਿਸ਼ਾਨ ਸੀ।

174 ਪਰਮੇਸ਼ੁਰ ਇਸ ਬੱਚੇ ਨੂੰ ਕਿਵੇਂ ਠੀਕ ਕਰ ਸਕਦਾ ਹੈ? ਪਰਮੇਸ਼ੁਰ ਦੇ ਵਚਨ ਨੇ ਅਜਿਹਾ ਕਿਹਾ; ਜੇ ਮੈਨੂੰ ਕੋਈ ਸਨਸਨੀ ਮਹਿਸੂਸ ਹੁੰਦੀ ਹੈ, ਜਾਂ ਕੋਈ ਸਨਸਨੀ ਨਹੀਂ ਹੁੰਦੀ। ਜੇ ਮੈਂ...ਜੋ ਮਰਜ਼ੀ ਹੋ ਜਾਵੇ, ਪਰਮੇਸ਼ੁਰ ਨੇ ਕਿਹਾ। ਜੋ ਇਸ ਨੂੰ ਨਿਪਟਾਉਂਦਾ ਹੈ।

175 ਅਬਰਾਹਾਮ ਨੇ ਕਿਹਾ, "ਆਪਣੇ ਰੁਮਾਲੇ ਅਤੇ ਸਭ ਕੁਝ ਇਕੱਠਾ ਕਰ, ਅਸੀਂ ਉਸ ਧਰਤੀ ਵੱਲ ਨੂੰ ਕੂਚ ਕਰ ਰਹੇ ਹਾਂ।"

"ਤੂੰ ਕਿਥੇ ਜਾ ਰਿਹਾ ਹੈਂ?"

176 "ਮੈਨੂੰ ਨਹੀਂ ਪਤਾ।" ਆਮੀਨ। "ਪਰ, ਅਸੀਂ ਜਾ ਰਹੇ ਹਾਂ, ਕਿਸੇ ਵੀ ਤਰ੍ਹਾਂ। ਸ਼ੁਰੂ ਕਰਦੇ ਹਾਂ!" ਸਮਾਨ ਬੰਨ੍ਹ ਲਿਆ ਅਤੇ ਤੁਰ ਪਿਆ। ਹਲਲੂਯਾਹ! ਇਹ ਪਰਮੇਸ਼ੁਰ ਦਾ ਅਸਲ ਵਚਨ ਹੈ। ਉਸ ਦੇ ਸਾਹਮਣੇ ਕੀ ਰੱਖਿਆ ਗਿਆ ਸੀ? ਪਰਮੇਸ਼ੁਰ ਦਾ ਵਾਦਾ, ਪਰਮੇਸ਼ੁਰ ਦਾ ਵਚਨ। "ਅਸੀਂ ਇਸਨੂੰ ਲੈਣ ਜਾ ਰਹੇ ਹਾਂ।"

177 "ਅਬਰਾਹਾਮ, ਆਪਣੇ ਲੋਕਾਂ ਵਿੱਚੋਂ ਬਾਹਰ ਆ। ਉਹ ਹਨ, ਮੁਕਦੀ ਗੱਲ ਇਹ ਹੈ ਕਿ ਉਹ ਸ਼ੱਕੀ ਅਤੇ ਅਵਿਸ਼ਵਾਸੀ ਹਨ। ਉਹ ਤੁਹਾਨੂੰ ਵੀ ਇਹੋ ਜਿਹੇ

ਬਣਾ ਦੇਣਗੇ। ਬਾਹਰ ਆਓ। ਆਪਣੇ ਆਪ ਨੂੰ ਵੱਖ ਕਰੋ, ਅਤੇ ਮੇਰੇ ਲਈ ਜੀਓ।" ਇਹ ਕੀ ਹੈ? "ਆਪਣੇ ਸਾਰੇ ਅੰਤਹਕਰਣ ਅਤੇ ਇੰਦਰੀਆਂ ਨੂੰ ਆਪਣੇ ਪਿੱਛੇ ਛੱਡ ਦਿਓ, ਇਸ ਤਰ੍ਹਾਂ। ਆਪਣਾ ਦਿਮਾਗ ਨੂੰ ਖੋਲ੍ਹੋ, ਅਤੇ ਯਾਦ ਰੱਖੋ, ਇਹ ਮੈਂ ਹਾਂ। ਆਓ, ਮੇਰੇ ਨਾਲ ਰਹੋ।" ਆਮੀਨ।

178 ਪਰਮੇਸ਼ੁਰ ਅਬਰਾਹਾਮ ਦੇ ਹਰੇਕ ਬੀਜ ਨੂੰ ਪੁਕਾਰ ਰਿਹਾ ਹੈ, ਅੱਜ ਸਵੇਰੇ, ਉਸੇ ਤਰ੍ਹਾਂ ਦੇ ਜੀਵਨ ਲਈ। ਦੁਨੀਆਂ ਭਰ ਵਿੱਚ, ਹੁਣ, ਵੱਡੀ ਜੰਗ ਚੱਲ ਰਹੀ ਹੈ। ਪਰਮੇਸ਼ੁਰ ਚਾਹੁੰਦਾ ਹੈ ਕਿ ਉਸਦੇ ਬੱਚੇ ਆਪਣੇ ਆਪ ਨੂੰ ਕਿਸ ਤੋਂ ਵੱਖ ਕਰਨ? ਵੇਖਣਾ, ਸੁਆਦ, ਮਹਿਸੂਸ ਕਰਨਾ, ਸੁੰਘਣਾ, ਸੁਣਨਾ; ਕਲਪਨਾਵਾਂ, ਅੰਤਹਕਰਣ, ਯਾਦਾਂ, ਤਰਕ, ਮੋਹ; ਸਭ ਕੁਝ। ਉਨ੍ਹਾਂ ਦੇ ਦਿਮਾਗ ਨੂੰ ਖੋਲ੍ਹਣ ਅਤੇ ਵਚਨ ਨੂੰ ਅੰਦਰ ਆਉਣ ਦੇਣ, ਅਤੇ ਵਚਨ ਨਾਲ ਅੱਗੇ ਵਧਣ। ਇਹ ਇੱਕ ਅਸਲੀ ਸਿਪਾਹੀ ਹੈ।

179 ਤਾਰੇ ਵੀ ਇਸੇ ਤਰ੍ਹਾਂ ਖੜ੍ਹੇ ਰਹਿੰਦੇ ਹਨ। ਸੂਰਜ ਮੰਡਲ ਨਹੀਂ ਬਦਲਿਆ ਹੈ; ਰਾਸ਼ੀ ਚੱਕਰ। ਭੋਰ ਦਾ ਤਾਰਾ ਹਰ ਸਵੇਰ, ਆਪਣੀ ਕਰਤੱਵ ਦੇ ਸਥਾਨ ਤੇ ਚੜ੍ਹਦਾ ਹੈ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਉਸ ਨੇ ਉਸ ਵੇਲੇ ਕੀਤਾ ਸੀ ਜਦੋਂ ਧਰਤੀ ਰਚੀ ਗਈ ਸੀ। ਸ਼ਾਮ ਦਾ ਤਾਰਾ ਆਪਣੀ ਥਾਂ ਲੈਂਦਾ ਹੈ; ਹਰੇਕ ਤਾਰਾ। ਥੋੜ੍ਹਾ ਜਿਹਾ ਮੱਧਮ ਹੁੰਦਾ ਹੈ, ਅਤੇ ਰੁੱਤ ਦੇ ਸਹੀ ਸਮੇਂ ਤੇ, ਬਿਲਕੁਲ ਉੱਥੇ ਹੁੰਦਾ ਹੈ ਜਿੱਥੇ ਇਹ ਹੋਣਾ ਚਾਹੀਦਾ ਹੈ। ਉੱਤਰੀ ਤਾਰਾ ਸਥਿਰ ਖੜ੍ਹਾ ਹੈ ਅਤੇ ਕਦੇ ਨਹੀਂ ਹਿੱਲਦਾ। ਹਲਲੂਯਾਹ! ਸਾਰੀ ਚੀਜ਼ ਉੱਤਰੀ ਤਾਰੇ ਦੇ ਦੁਆਲੇ ਘੁੰਮਦੀ ਹੈ, ਬਾਕੀ ਸਾਰੇ, ਕਿਉਂਕਿ ਇਹ ਠੀਕ ਧਰਤੀ ਦੇ ਕੇਂਦਰ ਵਿੱਚ ਹੈ।

180 ਉਹ ਮਸੀਹ ਹੈ। ਆਮੀਨ। ਉਹ ਉੱਥੇ ਖੜ੍ਹਾ ਰਹਿੰਦਾ ਹੈ, ਇੱਕ ਮਹਾਨ ਕਪਤਾਨ ਵਾਂਗ ਆਪਣੀ ਸੈਨਾ ਦੀ ਕਮਾਨ ਸੰਭਾਲਦਾ ਹੈ।

181 ਜਿਵੇਂ ਮੂਸਾ ਪਹਾੜ ਉੱਤੇ ਆਪਣੇ ਹੱਥ ਚੁੱਕ ਕੇ ਖੜ੍ਹਾ ਸੀ, ਅਤੇ ਇਸਰਾਏਲ ਲੜ ਰਿਹਾ ਸੀ, ਉਹਨਾਂ ਦਾ ਰਾਹ ਬਣਾ ਰਿਹਾ ਸੀ, ਅਤੇ ਉਹ ਆਪਣੇ ਹੱਥ ਉੱਪਰ ਚੁੱਕ ਕੇ ਖੜ੍ਹਾ ਸੀ। ਸੂਰਜ ਡੁੱਬਣ ਤੱਕ ਉਹ ਆਪਣੇ ਹੱਥ ਉੱਪਰ ਚੁੱਕ ਕੇ ਖੜ੍ਹਾ ਰਿਹਾ। ਉਨ੍ਹਾਂ ਨੂੰ ਉਸਦੇ ਹੱਥ ਸਹਾਰਾ ਦੇ ਕੇ ਉੱਪਰ ਚੁੱਕਣੇ ਪਏ। ਉਹ ਮੂਸਾ ਸੀ।

182 ਉਹ ਮਸੀਹ ਦਾ ਇੱਕ ਨਮੂਨਾ ਸੀ। ਇਹ ਸੁਨਿਸ਼ਚਿਤ ਕਰਨ ਲਈ ਕਿ ਉਸਦੇ ਹੱਥ ਖੜੇ ਰਹਿਣ, ਉਸਦੇ ਹੱਥ ਸਲੀਬ ਉੱਤੇ ਕਿਲਾਂ ਨਾਲ ਠੋਕੇ ਗਏ ਸਨ। ਹਲਲੂਯਾਹ! ਅਤੇ ਉਹ ਮਹਿਮਾ ਦੇ ਕਿਲ੍ਹੇ ਦੀ ਦੀਵਾਰ ਚੜ੍ਹ ਗਿਆ, ਅੱਜ, ਪਰਮੇਸ਼ੁਰ ਦੇ ਸਾਹਮਣੇ ਆਪਣੇ ਲਹੂਲੁਹਾਣ ਬਸਤਰਾਂ ਨਾਲ, ਉਥੇ ਮਹਾਰਾਜ ਦੇ ਸੱਜੇ ਹੱਥ। ਅਤੇ ਜੰਗ, ਹਰ ਸਿਪਾਹੀ ਲਈ, ਆਪਣਾ ਰਸਤਾ ਬਣਾ ਦੇਵੇਗੀ।

ਮੈਨੂੰ ਪਰਵਾਹ ਨਹੀਂ ਕਿ ਕੀ ਵਾਪਰਦਾ ਹੈ; ਪਰਮੇਸ਼ੁਰ ਦੇ ਵਚਨ ਦੇ ਨਾਲ, ਉਹ ਆਪਣੇ ਆਪ ਨੂੰ ਆਜ਼ਾਦੀ ਲਈ ਛੁਡਾ ਲਵੇਗਾ। ਆਮੀਨ।

183 ਅੰਡੇ ਵਿੱਚ ਇੱਕ ਚੂਚੇ ਵਾਂਗ, ਕੀ ਹੋਵੇਗਾ ਜੇ ਉਹ ਬਾਹਰ ਨਿਕਲਣ ਤੋਂ ਡਰਦਾ ਹੈ? ਕੀ ਹੋਵੇਗਾ ਜੇ ਉਹ ਅੰਡੇ ਵਿੱਚੋਂ ਨਿਕਲਣ ਤੋਂ ਡਰਦਾ ਹੈ? ਕੀ ਹੋਏਗਾ ਜੇ ਅੰਡੇ ਦੇ ਅੰਦਰ ਛੋਟਾ ਚੂਚਾ, ਇੱਕ ਛੋਟਾ ਪੰਛੀ, ਅੰਡੇ ਦੇ ਖੋਲ ਨੂੰ ਤੋੜ੍ਹਨ ਤੋਂ ਡਰਦਾ ਹੈ? ਕੀ ਹੋਏਗਾ ਜੇ ਉਸ ਨੇ ਬਾਹਰੋਂ ਕੋਈ ਆਵਾਜ਼ ਸੁਣੀ ਹੋਵੇ, ਇਹ ਕਹਿੰਦੇ ਹੋਏ, "ਉਸ ਖੋਲ ਨੂੰ ਨਾ ਤੋੜੋ, ਤੈਨੂੰ ਸੱਟ ਲੱਗ ਸਕਦੀ ਹੈ"? ਪਰ ਕੁਦਰਤ ਆਪ ਹੀ, ਪੰਛੀ ਵਿੱਚ, ਉਸਨੂੰ ਕਹਿੰਦੀ ਹੈ, "ਇਸ ਨੂੰ ਚੁੰਝ ਮਾਰ! ਇਸ ਵਿੱਚ ਇੱਕ ਮੋਰੀ ਕਰ ਦਿਓ।"

184 ਸਾਰੀਆਂ ਪੁਰਾਣੀਆਂ ਸੰਸਥਾਵਾਂ ਨੂੰ ਕਹਿਣ ਦਿਓ, "ਚਮਤਕਾਰਾਂ ਦੇ ਦਿਨ ਬੀਤ ਗਏ ਹਨ। ਤੁਸੀਂ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਜਾ ਰਹੇ ਹੋ। ਤੁਸੀਂ ਕੱਟੜਤਾ ਵਿੱਚ ਜਾ ਰਹੇ ਹੋ।"

185 ਬਿਲਕੁਲ ਖੋਲ ਦੇ ਉੱਤੇ ਚੁੰਝ ਮਾਰੋ, ਜਿੰਨੀ ਜੋਰ ਨਾਲ ਤੁਸੀਂ ਮਾਰ ਸਕਦੇ ਹੋ। ਹਲਲੂਯਾਹ! "ਸ਼ੈਤਾਨ, ਦੂਰ ਹੋ ਜਾ! ਮੈਂ ਇੱਥੋਂ ਬਾਹਰ ਆ ਰਿਹਾ ਹਾਂ।" ਇਹ ਹੀ ਗੱਲ ਹੈ। "ਮੈਂ ਹੋਰ ਜਿਆਦਾ, ਇੱਥੇ ਨਹੀਂ ਪਿਆ ਰਹਾਂਗਾ। ਮੈਂ ਹੁਣ, ਇੱਥੇ ਨਹੀਂ ਬੈਠਾਂਗਾ। ਮੈਂ ਹੁਣ ਇਸ ਬੁੱਢੇ ਸ਼ੈਤਾਨ ਦੀ ਜ਼ਮੀਨ ਤੇ ਨਹੀਂ ਹਾਂ। ਮੈਂ ਅੱਜ ਸਵੇਰੇ, ਆਪਣਾ ਰਸਤਾ ਬਣਾ ਰਿਹਾ ਹਾਂ। ਆਮੀਨ। ਮੈਂ ਇੱਕ ਉਕਾਬ ਹਾਂ।" ਆਮੀਨ! ਹਲਲੂਯਾਹ!

186 ਪਰ ਉਹ ਛੋਟਾ ਜਿਹਾ ਬੁੱਢਾ ਉਕਾਬ, ਉਸਦੀ ਹੱਥੋੜੇ ਵਰਗੀ ਮਜਬੂਤ ਗਰਦਨ ਨਾਲ, ਉਸ ਖੋਲ ਤੇ ਚੁੰਝ ਮਾਰ ਰਿਹਾ ਹੈ। ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਖੋਲ ਕਿੰਨਾ ਸਖ਼ਤ ਸੀ, ਉਸਨੇ ਆਪਣੀ ਚੁੰਝ ਇਸਦੇ ਵਿੱਚ ਖੋਭ ਦਿੱਤੀ। ਪਹਿਲੀ ਗੱਲ ਤੁਸੀਂ ਜਾਣਦੇ ਹੋ, ਫਿਰ, ਉਹ ਆਪਣੇ ਖੰਭਾਂ ਨੂੰ ਥੋੜਾ ਜਿਹਾ ਫੜਫੜਾ ਸਕਦਾ ਸੀ। ਉਹ ਬਿਲਕੁਲ ਠੀਕ ਸੀ।

187 ਬਾਹਰ ਆਉਣ ਲਈ ਆਪਣਾ ਰਸਤਾ ਬਣਾਓ। ਇਹ ਠੀਕ ਹੈ। ਤੁਸੀਂ ਇਹ ਕਿਵੇਂ ਕਰੋਗੇ? ਇਸ ਨਾਲ ਧਮਾਕਾ ਕਰਕੇ, "**ਯਹੋਵਾਹ ਇੰਝ ਫ਼ਰਮਾਉਂਦਾ ਹੈ। ਯਹੋਵਾਹ ਇੰਝ ਫ਼ਰਮਾਉਂਦਾ ਹੈ। ਯਹੋਵਾਹ ਇੰਝ ਫ਼ਰਮਾਉਂਦਾ ਹੈ।**" ਆਖਰਕਾਰ, ਤੁਸੀਂ ਕੁਝ ਤਾਜ਼ੀ ਹਵਾ ਨੂੰ ਸੁੰਘਣਾ ਸ਼ੁਰੂ ਕਰਦੇ ਹੋ। "**ਯਹੋਵਾਹ ਇੰਝ ਫ਼ਰਮਾਉਂਦਾ ਹੈ।**" ਆਪਣਾ ਸੀਰ ਬਾਹਰ ਕੱਢ ਲਿਆ ਹੈ। "**ਯਹੋਵਾਹ ਇੰਝ ਫ਼ਰਮਾਉਂਦਾ ਹੈ।**" ਹੁਣ ਜ਼ੋਰ ਨਾਲ ਧੱਕੋ, ਤੁਸੀਂ ਬਾਹਰ ਆ ਰਹੇ ਹੋ!

188 ਉਹ ਮੁੜ ਕੇ ਖੋਲ ਵਿਚ ਕਦੇ ਨਹੀਂ ਜਾਂਦਾ। ਆਮੀਨ। ਉਹ ਆਜ਼ਾਦ ਹੈ। ਔਹ, ਮੇਰੇ! ਉਹ ਵਚਨ ਜੱਦ ਇੱਕ ਵਾਰ ਹੇਠਾਂ ਚਲਾ ਜਾਂਦਾ ਹੈ, ਉਹਨਾਂ ਸਾਰੀਆਂ

ਇੰਦਰੀਆਂ ਅਤੇ ਚੇਤਨਾਵਾਂ ਚੀਜ਼ਾਂ ਦੁਆਰਾ, *ਇੱਥੇ* ਸਥਾਪਿਤ ਹੋਣ ਲਈ, ਅਤੇ ਉਹ ਦਿਮਾਗ ਖੁੱਲ੍ਹਦਾ ਹੈ ਅਤੇ ਇਸਨੂੰ ਆਉਣ ਦਿੰਦਾ ਹੈ। ਹੇ ਪਰਮੇਸ਼ੁਰ, ਦਯਾ ਕਰ! ਇਸ ਨੂੰ ਦੁਬਾਰਾ ਬਨ੍ਹਣ ਦੇ ਲਈ ਕੁਝ ਨਹੀਂ ਹੈ। ਤੁਸੀਂ ਆਜ਼ਾਦ ਹੋ। ਜਿਸ ਨੂੰ ਪੁੱਤਰ ਨੇ ਆਜ਼ਾਦ ਕੀਤਾ ਹੈ ਉਹ ਖੋਲ ਤੋਂ ਬਾਹਰ ਹੈ। ਤੁਹਾਡੀ ਨਾਮਧਾਰੀ ਕਲੀਸਿਯਾ ਤੁਹਾਨੂੰ ਕਦੇ ਵੀ ਵਾਪਸ ਨਹੀਂ ਬੁਲਾ ਸਕਦੀ। ਸ਼ੈਤਾਨ ਤੁਹਾਨੂੰ ਕਦੇ ਵੀ ਕੁਝ ਵੀ ਨਹੀਂ ਕਰ ਸਕਦਾ। ਉਹ ਤਾਂ ਬਸ, ਫੁੰਕਾਰੇ ਮਾਰ ਸਕਦਾ ਹੈ ਅਤੇ ਲਲਕਾਰ ਸਕਦਾ ਹੈ।

189 ਪਰ ਤੁਸੀਂ ਰਾਜਮਾਰਗ ਤੇ ਹੋ, ਤੇਜ਼ ਰਫਤਾਰ ਨਾਲ ਦੌੜ੍ਹ ਰਹੇ ਹੋ, ਔਹ, ਮੇਰੇ, ਮਹਾਰਾਜੇ ਦੇ ਰਾਜਮਾਰਗ ਤੇ ਦੌੜ੍ਹ ਰਹੇ ਹੋ, ਸਲੀਬ ਦੇ ਮਸਹ ਕੀਤੇ ਹੋਏ ਸਿਪਾਹੀ। ਅਤੇ ਇਹ ਸਭ ਉਕਾਬ ਤੁਸੀਂ ਹੋ, ਵਿਸ਼ਵਾਸ ਨਾਲ, ਯਿਸੂ ਦੀ ਪ੍ਰਸ਼ੰਸਾ ਕਰਦੇ ਹੋਏ, ਜੋ ਜਗਤ ਦਾ ਚਾਨਣ ਹੈ, ਮਹਾਰਾਜੇ ਦੇ ਰਾਜਮਾਰਗ ਤੇ ਦੌੜ੍ਹੋ। ਯਕੀਨਨ। ਹਾਂ, ਸ਼੍ਰੀਮਾਨ!

190 ਇਹ "ਸੇਵਾਕਾਈ ਦੇ ਆਤਮੇ ਹਨ," ਪਰਮੇਸ਼ੁਰ ਦੀ ਹਜ਼ੂਰੀ ਤੋਂ ਭੇਜੇ ਗਏ ਹਨ, ਸੇਵਕ ਬਣਨ ਲਈ, ਸੇਵਾ ਕਰਨ ਲਈ (ਕਾਹਦੀ?) ਉਸਦੇ ਵਚਨ ਦੀ; ਕੋਈ ਧਰਮ ਸ਼ਾਸਤਰ ਦੇ ਗਿਆਨ ਦੀ ਨਹੀਂ, ਪਰ ਪਰਮੇਸ਼ੁਰ ਦਾ ਵਚਨ ਦੀ। ਉਹ ਸੇਵਕਾਈ ਦੇ ਆਤਮੇ ਹਨ, ਜੋ ਪਰਮੇਸ਼ੁਰ ਵੱਲੋਂ ਸੇਵਾ ਕਰਨ ਲਈ ਭੇਜੇ ਗਏ ਹਨ। ਸੇਵਕਾਈ ਦੇ ਆਤਮੇ! ਔਹ! ਅਤੇ, ਯਾਦ ਰੱਖੋ, ਜੇ ਇਹ ਵਚਨ ਤੋਂ ਇਲਾਵਾ ਕਿਸੇ ਹੋਰ ਚੀਜ਼ ਦੀ ਸੇਵਾ ਕਰਦਾ ਹੈ, ਤਾਂ ਇਹ ਪਰਮੇਸ਼ੁਰ ਵੱਲੋਂ ਨਹੀਂ ਆਇਆ। ਕਿਉਂਕਿ, "ਤੇਰਾ ਵਚਨ ਸਦਾ ਸਵਰਗ ਵਿੱਚ ਪ੍ਰਮਾਣਿਤ ਹੁੰਦਾ ਹੈ।" ਹਮੇਸ਼ਾ, ਸਵਰਗ ਵਿੱਚ, ਵਚਨ ਸੀ-...ਪਰਮੇਸ਼ੁਰ ਇਸ ਤੇ ਨਜਰ ਰੱਖਦਾ ਹੈ। ਅਤੇ ਉਹ ਵਚਨ ਤੋਂ ਇਲਾਵਾ ਕਿਸੇ ਹੋਰ ਚੀਜ਼ ਦੀ ਸੇਵਾ ਕਰਨ ਲਈ ਕਦੇ ਵੀ ਆਤਮਾ ਨਹੀਂ ਭੇਜੇਗਾ।

191 ਉਹ ਕਦੇ ਵੀ ਇੱਕ ਮਹਾਨ ਡੀ.ਡੀ.ਡੀ., ਪੀ.ਐਚ.ਡੀ. ਦੇ ਨਾਲ ਆਤਮਾ ਨਹੀਂ ਭੇਜੇਗਾ, ਅਤੇ ਜਿਸਦੇ ਕਾਲਰ ਪਿੱਛੋਂ ਖੜ੍ਹੇ ਹੋਣ, ਅਜਿਹਾ ਸਭ ਕੁਝ, ਆਖੇ, "ਖੈਰ, ਬੇਸ਼ੱਕ, ਚਮਤਕਾਰਾਂ ਦੇ ਦਿਨ ਬੀਤ ਗਏ ਹਨ। ਅਸੀਂ ਇਹ ਸਾਰੇ ਜਾਣਦੇ ਹਾਂ।" ਨਹੀਂ, ਨਹੀਂ। ਇਹ ਪਰਮੇਸ਼ੁਰ ਵੱਲੋਂ ਨਹੀਂ ਆਇਆ। ਇਹ ਵਚਨ ਦੇ ਉਲਟ ਹੈ। ਆਮੀਨ।

192 ਉਹ ਉਨ੍ਹਾਂ ਨੂੰ ਭੇਜਦਾ ਹੈ ਜੋ ਵਚਨ ਦੀ ਆਤਮਾ ਦੀ ਸੇਵਾ ਕਰਦੇ ਹਨ। ਆਮੀਨ।

193 ਔਹ, ਮੇਰੇ ਕੋਲ ਚਾਰ ਜਾਂ ਪੰਜ ਹੋਰ ਚੀਜ਼ਾਂ ਸਨ, ਪਰ ਮੈਂ ਇਸਨੂੰ ਇਸ ਸਮੇਂ ਛੱਡ ਦਿਆਂਗਾ, ਅਗਲੇ ਐਤਵਾਰ ਇਸਨੂੰ ਲਵਾਂਗਾ। ਠੀਕ ਹੈ।

ਸ਼ੈਤਾਨ ਅਤੇ ਉਸ ਦੇ ਦੁਸ਼ਟ ਦੂਤ ਮਸਹ ਕੀਤੇ ਹੋਏ ਹਨ।

194 ਜੇ ਇਹ ਦੂਤ ਆਤਮੇ ਤੁਹਾਡੇ ਲਈ ਵਚਨ ਲਿਆਉਣ ਲਈ ਮਸਹ ਕੀਤੇ ਗਏ ਹਨ, ਤੁਹਾਨੂੰ ਵਚਨ ਵਿੱਚ ਵਿਸ਼ਵਾਸ ਕਰਾਉਣ ਲਈ, ਹੁਣ ਕੀ ਤੁਸੀਂ ਕਿਤੇ ਇੱਕ ਨਬੀ ਨੂੰ ਸੁਣਿਆ ਹੈ, ਪਰਮੇਸ਼ੁਰ ਦੇ ਇੱਕ ਅਸਲੀ ਨਬੀ ਨੂੰ, ਪਰਮੇਸ਼ੁਰ ਦੇ ਵਚਨ ਤੋਂ ਇਨਕਾਰ ਕਰਦੇ ਹੋਏ? [ਕਲੀਸਿਯਾ ਕਹਿੰਦੀ ਹੈ, "ਨਹੀਂ"—ਸੰਪਾ.] ਨਹੀਂ, ਸ਼੍ਰੀਮਾਨ। ਕੀ ਹੋਇਆ ਜਦੋਂ ਉਹਨਾਂ ਦੇ ਜ਼ਮਾਨੇ ਦੀਆਂ ਜਥੇਬੰਦੀਆਂ ਨੇ ਉੱਠ ਕੇ ਕਿਹਾ, "ਹੁਣ, ਉਹ ਗਲਤ ਹੈ"? ਉਹ ਆਪ ਹੀ ਖੜ੍ਹਾ ਸੀ, ਇਕੱਲਾ ਖੜਾ ਸੀ। ਉਸ ਨੇ ਕਿਹਾ, "ਇਹ ਸਹੀ ਹੈ।"

195 ਉਸ ਦਿਨ ਮੀਕਾਯਾਹ ਨੂੰ ਵੇਖੋ, ਛੋਟਾ ਪਵਿੱਤਰ-ਪਖੰਡੀ, ਵੇਖੋ, ਇਮਲਾਹ ਦਾ ਪੁੱਤਰ। ਮੰਨਿਆ ਜਾ ਰਿਹਾ ਸੀ ਕਿ, ਉੱਥੇ ਚਾਰ ਸੌ ਮਸਹ ਕੀਤੇ ਹੋਏ ਸਨ, ਮਸਹ ਕੀਤੇ ਹੋਏ ਨਬੀ ਉੱਥੇ ਖੜ੍ਹੇ ਸਨ, ਸਾਰੇ ਖੂਬ ਪਾਲੇ ਹੋਏ, ਅਤੇ ਤਿਆਰ ਕੀਤੇ ਹੋਏ ਸਨ, ਅਤੇ ਵੱਡੀਆਂ ਵੱਡੀਆਂ ਡਿਗਰੀਆਂ, ਅਤੇ ਉੱਚ ਸਿੱਖਿਆ ਪ੍ਰਾਪਤ ਅਤੇ ਚਮਕਾਏ ਹੋਏ ਵਿਦਵਾਨ। ਉਨ੍ਹਾਂ ਕਿਹਾ, "ਚੜ੍ਹ ਜਾਓ, ਸਾਡੇ ਵਫ਼ਾਦਾਰ ਰਾਜੇ। ਪ੍ਰਭੂ ਤੁਹਾਡੇ ਨਾਲ ਹੋਵੇ। ਇਹ ਸਾਡਾ ਹੈ। ਯਹੋਸ਼ੁਆ ਨੇ ਇਹ ਸਾਨੂੰ ਦੇ ਦਿੱਤਾ ਸੀ। ਇਸ ਲਈ ਤੁਸੀਂ ਚੜ੍ਹ ਜਾਓ ਅਤੇ ਇਸਨੂੰ ਲੈ ਲਓ। ਇਹ ਬਿਲਕੁਲ ਸਹੀ ਹੈ। ਤੁਸੀਂ ਉੱਪਰ ਜਾਓ ਅਤੇ ਇਸ ਨੂੰ ਲੈ ਲਓ। ਕੀ…" ਉਸ ਨੇ ਕਿਹਾ, "ਖੈਰ, ਯਹੋ-…"

196 ਤੁਸੀਂ ਜਾਣਦੇ ਹੋ, ਯਹੋਸ਼ਾਫ਼ਾਟ ਨੇ ਕਿਹਾ, "ਕੀ ਕੋਈ ਹੋਰ ਨਹੀਂ ਹੈ, ਕਿਤੇ?" ਖੈਰ, ਉਨ੍ਹਾਂ ਕੋਲ ਚਾਰ ਸੌ ਸਨ। ਉਨ੍ਹਾਂ ਚਾਰ ਸੌ ਤੇ ਵਿਸ਼ਵਾਸ ਕਿਉਂ ਨਹੀਂ ਹੈ? ਉਸ ਨੇ ਕਿਹਾ, "ਪਰ, ਕਿਤੇ, ਯਕੀਨਨ ਤੁਹਾਡੇ ਕੋਲ ਇੱਕ ਹੋਰ ਹੈ।"

197 ਉਸ ਕਿਹਾ, "ਮੈਂ—ਮੈਂ…ਖੈਰ, ਸਾਡੇ ਕੋਲ ਇੱਕ ਹੈ। ਇੱਕ ਹੋਰ ਹੈ, ਪਰ, ਔਹ, ਮੈਂ ਉਸਨੂੰ ਨਫ਼ਰਤ ਕਰਦਾ ਹਾਂ।" ਹੂੰ! ਵੇਖਿਆ?

198 "ਉੱਥੇ—ਉੱਥੇ, ਇਹ ਉਹ ਵਿਅਕਤੀ ਹੈ ਜਿਸਨੂੰ ਮੈਂ ਸੁਣਨਾ ਚਾਹੁੰਦਾ ਹਾਂ, ਵੇਖੋ।" ਉਸ ਨੇ ਕਿਹਾ, "ਉਸਨੂੰ ਉੱਪਰ ਲਿਆਓ। ਆਓ ਦੇਖੀਏ ਕਿ ਉਹ ਕੀ ਕਹਿੰਦਾ ਹੈ।"

199 ਅਤੇ ਇਸ ਲਈ ਉਨ੍ਹਾਂ ਨੇ ਜਾ ਕੇ ਉਸ ਨੂੰ ਕਿਹਾ, "ਹੁਣ, ਸੁਣ। ਤੂੰ ਆਪਣਾ ਸੰਦੇਸ਼ ਬਿਲਕੁਲ ਸਹੀ ਕਰ ਲੈ, ਕਿਉਂਕਿ ਅਜਜ ਸਵੇਰੇ, ਤੂੰ ਰਾਜੇ ਨੂੰ ਪ੍ਰਚਾਰ ਕਰੇਂਗਾ। ਤੂੰ ਪ੍ਰਚਾਰ ਕਰੇਂਗਾ…ਫਲਾਣੇ-ਫਲਾਣੇ ਦੇ ਸਾਰੇ ਮੰਤਰੀ ਮੰਡਲ ਨੂੰ, ਤੁਸੀਂ ਸਮਝੇ, ਫਲਸਤੀਨ ਦੇ, ਸਾਰੇ ਮੰਤਰੀ ਮੰਡਲ ਨੂੰ। ਹੁਣ, ਤੂੰ ਯਾਦ ਰੱਖੀਂ, ਇਹ ਹੈ ਜੋ ਉਨ੍ਹਾਂ ਨੇ ਕਿਹਾ ਸੀ। ਤੂੰ ਵੀ ਇਹੀ ਆਖੀਂ। ਤੂੰ ਵੀ ਇਸੇ ਗੱਲ ਤੇ ਵਿਸ਼ਵਾਸ ਕਰੀਂ।" ਉਹ ਛੋਟਾ…

200 ਉਸ—ਉਸ ਕੋਲ ਉੱਥੇ ਗਲਤ ਆਦਮੀ ਸੀ। ਉਹ ਆਦਮੀ ਇਸ ਪੁਰਾਣੀ ਤਰਕ ਸ਼ਕਤੀ ਤੋਂ ਦੂਰ ਹੋ ਗਿਆ ਸੀ। ਉਸਨੇ ਚਿਮਨੀ, ਉਸਦੇ ਅੰਤਹਕਰਣ ਨੂੰ ਸਾਫ਼ ਕਰ ਲਿਆ ਸੀ, ਸਮਝੇ।

201 "ਅਤੇ, ਅੱਛਾ, ਕਿਉਂ, ਤੁਸੀਂ ਜਾਣਦੇ ਹੋ ਕਿ ਉਹ ਕੀ ਕਰਨਗੇ? ਜੇ ਤੁਸੀਂ ਉਹੀ ਗੱਲ ਕਹੋਗੇ, ਤਾਂ ਮੈਂ ਕਲਪਨਾ ਕਰਦਾ ਹਾਂ ਕਿ ਉਹ ਤੁਹਾਨੂੰ ਜ਼ਿਲ੍ਹਾ ਪੁਰੋਹਿਤ ਬਣਾ ਦੇਣਗੇ। ਉਹ ਸ਼ਾਇਦ ਅਜਿਹਾ ਕਰਣਗੇ। ਉਹ—ਉਹ ਤੁਹਾਨੂੰ ਸਥਾਨਕ ਜ਼ਿਲ੍ਹੇ ਦਾ ਮਹਾ ਪ੍ਰਧਾਨ ਬਣਾ ਦੇਣਗੇ, ਜੇਕਰ ਤੁਸੀਂ—ਤੁਸੀਂ ਬਸ ਉਹਨਾਂ ਨਾਲ ਸਹਿਮਤ ਹੋਵੋਗੇ।" ਉਹ ਪਰਮੇਸ਼ੁਰ ਦਾ ਅਸਲੀ ਆਦਮੀ ਨਹੀਂ ਸੀ।

202 ਕਿਉਂ, ਉਸ ਦੀ ਚਿੱਮਣੀ ਨੂੰ ਸਾਫ਼ ਕਰ ਦਿੱਤਾ ਗਿਆ ਸੀ, ਉਸਦਾ ਅੰਤਹਕਰਣ ਅਤੇ ਸਭ ਕੁਝ ਸਾਫ਼ ਸੀ। ਉਸ ਦਾ ਦਿਮਾਗ ਪਰਮੇਸ਼ੁਰ ਦੇ ਵਚਨ ਲਈ ਖੁੱਲ੍ਹ ਗਿਆ ਸੀ। ਅਤੇ ਉਹ ਕੇਵਲ, ਪਰਮੇਸ਼ੁਰ ਦੇ ਵਚਨ ਤੇ ਹੀ, ਵਿਸ਼ਵਾਸ ਕਰੇਗਾ। ਇਹ ਸੇਵਕਾਈ ਦੇ ਆਤਮੇ ਹਨ। ਇਹ ਸੇਵਕਾਈ ਦੀ ਆਤਮਾ ਹੈ।

203 ਉਸ ਨੇ ਕਿਹਾ, "ਮੈਨੂੰ ਨਹੀਂ ਪਤਾ ਕਿ ਹੁਣ ਕੀ ਕਹਿਣਾ ਹੈ। ਪਰ, ਮੈਂ ਤੁਹਾਨੂੰ ਇੱਕ ਗੱਲ ਦੱਸ ਦਿੰਦਾ ਹਾਂ, ਮੈਂ ਉਹੀ ਕਹਾਂਗਾ ਜੋ ਪਰਮੇਸ਼ੁਰ ਮੈਨੂੰ ਕਹਿਣ ਲਈ ਦੱਸੇਗਾ।"

ਇਸ ਲਈ ਉਨ੍ਹਾਂ ਨੇ ਉਸ ਰਾਤ ਦਾ ਇੰਤਜ਼ਾਰ ਕੀਤਾ। ਉਸ ਕੋਲ ਇੱਕ ਦਰਸ਼ਨ ਸੀ।

204 ਅਗਲੀ ਸਵੇਰ, ਮੈਂ ਕਲਪਨਾ ਕਰ ਸਕਦਾ ਹਾਂ ਕਿ ਮੀਕਾਯਾਹ ਲਿਖਤਾਂ ਨੂੰ ਦੇਖਦਾ ਹੋਇਆ ਕਹਿੰਦਾ ਹੈ, "ਹੁਣ, ਆਓ ਹੁਣ ਵੇਖੀਏ। ਕੀ ਉਹ ਦਰਸ਼ਨ… ਹੁਣ, ਉਹ ਸਾਰੇ ਆਦਮੀ, ਇੱਥੇ ਕਿਤੇ ਨਾ ਕਿਤੇ ਕੁਝ ਗਲਤ ਹੈ, ਕਿਉਂਕਿ ਇਹ ਉਨ੍ਹਾਂ ਦੇ ਕਹਿਣ ਦੇ ਉਲਟ ਹੈ। ਖੈਰ, ਇਹ ਕੀ ਕਹਿੰਦਾ ਹੈ? ਆਓ ਦੇਖੀਏ ਕਿ ਏਲੀਯਾਹ ਨੇ ਇੱਥੇ ਕੀ ਕਿਹਾ, ਨਬੀ, ਕਿਉਂਕਿ ਅਸੀਂ ਜਾਣਦੇ ਹਾਂ ਕਿ ਉਹ ਇੱਕ ਨਬੀ ਸੀ। ਦੇਖੋ ਕੀ…ਯਹੋਵਾਹ ਦਾ ਬਚਨ ਏਲੀਯਾਹ ਕੋਲ ਆਇਆ। ਹਾਂ। ਅਤੇ ਇਸ ਨੇ ਕੀ ਕਿਹਾ? 'ਅਤੇ ਕੁੱਤੇ ਤੇਰਾ ਲਹੂ ਚੱਟਣਗੇ। ਈਜ਼ਬਲ, ਕੁੱਤੇ ਉਸਨੂੰ ਖਾ ਜਾਣਗੇ। ਅਤੇ ਧਰਮੀ ਅਹਾਬ ਦੇ ਕਾਰਨ…ਇੱਕ ਧਰਮੀ ਨਾਬੋਥ।'" ਤਦ ਉਸ ਨੇ ਕਿਹਾ…ਜਦੋਂ ਉਸਨੇ ਇਹ ਦੇਖਿਆ, ਉਸਨੇ ਦੇਖਿਆ ਕਿ ਉਸਦਾ ਦਰਸ਼ਨ ਬਿਲਕੁਲ ਪਰਮੇਸ਼ੁਰ ਦੇ ਵਚਨ ਦੇ ਅਨੁਸਾਰ ਸੀ, ਫਿਰ, ਬੁੱਢੇ ਅਹਾਬ ਦੱਸਿਆ ਕਿ ਉਹ ਉਸ ਕੋਲ ਆ ਰਿਹਾ ਸੀ।

205 ਸਿੱਧਾ ਉੱਥੇ ਗਿਆ, ਕਿਹਾ, "ਚੜ੍ਹ ਜਾਓ। ਪਰ ਮੈਂ ਇਸਰਾਏਲ ਨੂੰ ਦੇਖਿਆ…" ਵੇਖੋ, ਉਹ ਉਦੋਂ ਆਪਣਾ ਦਰਸ਼ਨ ਦੱਸਣ ਵਿੱਚ ਸ਼ਰਮਿੰਦਾ ਨਹੀਂ

ਸੀ, ਕਿਉਂਕਿ ਇਹ ਪ੍ਰਭੂ ਦਾ ਵਚਨ ਸੀ। ਉਹ ਜਾਣਦਾ ਸੀ ਕਿ ਉਹ ਇਸ ਚੀਜ਼ ਨੂੰ ਪੂਰੀ ਤਰ੍ਹਾਂ ਲੈ ਸਕਦਾ ਹੈ। ਕੀ? ਉਸਨੇ ਆਪਣਾ ਦਿਲ, ਆਪਣਾ ਦਿਮਾਗ, ਪਰਮੇਸ਼ੁਰ ਦੇ ਵਚਨ ਲਈ ਖੋਲ੍ਹਿਆ ਸੀ, ਅਤੇ ਪਰਮੇਸ਼ੁਰ ਦਾ ਵਚਨ ਵਾਪਸ ਪ੍ਰਗਟ ਹੋਇਆ ਸੀ, ਇਸ ਲਈ ਉਹ ਜਾਣਦਾ ਸੀ ਕਿ ਇਹ ਸੰਪੂਰਣ ਤੌਰ ਤੇ ਪਰਮੇਸ਼ੁਰ ਦਾ ਵਚਨ ਸੀ।

206 ਹੁਣ, ਤੁਸੀਂ ਕਹਿੰਦੇ ਹੋ, "ਔਹ, ਜੇ ਮੈਂ ਸਿਰਫ ਮੀਕਾਯਾਹ ਬਣ ਸਕਦਾ!" ਤੁਸੀਂ ਬਣ ਸਕਦੇ ਹੋ। ਤੁਸੀ ਹੋ। ਤੂੰ ਵੀ ਹੈਂ, ਪਿਆਰੀ। ਤੁਸੀਂ ਮੀਕਾਯਾਹ, ਨਬੀ ਹੋ। ਤੁਸੀਂ ਕੀ ਕਰ ਸਕਦੇ ਹੋ? ਆਪਣਾ ਦਿਮਾਗ ਖੋਲੋ। ਮੈਂ ਅੱਜ ਸਵੇਰੇ ਤੁਹਾਨੂੰ ਕੀ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹਾਂ? ਪ੍ਰਭੂ ਦਾ ਵਚਨ। ਸਮਝੇ? ਆਪਣਾ ਦਿਮਾਗ ਖੋਲੋ, ਆਖੋ, "ਹੁਣ, ਤੁਸੀਂ ਜਾਣਦੇ ਹੋ, ਮੈਨੂੰ ਵਿਸ਼ਵਾਸ ਹੈ ਕਿ ਮੈਂ ਠੀਕ ਹੋ ਸਕਦੀ ਹਾਂ।" ਅੱਛਾ, ਫਿਰ, ਇਹ ਕੀ ਹੈ? ਕੀ ਇਹ ਪ੍ਰਭੂ ਦਾ ਵਚਨ ਹੈ? ਯਕੀਨਨ, ਇਹ ਪ੍ਰਭੂ ਦਾ ਵਚਨ ਹੈ।

207 ਅਤੇ *ਇਹ* ਲੜਕਾ ਇੱਥੇ ਕਹਿੰਦਾ ਹੈ, "ਚਮਤਕਾਰਾਂ ਦੇ ਦਿਨ ਬੀਤ ਚੁੱਕੇ ਹਨ। ਤੁਸੀਂ *ਇਹ* ਨਹੀਂ ਕਰ ਸਕਦੇ। ਅਤੇ ਤੁਸੀਂ…" ਇਸ ਬਾਰੇ ਭੁੱਲ ਜਾਓ। ਪਰਮੇਸ਼ੁਰ ਨੂੰ ਪਹਿਲ ਦਿਓ।

208 ਇੱਥੇ ਪ੍ਰਭੂ ਦਾ ਵਚਨ ਆਉਂਦਾ ਹੈ, ਅਤੇ ਉਸਨੇ ਇਸਨੂੰ ਬੋਲਿਆ, ਅਤੇ ਇਹ ਅਜਿਹਾ ਹੀ ਸੀ।

209 ਹੁਣ, ਸ਼ੈਤਾਨ ਨੇ ਕੀ ਕੀਤਾ? ਸ਼ੈਤਾਨ ਨੇ ਬਾਕੀਆਂ ਨੂੰ ਮਸਹ ਕੀਤਾ ਸੀ। ਹੁਣ, ਸ਼ੈਤਾਨ ਆਪਣੇ ਸੇਵਕਾਂ ਨੂੰ ਮਸਹ ਕਰਦਾ ਹੈ। ਔਹ, ਯਕੀਨਨ। ਉੂੰ-ਹੂੰ। ਯਕੀਨਨ। ਉਹ ਆਪਣੇ ਸੇਵਕਾਂ ਨੂੰ ਮਸਹ ਕਰਦਾ ਹੈ। ਉਹ ਉਨ੍ਹਾਂ ਨੂੰ ਕਿਸ ਚੀਜ਼ ਨਾਲ ਮਸਹ ਕਰਦਾ ਹੈ? ਅਵਿਸ਼ਵਾਸ ਨਾਲ। ਸ਼ੈਤਾਨ ਅਤੇ ਉਸਦੇ ਦੁਸ਼ਟ ਦੂਤ ਪਰਮੇਸ਼ੁਰ ਦੇ ਵਚਨ ਨੂੰ ਨਾ ਮੰਨਣ ਲਈ ਮਨੁੱਖਤਾ ਨੂੰ ਮਸਹ ਕਰਦੇ ਹਨ।

210 ਹੁਣ, ਜੇਕਰ ਤੁਸੀਂ ਇਸਦੀ ਪੁਸ਼ਟੀ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਉਤਪਤ 3:4 ਵੱਲ ਆਓ। ਚਲੋ ਉੱਥੇ ਵਾਪਸ ਮੁੜਦੇ ਹਾਂ ਅਤੇ ਇਸਨੂੰ ਸੁਣਦੇ ਹਾਂ, ਸਿਰਫ ਇੱਕ ਮਿੰਟ, ਅਤੇ ਦੇਖਦੇ ਹਾਂ ਕਿ ਕੀ ਇਹ ਉਸਦੀ ਪਹਿਲੀ ਚਾਲ ਨਹੀਂ ਹੈ। ਸਭ ਤੋਂ ਪਹਿਲਾਂ ਉਸ ਨੇ ਇਹੀ ਚੀਜ ਕੀਤੀ। ਉਹ ਆਪਣੀ ਓਸੇ ਚਾਲ ਨੂੰ ਕਦੇ ਨਹੀਂ ਛੱਡਦਾ। ਉਹ ਹਰ ਵੇਲੇ ਇਹੀ ਕਰਦਾ ਹੈ। ਹੁਣ, ਬਸ ਵੇਖੋ ਕਿ ਕੀ ਇਹ—ਇਹ ਉਹੀ ਹੈ ਜੋ ਇਹ ਹੈ। ਹੁਣ, ਉਹ ਵਚਨ ਨਾਲ ਅਸਹਿਮਤ ਨਹੀਂ ਸੀ। ਉਸਨੇ ਉਸਨੂੰ ਸਿਰਫ ਇੱਕ ਕਿਸਮ ਦਾ ਗਲਤ ਤਰਜਮਾ ਪੇਸ਼ ਕੀਤਾ, ਤੁਸੀਂ ਜਾਣਦੇ ਹੋ, ਸਿਰਫ਼ ਇਸ ਤਰ੍ਹਾਂ ਦੀ ਬਣਾਇਆ ਜਿਸ ਤਰ੍ਹਾਂ ਉਹ ਇਸ ਨੂੰ ਬਣਾਉਣਾ ਚਾਹੁੰਦਾ ਸੀ, ਸੰਪੂਰਣ ਵਚਨ ਨੂੰ ਨਹੀਂ ਲਿਆ। ਹੁਣ, ਉਤਪਤ, ਮੇਰੇ

ਕੋਲ ਇੱਥੇ ਹੈ, ਉਤਪਤ 3:4। ਆਓ ਦੇਖੀਏ ਕਿ ਕੀ ਹੁਣ ਇਹੀ ਕਿਹਾ ਗਿਆ ਸੀ। ਠੀਕ ਹੈ।

*ਪਰ ਸੱਪ ਨੇ ਤੀਵੀਂ ਨੂੰ ਆਖਿਆ, ਕਿ ਤੁਸੀਂ ਕਦੀ ਨਾ ਮਰੋਗੇ:*

211 "ਯਕੀਨਨ ਨਹੀਂ ਮਰੋਗੇ।" ਦੇਖੋ ਕਿ ਉਸਨੇ ਇਸਨੂੰ ਕਿਵੇਂ ਘੁਮਾ ਫਿਰਾ ਕੇ ਪੇਸ਼ ਕੀਤਾ? "ਔਹ, ਅਸੀਂ ਵਿਸ਼ਵਾਸ ਕਰਦੇ ਹਾਂ ਕਿ ਚਮਤਕਾਰਾਂ ਦੇ ਦਿਨ ਬੀਤ ਗਏ ਹਨ। ਅਸੀਂ ਵਿਸ਼ਵਾਸ ਨਹੀਂ ਕਰਦੇ ਕਿ ਇੱਥੇ ਕੋਈ ਅਜਿਹੀ ਚੀਜ਼ ਹੈ ਕਿ ਲੋਕ ਪਵਿੱਤਰ ਆਤਮਾ ਪ੍ਰਾਪਤ ਕਰ ਰਹੇ ਹਨ ਜਿਵੇਂ ਕਿ ਉਨ੍ਹਾਂ ਨੇ ਪੰਤੇਕੁਸਤ ਤੇ ਪ੍ਰਾਪਤ ਕੀਤਾ ਸੀ। ਔਹ, ਜਿਸ ਵੀ ਤਰ੍ਹਾਂ ਤੁਸੀਂ ਬਪਤਿਸਮਾ ਲਿਆ ਹੈ, ਇਸ ਨਾਲ ਕੋਈ ਫਰਕ ਨਹੀਂ ਪੈਂਦਾ।" ਸ਼ੈਤਾਨ ਨੂੰ ਵੇਖੋ? ਉਸ ਦੀਆਂ ਚਾਲਾਂ ਨੂੰ ਵੇਖੋ? "ਅੱਛਾ, ਜੇ ਡਾਕਟਰ ਨੇ ਤੁਹਾਨੂੰ ਦੱਸਿਆ ਕਿ ਤੁਸੀਂ ਠੀਕ ਨਹੀਂ ਹੋ ਸਕਦੇ, ਤਾਂ ਇਹ ਸਭ ਖਤਮ ਹੈ।"

212 ਹੁਣ, ਡਾਕਟਰ ਦਾ ਅਪਮਾਨ, ਬੇਇਤਬਾਰੀ ਨਹੀਂ ਕਰ ਰਿਹਾ। ਡਾਕਟਰ ਵਿਗਿਆਨਕ ਦੇ ਅਨੁਸਾਰ ਕੰਮ ਕਰ ਰਿਹਾ ਹੈ। ਅਤੇ ਡਾਕਟਰ ਨੇ ਉਸ ਵਿਅਕਤੀ ਦੀ ਜਾਨ ਬਚਾਉਣ ਲਈ ਉਹ ਸਭ ਕੁਝ ਕੀਤਾ ਹੈ, ਜੋ ਉਹ ਕਰ ਸਕਦਾ ਸੀ, ਅਤੇ ਇਸ ਨੂੰ ਬਚਾਇਆ ਨਹੀਂ ਜਾ ਸਕਦਾ, ਕਿਉਂਕਿ ਹੋਰ ਕੁਝ ਨਹੀਂ ਹੈ ਜੋ ਉਹ ਕਰਨਾ ਜਾਣਦਾ ਹੈ। ਉਹ ਆਪਣੀ ਬੁੱਧੀ ਦੇ ਅੰਤ ਤੇ ਹੈ। ਉਹ ਬੰਦਾ ਇਮਾਨਦਾਰ ਹੈ। ਪਰ, ਹੁਣ, ਗਿਆਨ ਦਾ ਰੁੱਖ ਬਿਲਕੁਲ ਸਹੀ ਹੈ, ਪਰ ਜਦੋਂ ਤੁਸੀਂ ਉੱਥੋਂ ਤੱਕ ਜਾਂਦੇ ਹੋ ਜਿੱਥੋਂ ਤਕ ਇਹ ਜਾਂਦਾ ਹੈ, ਤਾਂ ਫਿਰ ਤੁਸੀਂ ਜੀਵਨ ਦੇ ਰੁੱਖ ਤੋਂ ਹੇਠਾਂ ਕਦਮ ਰੱਖਦੇ ਹੋ ਅਤੇ ਜਾਣਾ ਜਾਰੀ ਰੱਖਦੇ ਹੋ। ਆਮੀਨ। ਇਹ ਹੀ ਗੱਲ ਹੈ। ਇਹ ਬਸ ਏਥੋਂ ਤੱਕ ਹੀ ਕੰਮ ਕਰੇਗਾ। ਹਾਂ।

213 ਹੁਣ, ਹੁਣ ਸ਼ੈਤਾਨ ਦੀ ਚਾਲ ਕੀ ਹੈ? ਉਸਨੇ ਇੱਥੇ ਕੀ ਕਿਹਾ? ਹੁਣ 1 ਅਤੇ 2 ਆਇਤ ਨੂੰ ਦੇਖੋ। ਹੁਣ ਮੈਨੂੰ ਇੱਥੇ ਪਹਿਲੀ ਆਇਤ ਪੜ੍ਹਨ ਦਿਓ—ਦਿਓ, 3 ਤੱਕ।

*ਸੱਪ ਸਭ ਜੰਗਲੀ ਜਾਨਵਰਾਂ ਨਾਲੋਂ, ਜਿਨ੍ਹਾਂ ਨੂੰ ਯਹੋਵਾਹ ਪਰਮੇਸ਼ੁਰ ਨੇ ਬਣਾਇਆ ਸੀ ਚਾਤਰ ਸੀ। ਅਤੇ ਉਸ ਨੇ ਉਸ ਤੀਵੀਂ ਨੂੰ ਆਖਿਆ, ਭਲਾ, ਪਰਮੇਸ਼ੁਰ ਨੇ ਸੱਚ ਮੁੱਚ ਆਖਿਆ ਹੈ...ਕਿ ਬਾਗ ਦੇ ਕਿਸੇ ਬਿਰਛ ਤੋਂ ਤੁਸੀਂ ਨਾ ਖਾਓ?*

214 ਹੁਣ ਉਸ ਨੂੰ ਸੁਣੋ, ਉਹ ਕਿੰਨਾ ਘਿਣਾਉਣਾ ਹੋ ਜਾਂਦਾ ਹੈ, ਅਤੇ ਉਹ ਕਿਵੇਂ—ਉਹ ਕਿਵੇਂ ਉਸ ਵਚਨ ਨੂੰ ਚੂਨਾ ਲਗਾਉਂਦਾ ਹੈ। ਵੇਖਿਆ? ਉਹ...ਉਹ ਕੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ? ਉਸ ਦੇ ਦਿਮਾਗ ਵਿੱਚ ਵੜਨ ਦੀ ਕੋਸ਼ਿਸ।

ਵੇਖਿਆ? ਉਹ ਉਸ ਨਾਲ ਗੱਲ ਕਰ ਰਿਹਾ ਹੈ, ਜਦਕਿ ਵਚਨ ਦੀ ਕਿਲੇਬੰਦੀ ਉੱਥੇ ਪਹਿਲਾਂ ਹੀ ਕੀਤੀ ਗਈ ਸੀ।

215 ਹੁਣ, ਤੁਸੀਂ ਸ਼ੈਤਾਨ ਨੂੰ ਕਿਸੇ ਵੀ ਚੀਜ ਦੀ ਕਿਲੇਬੰਦੀ ਨਾ ਕਰਨ ਦਿਓ। ਸਮਝੇ? ਤੁਸੀਂ ਪਰਮੇਸ਼ੁਰ ਦੇ ਬਚਨ ਨੂੰ ਆਪਣੇ ਹਿਰਦੇ ਵਿੱਚ ਟਿਕਾਈ ਰੱਖੋ। ਸਮਝੇ? ਤੁਸੀਂ ਵੀ ਅਜਿਹਾ ਹੀ ਕਰੋ। ਹੁਣ ਵੇਖੋ, ਤੁਸੀਂ ਮੀਕਾਯਾਹ।

*...ਤੀਵੀਂ ਨੇ ਸੱਪ ਨੂੰ ਆਖਿਆ, ਕਿ ਬਾਗ ਦੇ ਬਿਰਛਾਂ ਦੇ ਫਲੋਂ ਤਾਂ ਅਸੀਂ ਖਾਂਦੇ ਹਾਂ: ਪਰ...*

*ਪਰ ਉਸ ਬਿਰਛ ਦਾ ਫਲ ਜਿਹੜਾ ਬਾਗ ਦੇ ਵਿਚਕਾਰ* (ਮੱਧ ਵਿੱਚ, ਵੇਖਿਆ) *ਹੈ, ਪਰਮੇਸ਼ੁਰ...ਨੇ ਆਖਿਆ, ਤੁਸੀਂ ਇਸ ਤੋਂ ਨਾ ਖਾਓ, ਨਾ ਉਹ ਨੂੰ ਹੱਥ ਲਾਓ, ਅਜਿਹਾ ਨਾ ਹੋਵੇ ਕਿ ਤੁਸੀਂ ਮਰ ਜਾਓ।*

216 ਦੇਖੋ, ਹੁਣ, ਇਹ ਵਚਨ ਹੈ। ਉਹ ਉਸਨੂੰ ਵਾਪਸ ਇਸਦਾ ਹਵਾਲਾ ਦੇ ਰਹੀ ਹੈ। ਹੁਣ ਦੇਖੋ।

*ਪਰ ਸੱਪ ਨੇ ਤੀਵੀਂ ਨੂੰ ਆਖਿਆ ਕਿ ਤੁਸੀਂ ਕਦੀ ਨਾ ਮਰੋਗੇ;*

217 ਉਸਦੀ ਚਾਲ ਵੇਖੋ? ਵੇਖਿਆ? ਉਹ ਕੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ? ਉਹ ਪਹਿਲਾ ਮਨੁੱਖ, ਉਹ ਉਸ ਅਨਮੋਲ ਔਰਤ, ਪਰਮੇਸ਼ੁਰ ਦੀ ਧੀ ਨੂੰ, ਪਰਮੇਸ਼ੁਰ ਦੇ ਵਚਨ ਵਿੱਚ ਅਵਿਸ਼ਵਾਸ ਨਾਲ ਮਸਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਬਿਲਕੁਲ ਉਹੀ ਹੈ ਜੋ ਉਹ ਉਸ ਤੋਂ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

218 ਇਹ ਉਹ ਹੈ ਜੋ ਉਹ ਤੁਹਾਥੋਂ ਕਰਾਉਣ ਦੀ ਕੋਸ਼ਿਸ਼ ਕਰਦਾ ਹੈ, ਪਿਆਰੀ। ਇਹ ਉਹੀ ਹੈ ਜੋ ਉਹ ਤੁਹਾਡੇ ਵਿੱਚੋਂ ਹਰੇਕ ਤੋਂ ਕਰਾਉਣ ਦੀ ਕੋਸ਼ਿਸ਼ ਕਰਦਾ ਹੈ, ਉੱਥੇ, ਤੁਹਾਨੂੰ ਮਸਹ ਕਰਦਾ ਹੈ। ਅਤੇ ਤੁਹਾਨੂੰ ਹੁਣ ਇੱਕ ਹੀ ਚੀਜ ਕਰਨੀ ਹੈ...ਤੁਸੀਂ ਇੱਕ ਆਜਾਦ ਨੈਤਿਕ ਜਿੰਮੇਵਾਰ ਹੋ। ਜੇਕਰ ਤੁਸੀਂ ਚਾਹੋ ਤਾਂ ਹੁਣ ਤੁਸੀਂ ਇਸਨੂੰ ਸਵੀਕਾਰ ਕਰ ਸਕਦੇ ਹੋ। ਪਰ ਇਸ ਨੂੰ ਬਾਹਰ ਕੱਢੋ। ਜੇ ਹੱਵਾਹ ਉਹ ਸੁਣਨ ਲਈ, ਉਸ ਪਲ ਵਿੱਚ ਨਾ ਰੁਕੀ ਹੁੰਦੀ! ਕਿਸੇ ਵੀ ਚੀਜ਼ ਲਈ ਨਾ ਰੁਕੋ। ਨਾ ਰੁਕੋ।

219 ਜਦੋਂ—ਜਦੋਂ ਏਲੀਯਾਹ ਨੇ ਗੇਹਾਜੀ ਨੂੰ ਕਿਹਾ, "ਮੇਰੀ ਲਾਠੀ ਲੈ ਜਾ, ਇਸ ਨੂੰ ਮਰੇ ਹੋਏ ਬੱਚੇ ਤੇ ਰੱਖ ਦੇਈਂ। ਅਤੇ ਜੇਕਰ ਕੋਈ ਆਦਮੀ ਤੇਰੇ ਨਾਲ ਗੱਲ ਵੀ ਕਰਦਾ ਹੈ, ਤਾਂ ਵਾਪਸ ਗੱਲ ਨਾ ਕਰੀਂ। ਜੇਕਰ ਕੋਈ ਤੈਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਵੀ ਤੁਰਦਾ ਰਹੀਂ।"

220 ਔਰਤ ਨੂੰ ਦੇਖੋ ਜਦੋਂ ਉਸਨੇ ਆਪਣੇ ਨੌਕਰ ਨੂੰ ਬੁਲਾਇਆ। ਉਸ ਨੇ ਕਿਹਾ, “ਖੱਚਰ ਤੇ ਕਾਠੀ ਪਾ ਅਤੇ ਅੱਗੇ ਵਧ, ਅਤੇ ਉਦੋਂ ਤੱਕ ਨਾ ਰੁਕੀਂ ਜਦੋਂ ਤੱਕ ਮੈਂ ਤੈਨੂੰ ਨਾ ਆਖਾਂ।” ਇਹ ਹੀ ਗੱਲ ਹੈ।

221 ਜਦੋਂ ਤੁਹਾਨੂੰ ਸੰਦੇਸ਼ ਮਿਲ ਜਾਂਦਾ ਹੈ, ਅੱਗੇ ਵੱਧਣਾ ਜਾਰੀ ਰੱਖੋ। ਆਮੀਨ। ਕਹਿੰਦੇ ਹੋ, “ਮੈਂ ਦੁਬਾਰਾ ਨਹੀਂ ਚੱਲ ਸਕਦਾ। ਨਹੀਂ, ਮੈਂ ਕਮਜ਼ੋਰ ਹੋ ਰਿਹਾ ਹਾਂ।” ਬਸ ਚਲਦੇ ਰਹੋ। ਨਾ ਰੁਕੋ। ਹਰ ਚੀਜ਼ ਨੂੰ ਪਾਸੇ ਰੱਖ ਕੇ, ਬਸ ਅੱਗੇ ਵੱਧਦੇ ਰਹੋ। ਭਾਈ, ਤੁਹਾਡੇ ਹੱਥ ਵਿੱਚ ਤਲਵਾਰ ਹੈ, ਬਸ ਕੱਟਦੇ ਰਹੋ।

222 ਮੈਂ ਇੱਕ ਵਾਰ, ਇੱਕ ਫੁੱਟਬਾਲ ਸਟੇਡੀਅਮ ਵਿੱਚ ਗਿਆ, ਅਤੇ ਪ੍ਰਚਾਰ ਕਰਨ ਜਾ ਰਿਹਾ ਸੀ। ਅਤੇ ਮੈਂ ਦਰਵਾਜ਼ੇ ਤੇ ਰੁਕ ਗਿਆ ਅਤੇ ਉੱਪਰ ਵੇਖਿਆ, ਉਸ ਜਗ੍ਹਾ ਤੇ ਉੱਪਰ। ਇਹ ਲਿਖਿਆ ਸੀ, “ਗੱਲ ਇਹ ਨਹੀਂ ਹੈ ਕਿ ਲੜਾਈ ਵਿੱਚ ਕੁੱਤੇ ਦਾ ਕੱਦ ਕੀ ਹੈ। ਗੱਲ ਇਹ ਹੈ ਕਿ ਕੁੱਤੇ ਵਿੱਚ ਲੜਾਈ ਦਾ ਕੱਦ ਕੀ ਹੈ।” ਇਸ ਲਈ ਇਹੀ ਚੀਜ ਹੈ ਜੋ ਲੜਾਈ ਜਿੱਤਦੀ ਹੈ। ਸਮਝੇ?

223 ਤੁਸੀ ਕਹਿੰਦੇ ਹੋ, “ਅੱਛਾ, ਵੇਖੋ। ਵੇਖੋ ਸਾਰੇ ਮਹਾਨ ਗਿਰਜੇ ਇਸ ਦੇ ਵਿਰੁੱਧ ਹਨ।”

224 ਮੈਨੂੰ ਪਰਵਾਹ ਨਹੀਂ ਕਿ ਉਹ ਕਿਸ ਆਕਾਰ ਦੇ ਹਨ। ਇਹ ਲੜਾਈ ਹੈ ਜੋ ਕੁੱਤੇ ਵਿੱਚ ਹੈ, ਇਹ ਹੈ ਜੋ ਮਾਇਨੇ ਰੱਖਦਾ ਹੈ। ਇਹ ਉਹ ਵਿਸ਼ਵਾਸ ਹੈ ਜੋ ਵਿਅਕਤੀ ਵਿੱਚ ਹੈ। ਜੇ ਤੁਸੀਂ ਡਰਪੋਕ ਹੋ, ਤਾਂ ਆਪਣੇ ਘੁਰਨੇ ਵਿੱਚ ਵਾਪਸ ਚਲੇ ਜਾਓ। ਪਰ, ਭਾਈ, ਜੇ ਤੁਸੀਂ ਇੱਕ ਸਿਪਾਹੀ ਹੋ, ਤਾਂ ਉੱਥੇ ਖੜ੍ਹੇ ਰਹੋ। ਉੱਥੇ ਇੱਕ ਜੰਗ ਚੱਲ ਰਹੀ ਹੈ। ਸਹੀ ਅਤੇ ਗਲਤ ਦਾ ਟਾਕਰਾ ਹੋ ਰਿਹਾ ਹੈ। ਆਓ ਲੜੀਏ।

225 ਪੀਟਰ ਕਾਰਟਰਾਈਟ ਵਾਂਗ, ਇੱਕ ਸ਼ਹਿਰ ਵਿੱਚ ਗਿਆ, ਕਿਹਾ, “ਪ੍ਰਭੂ ਨੇ ਮੈਨੂੰ ਇੱਥੇ ਆਉਣ ਲਈ—ਲਈ ਅਤੇ ਇੱਕ ਬੇਦਾਰੀ ਕਰਨ ਲਈ ਕਿਹਾ ਹੈ।” ਉਸਨੇ ਇੱਕ ਪੁਰਾਣਾ ਸਟੋਰ ਕਿਰਾਏ ਤੇ ਲਿਆ, ਉਸ ਅੰਦਰ ਗਿਆ ਅਤੇ ਇਸਨੂੰ ਸਾਫ਼ ਕਰਨਾ ਸ਼ੁਰੂ ਕਰ ਦਿੱਤਾ।

226 ਅਤੇ ਕਸਬੇ ਦਾ ਵੱਡਾ ਬਦਮਾਸ਼, ਪਿਸਤੌਲ ਉਸਦੇ ਪਾਸੇ ਲੰਮਕਾ ਕੇ, ਆ ਗਿਆ। ਦਰਵਾਜ਼ੇ ਤੇ…ਉਨ੍ਹਾਂ ਵਿੱਚੋਂ ਕੁਝ ਨੇ, ਕਿਹਾ, “ਉਹ ਮੁੰਡਾ ਉੱਥੇ ਕੀ ਕਰ ਰਿਹਾ ਹੈ?”

227 ਉਸ ਨੇ ਕਿਹਾ, “ਉਹ ਇੱਕ ਪ੍ਰਚਾਰਕ ਹੈ। ਉਹ ਇੱਕ ਸਭਾ ਕਰਨ ਜਾ ਰਿਹਾ ਹੈ, ਉਸਨੇ ਕਿਹਾ।”

228 “ਅੱਛਾ,” ਉਸ ਨੇ ਕਿਹਾ, “ਲੱਗਦਾ ਹੈ ਕਿ ਮੈਨੂੰ ਬੱਸ ਉੱਥੇ ਜਾਣਾ ਪਏਗਾ ਅਤੇ ਮੈਂ ਉਸਨੂੰ ਗਲੀ ਵਿੱਚ ਸੁੱਟ ਦਿਆਂਗਾ, ਅਤੇ ਉਸਨੂੰ ਇੱਥੋਂ ਭਜਾ ਦਿਆਂਗਾ। ਇਹ ਸਭ ਹੈ। ਅਸੀਂ ਆਪਣੇ ਥਾਂ ਦੇ ਆਲੇ-ਦੁਆਲੇ ਕੋਈ ਸਭਾ ਨਹੀਂ ਚਾਹੁੰਦੇ।”

229 ਇਸ ਲਈ ਉਹ ਉੱਥੇ ਚਲਾ ਗਿਆ, ਦਰਵਾਜ਼ਾ ਠੋਕਿਆ। ਅਤੇ ਪੀਟਰ ਕਾਰਟਰਾਈਟ ਨੇ ਆਪਣਾ ਕੋਟ ਪਾਇਆ ਹੋਇਆ ਸੀ, ਤੁਸੀਂ ਜਾਣਦੇ ਹੋ, ਅਤੇ ਉਹ ਸਿਰਫ ਖਿੜਕੀਆਂ ਅਤੇ ਕੰਧਾਂ ਨੂੰ ਧੋ ਰਿਹਾ ਸੀ। ਇੱਕ ਛੋਟਾ ਜਿਹਾ ਬੰਦਾ, ਤੁਹਾਨੂੰ ਪਤਾ ਹੈ।

230 ਬੁੱਢਾ ਪ੍ਰਚਾਰਕ ਉਸ ਤੇ ਹੱਸਿਆ, ਤੁਸੀਂ ਜਾਣਦੇ ਹੋ, ਆਪਣੇ ਹੱਥਾਂ ਨਾਲ ਮੁਰਗਾ ਖਾਣ ਲਈ; ਜੋ ਅੱਜ ਸ਼ਿਸ਼ਟਤਾ ਹੈ, ਤੁਸੀਂ ਜਾਣਦੇ ਹੋ।

231 ਇਸ ਲਈ ਉਹ ਸਿਰਫ ਖਿੜਕੀਆਂ ਨੂੰ ਧੋ ਰਿਹਾ ਸੀ ਅਤੇ ਆਲੇ ਦੁਆਲੇ ਨੂੰ ਠੀਕ ਕਰ ਰਿਹਾ ਸੀ। ਵੱਡਾ ਬਦਮਾਸ਼ ਆਇਆ, ਆਪਣਾ ਕੋਟ ਪਿੱਛੇ ਖਿੱਚਿਆ, ਪਿਸਤੌਲ ਉਹਦੇ ਪਾਸੇ ਲਟਕ ਰਹੀ ਸੀ, ਕਿਹਾ, “ਤੂੰ ਕੀ ਕਰ ਰਿਹਾ ਹੈਂ?”

232 “ਔਹ,” ਉਸ ਨੇ ਕਿਹਾ, “ਮੈਂ ਖਿੜਕੀਆਂ ਧੋ ਰਿਹਾ ਹਾਂ।” ਅਤੇ ਖਿੜਕੀ ਨੂੰ ਧੋਣਾ ਜਾਰੀ ਰੱਖਿਆ, ਤੁਸੀਂ ਜਾਣਦੇ ਹੋ। ਉਸਦਾ ਇੱਕ ਮਕਸਦ ਸੀ। ਪਰਮੇਸ਼ੁਰ ਨੇ ਉਸਨੂੰ ਇੱਕ ਬੇਦਾਰੀ ਰੱਖਣ ਲਈ ਕਿਹਾ। ਖਿੜਕੀਆਂ ਨੂੰ ਧੋ ਰਿਹਾ ਸੀ, ਹੇਠਾਂ ਤਕ।

ਉਸ ਨੇ ਕਿਹਾ, “ਅਸੀਂ ਇੱਥੇ ਬੇਦਾਰੀ ਦੀ ਇਜਾਜ਼ਤ ਨਹੀਂ ਦਿੰਦੇ।”

233 ਉਸ ਨੇ ਕਿਹਾ, “ਔਹ, ਪਰ ਪ੍ਰਭੂ ਨੇ ਮੈਨੂੰ ਇਸ ਬੇਦਾਰੀ ਨੂੰ ਰੱਖਣ ਲਈ—ਲਈ ਕਿਹਾ ਹੈ।” ਵੇਖਿਆ? ਉਹ ਆਪਣਾ ਕੰਮ, ਕਰਦਾ ਰਿਹਾ। ਵੇਖਿਆ? ਵੇਖਿਆ?

234 “ਅੱਛਾ,” ਉਸ ਨੇ ਕਿਹਾ, “ਤੈਨੂੰ—ਤੈਨੂੰ ਇੱਕ ਚੀਜ਼ ਸਮਝਣੀ ਪਵੇਗੀ।” ਉਸ ਨੇ ਕਿਹਾ, “ਮੈਂ ਇਸ ਸ਼ਹਿਰ ਨੂੰ ਚਲਾਉਂਦਾ ਹਾਂ।”

235 ਉਸ ਨੇ ਕਿਹਾ, “ਔਹ, ਤੁਸੀਂ ਚਲਾਉਂਦੇ ਹੋ?” ਅਤੇ ਬਸ ਖਿੜਕੀਆਂ ਨੂੰ ਧੋਣਾ ਜਾਰੀ ਰੱਖਿਆ, ਤੁਸੀਂ ਜਾਣਦੇ ਹੋ।

236 ਉਸ ਨੇ ਕਿਹਾ, “ਇਸ ਤੋਂ ਪਹਿਲਾਂ ਕਿ ਤੂੰ ਇੱਕ ਬੇਦਾਰੀ ਕਰੇਂ, ਤੈਨੂੰ ਪਹਿਲਾਂ ਮੇਰੇ ਨਾਲ ਨਜਿੱਠਣਾ ਪਵੇਗਾ।”

ਉਸ ਨੇ ਕਿਹਾ, “ਔਹ, ਮੈਨੂੰ ਇਹ ਕਰਨਾ ਪਵੇਗਾ? ਅੱਛਾ, ਤਾਂ ਫਿਰ ਮੈਂ ਅਗਲਾ ਕੰਮ ਇਹੀ ਕਰਾਂਗਾ।”

237 ਉਸਨੇ ਆਪਣਾ ਕੋਟ ਲਾਹ ਦਿੱਤਾ। ਉੱਥੇ ਗਿਆ, ਅਤੇ ਉਸਦੇ ਗਲਮੇ ਨੂੰ ਫ਼ੜਿਆ, ਅਤੇ ਉਸਨੂੰ ਫਰਸ਼ ਤੇ ਸੁੱਟ ਲਿਆ, ਅਤੇ ਉਸ ਦੇ ਉੱਪਰ ਛਾਲ ਮਾਰ ਦਿੱਤੀ। ਉਸ ਨੇ ਕਿਹਾ, "ਜੇ ਮੈਂ ਰਾਜ ਕਰਨਾ ਹੈ, ਤਾਂ ਮੈਨੂੰ ਲੜਨਾ ਪਵੇਗਾ, ਮੇਰੀ ਹਿੰਮਤ ਵਧਾ, ਪ੍ਰਭੂ।" ਉਸ ਨੂੰ ਕੁੱਟ ਕੁੱਟ ਕੇ ਅਧਮੋਇਆ ਕਰ ਦਿੱਤਾ।

ਕਿਹਾ, "ਤੇਰੇ ਲਈ ਐਨਾ ਬਹੁਤ ਹੈ?"

238 ਉਸ ਨੇ ਕਿਹਾ, "ਹਾਂ।" ਉਹ ਉੱਠਿਆ ਅਤੇ ਉਸ ਨਾਲ ਹੱਥ ਮਿਲਾਇਆ। ਉਹ ਉਸ ਰਾਤ ਨੂੰ ਬਚਾ ਲਿਆ ਗਿਆ, ਕਲੀਸਿਯਾ ਵਿੱਚ।

239 ਉਥੇ ਤੁਸੀਂ ਹੋ। ਸਮਝੇ? ਇਹ ਹੈ, ਪਰਮੇਸ਼ੁਰ ਦੇ ਵਚਨ ਨੂੰ ਲੈਣਾ ਅਤੇ ਹਰ ਸ਼ੱਕ ਵਿੱਚੋਂ ਆਪਣਾ ਰਸਤਾ ਕੱਟਣਾ। ਇਸ ਨੂੰ ਸਮਝੇ? ਯਕੀਨਨ, ਇਹ ਹੈ। ਇਹ ਅਗਲਾ ਕੰਮ ਹੈ, ਆਓ ਇਸਨੂੰ ਪੂਰਾ ਕਰੀਏ। ਠੀਕ ਹੈ। ਅਗਲੀ ਚੀਜ਼ ਜੋ ਮੈਂ ਕਰਨੀ ਹੈ ਉਹ ਹੈ ਮੇਰੇ ਸ਼ੱਕਾਂ ਤੋਂ ਦੂਰ ਹੋਣਾ, ਇਸਨੂੰ ਕੱਟਣਾ। ਇਹ ਮੇਰਾ ਅਗਲਾ ਕੰਮ ਹੈ, ਮੇਰੀਆਂ ਸਾਰੀਆਂ ਨਿਰਾਸ਼ਾਵਾਂ ਨੂੰ ਦੂਰ ਕਰਨਾ। ਜੇ ਮੇਰੀਆਂ ਇੰਦਰੀਆਂ ਮੈਨੂੰ ਦੱਸਣ, "ਖੈਰ, ਤੂੰ ਬੁਰਾ ਮਹਿਸੂਸ ਕਰ ਰਿਹਾ ਹੈਂ," ਅਗਲੀ ਗੱਲ ਇਹ ਹੈ ਕਿ ਉਸ ਚੀਜ਼ ਨੂੰ ਕੱਟਣਾ ਹੈ। ਇਹ ਸਹੀ ਹੈ।

240 ਤੁਸੀਂ ਕਹਿੰਦੇ ਹੋ, "ਅੱਛਾ ਤੁਸੀਂ...ਉਹ ਮੈਨੂੰ ਦੱਸਦੇ ਹਨ ਕਿ...ਤੁਸੀਂ ਜਾਣਦੇ ਹੋ, ਮੇਰਾ ਅੰਤਹਕਰਣ ਮੈਨੂੰ ਦੱਸਦਾ ਹੈ, ਭਾਈ ਬ੍ਰਨਹਾਮ, ਕਿ ਮੈਂ..." ਖੈਰ, ਤੁਸੀਂ ਉਸ ਚੀਜ਼ ਨੂੰ ਵੀ ਕੱਟ ਸਕਦੇ ਹੋ। ਤੁਸੀਂ ਇਸ ਤੋਂ ਜ਼ਿਆਦਾ ਦੂਰ ਨਹੀਂ ਜਾਵੋਗੇ। ਬੱਸ ਆਪਣਾ ਅਗਲਾ ਕੰਮ ਪੂਰਾ ਕਰੋ। ਆਪਣਾ ਕੋਟ ਉਤਾਰੋ ਅਤੇ ਇਸ ਵਿੱਚ ਲੱਗ ਜਾਓ। ਬਸ ਚਲਦੇ ਰਹੋ। ਇੱਕ ਉਦੇਸ਼, "ਮੈਂ ਜਿੱਤਣ ਜਾ ਰਿਹਾ ਹਾਂ।" ਆਮੀਨ। "ਮੈਂ ਹਾਰ ਨਹੀਂ ਸਕਦਾ। ਮੈਂ ਜਿੱਤਣ ਜਾ ਰਿਹਾ ਹਾਂ।" ਆਮੀਨ।

241 ਸ਼ੈਤਾਨ ਮਸਹ ਕਰਦਾ ਹੈ। ਸਮਝੇ? ਉਸਦੀ ਪਹਿਲੀ ਚਾਲ ਕੀ ਹੈ? ਕਿਹੜੀ ਚੀਜ ਤੇ ਉਹ ਪਹਿਲਾਂ ਕਬਜਾ ਕਰਦਾ ਹੈ? ਦਿਮਾਗ। ਉਹ ਇੱਕ ਪਲ ਲਈ ਰੁਕ ਗਈ, ਉਸ ਦੀ ਗੱਲ ਸੁਣਨ ਲਈ ਕਿ ਉਹ ਕੀ ਕਹਿੰਦਾ ਹੈ। "ਔਹ, ਤੁਸੀਂ ਇਸ ਤਰ੍ਹਾਂ ਨਾ ਕਹੋ?"

242 ਇਹ ਉਹ ਥਾਂ ਹੈ ਜਿੱਥੇ ਬਹੁਤ ਸਾਰੀਆਂ ਔਰਤਾਂ ਨੇ ਆਪਣੀ ਗਲਤੀ ਕੀਤੀ ਹੈ, ਅਤੇ ਬਹੁਤ ਸਾਰੇ ਮਰਦਾਂ ਨੇ ਆਪਣੀ ਗਲਤੀ ਕੀਤੀ ਹੈ; ਬਿਲਕੁਲ, ਇੱਕ ਪਲ ਲਈ ਰੁਕ ਗਏ, ਬਸ ਇੱਕ ਪਲ ਲਈ ਰੁਕ ਗਏ। ਇਸੇ ਕਾਰਨ, ਮੈਂ ਕਿੰਨੀ ਵਾਰ ਤਲਾਕ ਦੇ ਮਾਮਲੇ ਵੇਖੇ ਹਨ ਅਤੇ ਅਜਿਹਿਆਂ ਚੀਜ਼ਾਂ ਉੱਪਰ ਆਉਂਦੀਆਂ ਹਨ।

243 “ਖੈਰ, ਮੈਂ ਤੁਹਾਨੂੰ ਦੱਸਦਾ ਹਾਂ, ਭਾਈ ਬ੍ਰਨਹਾਮ, ਉਸਨੇ ਸੀਟੀ ਮਾਰੀ ‘ਫ਼ੀ-ਫਯੁ’, ਤੁਸੀਂ ਜਾਣਦੇ ਹੋ, ਅਤੇ ਮੈਂ ਰੁਕ ਗਿਆ, ਅਤੇ, ਇਮਾਨਦਾਰੀ ਨਾਲ, ਮੈਂ—ਮੈਂ ਨਹੀਂ ਚਾਹੁੰਦਾ ਸੀ।” ਊਂ-ਹੂੰ। ਉਥੇ ਤੁਸੀਂ ਹੋ।

244 “ਔਹ, ਉਹ, ਮੈਂ ਉਸ ਦੇ ਮੇਜ਼ ਦੇ ਸਾਹਮਣੇ ਬੈਠਾ ਸੀ। ਉਸ—ਉਸ ਦੀਆਂ ਸਭ ਤੋਂ ਸੋਹਣੀਆਂ ਅੱਖਾਂ ਸਨ!” ਵੇਖਿਆ? ਊਂ-ਹੂੰ। ਇਸ ਨੂੰ ਵੇਖਿਆ? ਇਹ ਹੀ ਗੱਲ ਹੈ।

245 ਸ਼ੈਤਾਨ ਵੀ ਇਹੀ ਕੰਮ ਕਰਦਾ ਹੈ। “ਔਹ, ਡਾਕਟਰ ਨੇ ਮੈਨੂੰ ਦੱਸਿਆ ਕਿ ਮੈਂ ਠੀਕ ਨਹੀਂ ਹੋ ਸਕਦਾ, ਇਸ ਲਈ ਮੈਂ…” ਤੁਸੀਂ ਉੱਥੇ ਹੋ, ਉਹੀ ਚੀਜ਼, ਦੇਖੋ, ਸਭ ਤੋਂ ਵੱਡੀ ਲੜਾਈ ਜੋ ਕਦੇ ਲੜੀ ਗਈ ਸੀ।

246 “ਖੈਰ, ਉਹ ਮੈਨੂੰ ਦੱਸਦੇ ਹਨ…ਮੈਂ ਫਲਾਣੇ-ਫਲਾਣੇ ਨੂੰ ਪਵਿੱਤਰ ਆਤਮਾ ਪਾਏ ਹੋਣ ਦਾ ਦਾਅਵਾ ਕਰਦੇ ਦੇਖਿਆ ਹੈ।” ਹਾਂ, ਤੁਸੀਂ ਕਿਸੇ ਪੁਰਾਣੇ ਪਖੰਡੀ ਨੂੰ ਦੇਖਿਆ ਸੀ। ਉਹਨਾਂ ਬਾਰੇ ਕੀ ਹੈ ਜਿਹਨਾਂ ਕੋਲ ਅਸਲ ਵਿੱਚ ਇਹ ਸੀ? ਊਂ-ਹੂੰ। ਹਾਂ। ਸ਼ੈਤਾਨ ਤੁਹਾਨੂੰ ਕਿਸੇ ਪੁਰਾਣੇ ਕਾਂ ਫਸਾਉਣ ਵਾਲੇ ਵੱਲ ਇਸ਼ਾਰਾ ਕਰੇਗਾ, ਪਰ ਉਹ ਤੁਹਾਨੂੰ ਅਸਲੀ ਕਬੂਤਰ ਨਹੀਂ ਦਿਖਾਏਗਾ। ਊਂ-ਹੂੰ। ਇਹ ਠੀਕ ਹੈ। ਉਹ ਤੁਹਾਨੂੰ ਇਹ ਨਹੀਂ ਦਿਖਾਏਗਾ, ਅਤੇ ਉਹ ਇਸਨੂੰ ਤੁਹਾਡੇ ਤੋਂ ਓਹਲੇ ਰੱਖੇਗਾ।

247 ਔਹ, ਉਹ ਇੱਕ ਯੋਧਾ ਵੀ ਹੈ, ਯਾਦ ਰੱਖੋ। ਪਰ ਮਹਾਨ ਹੈ ਸਾਡਾ… “ਜਿਹੜਾ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ।” ਪਰ ਪਰਮੇਸ਼ੁਰ ਦੇ ਵਚਨ ਨੂੰ ਫੜੀ ਰੱਖੋ; ਇਸ ਤੇ ਵਿਸ਼ਵਾਸ ਕਰੋ, ਤੁਸੀਂ ਜੋ ਇੱਥੇ ਫੌਜ ਦੇ ਕਪਤਾਨ ਹੋ। ਆਪਣੇ ਗੜ੍ਹ ਦੀ ਹਿਫ਼ਾਜਤ ਕਰੋ, ਭਾਈ। ਇਹ ਸਹੀ ਹੈ, ਆਪਣੀ ਕਰਤੱਵ ਦੇ ਸਥਾਨ ਨੂੰ ਸੰਭਾਲੋ।

248 ਇਸ ਲਈ, ਇੱਕ ਵਾਰ, ਮੇਰੇ ਕੋਲ ਇੱਥੇ ਇੱਕ ਛੋਟੀ ਲੜਕੀ ਸੀ। ਹੋ ਸਕਦਾ ਹੈ ਕਿ ਉਹ ਔਰਤ ਹੁਣ ਇੱਥੇ ਬੈਠੀ ਹੋਵੇ। ਉਸਦਾ ਨਾਮ ਨੇਲੀ ਸੈਂਡਰਸ ਸੀ। ਪਹਿਲੀ ਵਾਰ ਮੈਂ ਇੱਕ ਸ਼ੈਤਾਨ ਨੂੰ ਬਾਹਰ ਕੱਢਦੇ ਦੇਖਿਆ ਸੀ। ਅਸੀਂ ਰਹਿੰਦੇ ਸੀ, ਹੁਣ, ਜੇ ਮੈਂ ਸਿਰਫ ਜਗ੍ਹਾ ਪ੍ਰਾਪਤ ਕਰ ਸਕਦਾ ਹਾਂ; ਅਤੇ ਕਬਰਿਸਤਾਨ ਤੋਂ ਪਰੇ, ਇੱਥੋਂ ਲਗਭਗ ਤਿੰਨ ਬਲਾਕ ਦੂਰ। ਅਤੇ ਮੈਂ ਹਾਲ ਹੀ ਵਿੱਚ ਇੱਕ ਪ੍ਰਚਾਰਕ ਬਣਿਆ ਸੀ, ਅਤੇ ਮੈਂ ਇੱਥੇ ਇਸ ਨੁੱਕਰ ਵਿੱਚ ਪ੍ਰਚਾਰ ਕਰ ਰਿਹਾ ਸੀ, ਇੱਕ ਤੰਬੂ ਦੇ ਹੇਠ।

249 ਅਤੇ ਉਹ ਛੋਟੀ ਕੁੜੀ ਸਭ ਤੋਂ ਵਧੀਆ ਨੱਚਣ ਵਾਲੀਆਂ ਵਿੱਚੋਂ ਇੱਕ ਸੀ। ਉਹ ਇੱਥੇ ਹਾਈ ਸਕੂਲ ਵਿੱਚ ਜਾਂਦੀ ਸੀ, ਅਤੇ ਉਹ ਅਤੇ ਲੀ ਹੋਰਨ। ਅਤੇ ਇੱਥੇ ਸ਼ਹਿਰ ਵਿੱਚ ਤੁਹਾਡੇ ਵਿੱਚੋਂ ਬਹੁਤ ਸਾਰੇ ਲੀ ਹੋਰਨ ਨੂੰ ਜਾਣਦੇ ਹਨ, ਇੱਥੇ

ਪੂਲ ਰੂਮ ਚਲਾਉਂਦਾ ਹੈ। ਅਤੇ ਇਸ ਲਈ ਉਹ, ਉਹ ਅਤੇ ਲੀ ਹੌਰਨ, ਦੇਸ਼ ਵਿੱਚ ਸਭ ਤੋਂ ਵਧੀਆ ਨੱਚਣ ਵਾਲੇ ਸਨ। ਉਹ ਖੁਦ, ਕੈਥੋਲਿਕ ਹੈ। ਬੇਸ਼ੱਕ, ਧਰਮ ਉਹਨਾਂ ਲਈ ਕੋਈ ਮਾਇਨੇ ਨਹੀਂ ਰੱਖਦਾ, ਤਾਂ ਫਿਰ...ਨੇਲੀ ਅਤੇ ਉਹ। ਇਸ ਲਈ, ਉਹ ਇੱਕ ਮਹਾਨ ਨਰਤਕੀ ਸੀ, ਅਤੇ ਉਹ ਵੀ ਸੀ। ਅਤੇ ਉਨ੍ਹਾਂ ਕੋਲ ਇੱਥੇ ਇੱਕ ਤਰ੍ਹਾਂ ਦਾ ਨਾਚ ਹੁੰਦਾ ਸੀ ਜਿਸ ਨੂੰ "ਬਲੈਕ ਬੋਟੋਮ," ਕਿਹਾ ਜਾਂਦਾ ਸੀ, ਅਤੇ "ਜਿਟਰਬੱਗਸ," ਅਤੇ ਉਹ ਸਭ ਚੀਜਾਂ। ਅਤੇ ਉਹ ਸੀ... ਉਹ ਦੋਵੇਂ ਦੇਸ਼ ਵਿੱਚ ਸਭ ਤੋਂ ਵਧੀਆ ਸਨ।

250 ਇੱਕ ਦਿਨ, ਉਹ ਇੱਥੇ, ਇੱਕ ਰਾਤ, ਸਭਾ ਵਿੱਚ ਲੜਖੜਾਉਂਦੀ ਹੋਈ ਆਈ। ਉੱਥੇ ਉਹ, ਵੇਦੀ ਉੱਤੇ, ਹੇਠਾਂ ਡਿੱਗ ਪਈ, ਛੋਟੀ ਨੈਲੀ। ਉਸ ਦੇ ਦਿਲ ਨੂੰ ਬਰਕਤ ਮਿਲੇ। ਉਹ ਉੱਥੇ ਜਗਵੇਦੀ ਉੱਤੇ ਪਈ ਸੀ। ਉਸਨੇ ਆਪਣਾ ਸਿਰ ਉੱਪਰ ਚੁੱਕਿਆ। ਅਤੇ ਉਹ ਰੋਈ, ਅਤੇ ਹੰਝੂ ਉਸ ਦੀਆਂ ਗੱਲ੍ਹਾਂ ਤੋਂ ਵਹਿ ਰਹੇ ਸਨ। ਉਸ ਨੇ ਕਿਹਾ, "ਬਿਲੀ..." ਉਹ ਮੈਨੂੰ ਜਾਣਦੀ ਸੀ। ਉਸ ਨੇ ਕਿਹਾ, "ਮੈਂ ਬਚਣਾ ਚਾਹੁੰਦੀ ਹਾਂ, ਮੈਨੂੰ ਲੋੜ ਹੈ।"

251 ਅਤੇ ਮੈਂ ਕਿਹਾ, "ਨੈਲੀ, ਤੁਹਾਨੂੰ ਬਚਾਇਆ ਜਾ ਸਕਦਾ ਹੈ। ਯਿਸੂ ਨੇ ਤੁਹਾਨੂੰ ਪਹਿਲਾਂ ਹੀ ਬਚਾ ਲਿਆ ਹੈ, ਲੜਕੀ। ਤੁਹਾਨੂੰ ਹੁਣ ਉਸਦੇ ਵਚਨ ਦੇ ਅਧਾਰ ਤੇ ਇਸਨੂੰ ਸਵੀਕਾਰ ਕਰਨਾ ਪਏਗਾ।"

252 ਅਤੇ ਉਹ ਉੱਥੇ ਹੀ ਰਹੀ। ਅਤੇ ਉਹ ਰੋਈ, ਅਤੇ ਉਸਨੇ ਪ੍ਰਾਰਥਨਾ ਕੀਤੀ, ਅਤੇ ਉਸਨੇ ਪਰਮੇਸ਼ੁਰ ਨੂੰ ਕਿਹਾ ਕਿ ਉਹ ਦੁਨੀਆਂ ਦੀਆਂ ਗੱਲਾਂ ਨੂੰ ਦੁਬਾਰਾ ਕਦੇ ਨਹੀਂ ਸੁਣੇਗੀ। ਫਿਰ ਅਚਾਨਕ, ਇੱਕ ਪਿਆਰੀ ਮਿੱਠੀ ਸ਼ਾਂਤੀ ਉਸਦੇ ਪ੍ਰਾਣ ਉੱਤੇ ਆ ਗਈ। ਉਹ ਉਥੋਂ ਉੱਠੀ, ਚੀਕਦੀ ਹੋਈ ਅਤੇ ਪਰਮੇਸ਼ੁਰ ਦੀ ਉਸਤਤ ਕਰਦੀ ਹੋਈ, ਪਰਮੇਸ਼ੁਰ ਦੀ ਵਡਿਆਈ ਕਰਦੀ ਹੋਈ।

253 ਅਤੇ ਉਸ ਤੋਂ ਲਗਭਗ ਛੇ ਜਾਂ ਅੱਠ ਮਹੀਨਿਆਂ ਬਾਅਦ, ਉਹ ਇੱਕ ਰਾਤ, ਸਪਰਿੰਗ ਸਟ੍ਰੀਟ ਵਿੱਚ ਆ ਰਹੀ ਸੀ।

254 ਹੁਣ, ਉਹ ਬੱਸ ਇੱਕ ਜਵਾਨ ਕੁੜੀ ਸੀ, ਉਹ ਸਿਰਫ਼ ਆਪਣੀ ਅੱਲ੍ਹੜ ਉਮਰ ਵਿੱਚ ਸੀ, ਲਗਭਗ ਅਠਾਰਾਂ ਸਾਲਾਂ ਦੀ। ਅਤੇ ਉਹ ਮੇਰੇ ਕੋਲ ਆਈ, ਅਤੇ ਉਸਨੇ ਕਿਹਾ, "ਹੋਪ..." ਇਹ ਮੇਰੀ ਪਤਨੀ ਸੀ, ਜੋ ਮਰ ਗਈ ਹੈ। ਉਸ ਨੇ ਕਿਹਾ, "ਮੇਰੀ ਇੱਛਾ ਹੈ ਕਿ ਮੈਂ ਹੋਪ ਅਤੇ ਆਇਰੀਨ ਜਿਹੀ ਦਿਖਾਈ ਦਿੰਦੀ।" ਉਸ ਨੇ ਕਿਹਾ, "ਤੁਸੀਂ ਜਾਣਦੇ ਹੋ, ਉਹ ਦੁਨੀਆਂ ਵਿੱਚ ਕਦੇ ਬਾਹਰ ਨਹੀਂ ਨਿਕਲੇ।" ਉਸ ਨੇ ਕਿਹਾ, "ਦੁਨੀਆ ਤੁਹਾਡੇ ਉੱਤੇ ਨਿਸ਼ਾਨ ਲਗਾਉਂਦੀ ਹੈ।" ਕਿਹਾ, "ਮੈਂ ਖੁਰਦਰੀ ਦਿਖਾਈ ਦਿੰਦੀ ਹਾਂ।" ਉਸ ਨੇ ਕਿਹਾ, "ਹੁਣ, ਮੈਂ ਮੇਕਅਪ ਅਤੇ ਸਮਾਨ ਲਗਾਉਣਾ ਛੱਡ ਦਿੱਤਾ ਹੈ, ਪਰ ਮੈਂ ਬਹੁਤ ਖੁਰਦਰੀ

ਦਿਖਾਈ ਦਿੰਦੀ ਹਾਂ। ਇੱਥੋਂ ਤੱਕ, ਮੇਰੇ ਚਿਹਰੇ ਦਾ ਰੰਗ ਵੀ," ਉਸ ਨੇ ਕਿਹਾ, "ਮੈਂ ਖੁਰਦਰੀ ਦਿਖਾਈ ਦਿੰਦੀ ਹਾਂ।" ਉਸ ਨੇ ਕਿਹਾ, "ਉਹ ਬਹੁਤ ਮਾਸੂਮ ਅਤੇ ਕੋਮਲ ਦਿਖਾਈ ਦਿੰਦੇ ਹਨ।" ਉਸ ਨੇ ਕਿਹਾ, "ਕਾਸ਼ ਮੈਂ ਅਜਿਹਾ ਕਦੇ ਨਾ ਕੀਤਾ ਹੁੰਦਾ।"

255 ਮੈਂ ਕਿਹਾ, "ਨੈਲੀ, ਯਿਸੂ ਮਸੀਹ ਦਾ ਲਹੂ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ, ਪਿਆਰੀ। ਚਲੋ, ਇਸ ਤੇ ਵਿਸ਼ਵਾਸ ਕਰੋ।"

256 ਵੀਨ ਬਲੇਡਸੋ, ਤੁਹਾਡੇ ਵਿੱਚੋਂ ਬਹੁਤ ਸਾਰੇ ਉਸਨੂੰ ਜਾਣਦੇ ਹਨ, ਮੇਰਾ ਇੱਕ ਜਿਗਰੀ ਦੋਸਤ, ਅਤੇ ਕਈ ਸਾਲਾਂ ਤੋਂ। ਉਹ ਇੱਕ ਸ਼ਰਾਬੀ ਸੀ। ਅਤੇ ਉਹ ਇੱਥੇ ਮੇਰੇ ਭਰਾ ਐਡਵਰਡ ਨਾਲ ਆਇਆ। ਅਤੇ ਉਹ ਇੱਥੇ ਗਲੀ ਵਿੱਚ ਸ਼ਰਾਬੀ ਹੋ ਗਿਆ, ਅਤੇ ਮੈਂ ਉਸਨੂੰ ਚੁੱਕ ਲਿਆ, ਕਿਉਂਕਿ ਪੁਲਿਸ ਉਸਨੂੰ ਫੜਨ ਜਾ ਰਹੀ ਸੀ। ਅਤੇ ਮੈਂ ਉਸਨੂੰ ਇੱਥੇ ਲਿਆਇਆ। ਅਤੇ ਮੈਂ ਇੱਕ ਪ੍ਰਚਾਰਕ ਸੀ ਅਤੇ ਇੱਥੇ ਰਹਿੰਦਾ ਸੀ, ਮੇਰੇ ਮਾਂ ਅਤੇ ਪਿਤਾ ਨਾਲ, ਮੇਰੇ ਤੋਂ ਵਿਆਹ ਬਹੁਤ ਚਿਰ ਪਹਿਲਾਂ। ਅਤੇ ਮੈਂ ਉਸਨੂੰ ਲੈ ਗਿਆ, ਉਸਨੂੰ ਉੱਥੇ ਬਿਸਤਰੇ ਵਿੱਚ ਪਾ ਦਿੱਤਾ। ਮੈਂ ਸੌਂ ਗਿਆ…ਇੱਕ ਸੋਫ਼ੇ ਉੱਤੇ ਸੌਂ ਗਿਆ। ਉੱਥੇ ਬ੍ਰਨਹਾਮ ਲੋਕਾਂ ਦਾ ਇੱਕ ਵੱਡਾ ਝੁੰਡ ਸੀ, ਤੁਸੀਂ ਜਾਣਦੇ ਹੋ, ਅਸੀਂ ਦੱਸ ਜਣੇ ਸਾਂ। ਅਤੇ ਇਸ ਲਈ ਸਾਡੇ ਕੋਲ ਲਗਭਗ ਚਾਰ ਕਮਰੇ ਸਨ, ਅਤੇ ਸਾਨੂੰ ਥੋੜਾ ਜਿਹਾ, ਦੋਹਰੇ ਹੋਣਾ ਪਿਆ। ਇਸ ਲਈ, ਮੇਰੇ ਕੋਲ ਇੱਕ ਪੁਰਾਣਾ ਸੋਫ਼ਾ ਸੀ ਜਿਸ ਤੇ ਮੈਂ ਸੌਂਦਾ ਸੀ। ਮੈਂ ਇਸਨੂੰ *ਇਸ* ਤਰ੍ਹਾਂ ਬਾਹਰ ਕੱਢਿਆ, ਅਤੇ—ਅਤੇ ਵੀਨ ਨੂੰ ਆਪਣੇ ਨਾਲ ਬਿਸਤਰੇ ਤੇ ਪਾ ਲਿਆ। ਸ਼ਰਾਬੀ, ਉਸਨੂੰ ਚੁੱਕ ਕੇ ਘਰ ਲਿਜਾਣਾ ਪਿਆ ਅਤੇ ਹੇਠਾਂ ਲਿਟਾਉਣਾ ਪਿਆ।

257 ਅਤੇ ਮੈਂ ਉੱਥੇ ਪਿਆ ਸੀ। ਮੈਂ ਕਿਹਾ, "ਵੀਨ, ਕੀ ਤੁਸੀਂ ਆਪਣੇ ਆਪ ਤੋਂ ਸ਼ਰਮਿੰਦਾ ਨਹੀਂ ਹੋ, ਅਜਿਹੀ ਹਾਲਤ ਵਇਹ?"

258 ਅਤੇ ਉਸਨੇ ਕਿਹਾ, "ਉਂ, ਬਿਲੀ, ਮੇਰੇ ਨਾਲ ਇਸ ਤਰ੍ਹਾਂ ਗੱਲ ਨਾ ਕਰੋ।"

ਅਤੇ ਫਿਰ ਮੈਂ ਆਪਣਾ ਹੱਥ ਉਸ ਤੇ ਰੱਖ ਦਿੱਤਾ। ਮੈਂ ਕਿਹਾ, "ਮੈਂ ਤੁਹਾਡੇ ਲਈ ਪ੍ਰਾਰਥਨਾ ਕਰਨ ਜਾ ਰਿਹਾ ਹਾਂ, ਵੀਨ। ਪਰਮੇਸ਼ੁਰ ਤੁਹਾਨੂੰ ਬਰਕਤ ਦਵੇ।" ਅਤੇ ਮੈਨੂੰ ਬਚਾਏ ਹੋਏ ਨੂੰ ਲਗਭਗ, ਔਹ, ਮੇਰਾ ਅੰਦਾਜ਼ਾ ਹੈ, ਸ਼ਾਇਦ ਇੱਕ ਸਾਲ ਹੋ ਗਿਆ ਸੀ।

259 ਅਤੇ ਇਸ ਲਈ ਤਦ, ਅਚਾਨਕ, ਇੱਕ—ਇੱਕ ਗੱਡੀ, ਦਰਵਾਜ਼ਾ ਬਾਹਰੋਂ ਖੜਕਾਇਆ, ਅਤੇ ਕਿਸੇ ਨੇ ਬਹੁਤ ਜ਼ੋਰਦਾਰ ਦਸਤਕ ਦਿੱਤੀ। "ਭਾਈ ਬਿੱਲ! ਭਾਈ ਬਿੱਲ!" [ਭਾਈ ਬ੍ਰਨਹਾਮ ਪੁਲਪਿਟ ਤੇ ਦਸਤਕ ਦਿੰਦੇ ਹਨ—ਸੰਪਾ.]

260 ਸੋਚਿਆ, "ਮੇਰੇ, ਭਲਾ ਹੋਵੇ, ਕੋਈ ਮਰ ਰਿਹਾ ਹੋਵੇਗਾ।" ਮੈਂ ਛਾਲ ਮਾਰ ਕੇ ਉੱਠਿਆ, ਦਰਵਾਜ਼ਾ; ਉਥੇ ਆਪਣੀ ਪੁਰਾਣੀ ਚੀਜ਼ ਫੜ ਲਈ, ਆਪਣੇ ਪਜਾਮੇ ਦੇ ਦੁਆਲੇ ਲਪੇਟ ਲਈ, *ਇਸ* ਤਰ੍ਹਾਂ; ਅਤੇ ਵੀਨ ਨੂੰ ਢੱਕ ਦਿੱਤਾ, ਦਰਵਾਜ਼ੇ ਵੱਲ ਭੱਜਿਆ।

261 ਇਹ ਇੱਕ ਔਰਤ ਵਰਗੀ ਆਵਾਜ਼ ਸੀ। ਮੈਂ ਦਰਵਾਜ਼ਾ ਖੋਲ੍ਹਿਆ, ਅਤੇ ਇਹ ਮੁਟਿਆਰ ਦਰਵਾਜ਼ੇ ਤੇ ਖੜ੍ਹੀ ਸੀ। ਉਸ ਨੇ ਕਿਹਾ, "ਔਹ, ਕੀ ਮੈਂ ਅੰਦਰ ਆ ਸਕਦੀ ਹਾਂ?"

ਮੈਂ ਕਿਹਾ, "ਅੰਦਰ ਆ ਜਾਓ।" ਅਤੇ ਮੈਂ ਰੋਸ਼ਨੀ ਚਾਲੂ ਕਰ ਦਿੱਤੀ।

262 ਅਤੇ ਹੁਣ ਉਹ ਉਸੇ ਤਰ੍ਹਾਂ ਰੋ ਰਹੀ ਸੀ, ਅਤੇ ਉਸਨੇ ਕਿਹਾ, "ਔਹ, ਬਾਈ ਬਿਲੀ, ਮੈਂ—ਮੈਂ—ਮੈਂ ਤਾਂ ਗਈ! ਮੈਂ ਤਾਂ ਗਈ!"

263 ਮੈਂ ਕਿਹਾ, "ਕੀ ਗੱਲ ਹੈ, ਨੈਲੀ? ਕੀ ਤੈਨੂੰ ਦਿਲ ਦਾ ਦੌਰਾ ਪਿਆ— ਪਿਆ ਹੈ?"

264 ਉਸ ਨੇ ਕਿਹਾ, "ਨਹੀਂ।" ਉਸ ਨੇ ਕਿਹਾ, "ਭਾਈ ਬਿੱਲ, ਮੈਂ ਸਪਰਿੰਗ ਗਲੀ ਵਿੱਚ ਆ ਰਹੀ ਸੀ।" ਉਸ ਨੇ ਕਿਹਾ, "ਈਮਾਨਦਾਰੀ ਨਾਲ, ਭਾਈ ਬਿੱਲ! ਇਮਾਨਦਾਰੀ ਨਾਲ, ਭਾਈ ਬਿੱਲ, ਮੈਂ ਕੋਈ ਨੁਕਸਾਨ ਨਹੀਂ ਕਰਨਾ ਚਾਹੁੰਦੀ ਸੀ। ਮੈਂ ਕੋਈ ਨੁਕਸਾਨ ਨਹੀਂ ਕਰਨਾ ਚਾਹੁੰਦੀ ਸੀ।"

265 ਮੈਂ ਕਿਹਾ, "ਕੀ ਗੱਲ ਹੈ?" ਮੈਂ ਸੋਚਿਆ, "ਮੈਂ ਹੁਣ ਉਸ ਨਾਲ ਕੀ ਕਰਨ ਜਾ ਰਿਹਾ ਹਾਂ?" ਮੈਨੂੰ ਨਹੀਂ ਪਤਾ ਸੀ ਕਿ ਕੀ ਕਰਨਾ ਹੈ। ਮੈਂ, ਸਿਰਫ਼ ਇੱਕ ਨੌਜਵਾਨ ਬੰਦਾ ਸੀ। ਅਤੇ ਮੈਂ…

266 ਉਸ ਨੇ ਕਿਹਾ, "ਔਹ, ਭਾਈ ਬਿੱਲ," ਕਿਹਾ, "ਮੈਂ ਬੱਸ—ਮੈਂ ਬੱਸ—ਮੈਂ ਬੱਸ ਟੁਕੜੇ ਟੁਕੜੇ ਹੋ ਚੁੱਕੀ ਹਾਂ।"

ਮੈਂ ਕਿਹਾ, "ਹੁਣ, ਚੁੱਪ ਹੋ ਜਾ, ਭੈਣ। ਮੈਨੂੰ ਇਸ ਬਾਰੇ ਸਭ ਕੁਝ ਦੱਸੋ।"

267 ਅਤੇ ਉਸਨੇ ਕਿਹਾ, "ਖੈਰ," ਉਸ ਨੇ ਕਿਹਾ, "ਮੈਂ ਗਲੀ ਵਿੱਚੋਂ ਆ ਰਹੀ ਸੀ, ਅਤੇ ਰੈੱਡਮੈਨਜ਼ ਹਾਲ…" ਅਤੇ ਉਹ ਉੱਥੇ ਸ਼ਨੀਵਾਰ ਦੀ ਰਾਤ ਨਾਚ ਕਰਦੇ ਹੁੰਦੇ ਸੀ। ਅਤੇ ਉਸਨੇ ਕਿਹਾ, "ਮੇਰੇ ਕੋਲ ਕੁਝ ਸਮਾਨ ਸੀ, ਜੋ ਮੈਂ ਇੱਕ ਪੁਸ਼ਾਕ ਬਣਾਉਣ ਲਈ ਘਰ ਲਿਜਾ ਰਹੀ ਸੀ।" ਅਤੇ ਉਸਨੇ ਕਿਹਾ, "ਮੈਂ ਉਹ ਸੰਗੀਤ ਸੁਣਿਆ।" ਅਤੇ ਉਸਨੇ ਕਿਹਾ, "ਤੁਹਾਨੂੰ ਪਤਾ ਹੈ," ਕਿਹਾ, "ਮੈਂ ਸਿਰਫ਼ ਇੱਕ ਮਿੰਟ ਲਈ ਰੁਕ ਗਈ।" ਅਤੇ ਕਿਹਾ, "ਇਹ ਬਿਹਤਰ ਹੁੰਦਾ ਰਿਹਾ। ਤਾਂ ਮੈਂ ਸੋਚਿਆ, 'ਤੁਸੀਂ ਜਾਣਦੇ ਹੋ, ਜੇ ਮੈਂ ਇੱਥੇ ਖੜੀ ਰਹਾਂਗੀ ਤਾਂ ਮੈਨੂੰ ਕੋਈ ਨੁਕਸਾਨ ਨਹੀਂ ਹੋਵੇਗਾ।'"

268 ਇੱਥੇ ਹੀ ਉਸਨੇ ਆਪਣੀ ਗਲਤੀ ਕੀਤੀ, ਇੱਕ ਪਲ ਲਈ ਰੁਕ ਗਈ। ਉਸਨੇ ਬੱਸ ਸੁਣਿਆ।

269 ਉਸ ਨੇ ਕਿਹਾ, "ਅੱਛਾ, ਮੈਂ ਸੋਚਣ ਜਾ ਰਹੀ ਹਾਂ।" ਉਸ ਨੇ ਕਿਹਾ, "ਹੇ ਪ੍ਰਭੂ, ਤੁਸੀਂ ਜਾਣਦੇ ਹੋ ਕਿ ਭਾਵੇਂ, ਮੈਂ ਤੁਹਾਨੂੰ ਪਿਆਰ ਕਰਦੀ ਹਾਂ," ਕਿਹਾ, "ਤੁਸੀਂ ਜਾਣਦੇ ਹੋ ਮੈਂ ਤੁਹਾਨੂੰ ਪਿਆਰ ਕਰਦੀ ਹਾਂ, ਪ੍ਰਭੂ। ਪਰ ਮੈਂ ਯਕੀਨੀ ਤੌਰ ਤੇ ਉਹ ਸਮਾਂ ਯਾਦ ਕਰ ਸਕਦੀ ਹਾਂ ਜਦੋਂ ਲੀ ਅਤੇ ਮੈਂ ਸਾਰੇ ਕੱਪ ਜਿੱਤਦੇ ਹੁੰਦੇ ਸਾਂ, ਅਤੇ ਇਸ ਤਰ੍ਹਾਂ ਹੋਰ ਚੀਜਾਂ।" ਉਸ ਨੇ ਕਿਹਾ, "ਮੇਰੇ, ਮੈਨੂੰ ਯਾਦ ਹੈ ਕਿ ਪੁਰਾਣਾ ਸੰਗੀਤ ਮੈਨੂੰ ਆਕਰਸ਼ਿਤ ਕਰਦਾ ਸੀ। ਇਹ ਹੁਣ ਨਹੀਂ ਕਰਦਾ ਹੈ।"

270 ਅਹ-ਓ, ਅਹ-ਔਹ! ਤੁਸੀਂ ਬਸ ਸੋਚਦੇ ਹੋ ਕਿ ਇਹ ਨਹੀਂ ਕਰਦਾ। ਇਸ ਨੇ ਤੁਹਾਨੂੰ ਉੱਥੇ ਹੀ, ਪਹਿਲਾਂ ਹੀ ਫੜ੍ਹ ਲਿਆ ਹੈ। ਇਹ ਓਨਾ ਹੀ ਚੰਗਾ ਹੈ ਜਿੰਨਾ ਉਹ ਚਾਹੁੰਦਾ ਹੈ, ਉਥੇ ਹੀ। ਸਮਝੇ?

271 ਕਿੰਨੇ ਲੋਕ ਨੈਲੀ ਸੈਂਡਰਸ ਨੂੰ ਜਾਣਦੇ ਹਨ? ਖੈਰ, ਮੇਰਾ ਅੰਦਾਜ਼ਾ ਹੈ ਕਿ ਤੁਹਾਡੇ ਵਿੱਚੋਂ ਬਹੁਤ ਸਾਰੇ। ਹਾਂ। ਯਕੀਨਨ। ਇਸ ਲਈ ਉਹ—ਉਹ ਸਨ—ਉਹ ਸਨ…

272 ਕਿਹਾ, ਉਸਨੇ ਕਿਹਾ, "ਖੈਰ, ਕੀ ਤੁਹਾਨੂੰ ਪਤਾ ਹੈ?" ਉਸ ਨੇ ਕਿਹਾ, "ਹੋ ਸਕਦਾ ਹੈ ਕਿ ਜੇ ਮੈਂ ਉੱਥੇ ਪੌੜੀਆਂ ਚੜ੍ਹ ਜਾਵਾਂ," ਕਿਹਾ, "ਹੋ ਸਕਦਾ ਹੈ ਕਿ ਮੈਂ ਉਨ੍ਹਾਂ ਵਿੱਚੋਂ ਕੁਝ ਨੂੰ ਗਵਾਹੀ ਦੇਵਾਂ।"

273 ਔਹ! ਦੇਖੋ, ਤੁਸੀਂ ਬਿਲਕੁਲ ਸ਼ੈਤਾਨ ਦੀ ਜ਼ਮੀਨ ਉੱਤੇ ਹੋ। ਇਸ ਤੋਂ ਦੂਰ ਰਹੋ। "ਹਰ ਪਰਕਾਰ ਦੀ ਬਦੀ ਤੋਂ ਲਾਂਭੇ ਰਹੋ।"

274 ਪਰ ਉਹ ਪੌੜੀਆਂ ਦੇ ਸਿਖਰ ਤੇ, ਚੜ੍ਹ ਗਈ, ਅਤੇ ਕੁਝ ਮਿੰਟ ਉੱਥੇ ਖੜ੍ਹੀ ਰਹੀ। ਅਤੇ ਸਭ ਤੋਂ ਪਹਿਲਾਂ ਜੋ ਤੁਸੀਂ ਜਾਣਦੇ ਹੋ, ਉਹ ਫਰਸ਼ ਤੇ, ਕਿਸੇ ਲੜਕੇ ਦੀਆਂ ਬਾਹਾਂ ਵਿੱਚ ਸੀ।

275 ਫਿਰ ਉਹ ਆਪਣੇ ਆਪ ਵਿੱਚ ਆਈ। ਅਤੇ ਉਹ ਉੱਥੇ ਖੜ੍ਹੀ ਸੀ, ਰੋਂਦੀ ਜਾ ਰਹੀ ਸੀ, ਕਿਹਾ, "ਔਹ, ਮੈਂ ਹੁਣ ਨਾਸ਼ ਹੋ ਗਈ ਹਾਂ, ਹਮੇਸ਼ਾ ਲਈ। ਮੈਂ…"

276 ਮੈਂ ਸੋਚਿਆ, "ਖੈਰ, ਮੈਂ ਬਾਈਬਲ ਬਾਰੇ ਬਹੁਤ ਜ਼ਿਆਦਾ ਨਹੀਂ ਜਾਣਦਾ, ਪਰ ਮੈਂ ਵਿਸ਼ਵਾਸ ਕਰਦਾ ਹਾਂ ਕਿ ਯਿਸੂ ਨੇ ਇਹ ਕਿਹਾ ਸੀ, 'ਮੇਰੇ ਨਾਮ ਵਿੱਚ ਉਹ ਭੂਤਾਂ ਨੂੰ ਕੱਢਣਗੇ।'" ਮੈਂ…

277 ਅਤੇ ਵੀਨ ਦਾ ਨਸ਼ਾ ਥੋੜਾ, ਉੱਤਰ ਗਿਆ ਸੀ, ਅਤੇ ਉੱਥੇ ਬੈਠਾ ਹੋਇਆ, ਦੇਖ ਰਿਹਾ ਸੀ। ਸਮਝੇ? ਤਾਂ ਮੈਂ ਕਿਹਾ, "ਹੁਣ, ਸ਼ੈਤਾਨ, ਮੈਂ ਨਹੀਂ ਜਾਣਦਾ ਕਿ ਤੂੰ ਕੌਣ ਹੋ, ਪਰ ਮੈਂ ਹੁਣ ਤੈਨੂੰ ਦੱਸ ਰਿਹਾ ਹਾਂ, ਇਹ ਮੇਰੀ ਭੈਣ ਹੈ, ਅਤੇ ਤੈਨੂੰ

ਉਸ ਨੂੰ ਫੜਨ ਦਾ ਕੋਈ ਕੰਮ ਨਹੀਂ ਹੈ। ਉਹ ਅਜਿਹਾ ਨਹੀਂ ਕਰਨਾ ਚਾਹੁੰਦੀ ਸੀ। ਉਹ ਸਿਰਫ਼ ਇੱਕ ਮਿੰਟ ਲਈ ਰੁਕੀ ਗਈ ਸੀ।" ਪਰ, ਇਹ ਉਹ ਥਾਂ ਹੈ ਜਿੱਥੇ ਉਸਨੇ ਆਪਣੀ ਗਲਤੀ ਕਰ ਦਿੱਤੀ। ਮੈਂ ਕਿਹਾ, "ਪਰ ਤੈਨੂੰ ਉਸ ਵਿੱਚੋਂ ਬਾਹਰ ਆਉਣਾ ਪਏਗਾ। ਤੂੰ ਮੈਨੂੰ ਸੁਣ ਰਿਹਾ ਹੈਂ?"

278 ਅਤੇ ਇਸ ਲਈ ਮੇਰੀ ਮਦਦ ਕਰੋ, ਪਰਮੇਸ਼ੁਰ, ਨਿਆਂ ਦੇ ਵੇਲੇ। ਬਾਹਰਲਾ ਦਰਵਾਜ਼ਾ ਆਪਣੇ ਆਪ ਹੀ, ਖੁੱਲ੍ਹਣਾ ਅਤੇ ਬੰਦ ਹੋਣਾ ਸ਼ੁਰੂ ਹੋ ਗਿਆ। "ਪਲੰਪਿਟਿ, ਪਲੰਪਿਟਿ," ਦਰਵਾਜ਼ੇ ਉੱਤੇ। "ਪੰਪ, ਕਾ-ਪਲੰਪ, ਕਾ-ਪਲੰਪ।" ਮੈਂ ਸੋਚਿਆ।

ਅਤੇ ਉਸਨੇ ਕਿਹਾ, "ਬਿੱਲ, ਉਥੇ ਦੇਖੋ। ਉਥੇ ਦੇਖੋ।"

ਅਤੇ ਮੈਂ ਕਿਹਾ, "ਹਾਂ। ਉਹ ਕੀ ਹੈ?"

ਉਸ ਨੇ ਕਿਹਾ, "ਮੈਂ ਨਹੀਂ ਜਾਣਦੀ।"

ਮੈਂ ਕਿਹਾ, "ਮੈਂ ਵੀ ਨਹੀਂ।"

279 ਅਤੇ ਦਰਵਾਜ਼ਾ ਇਸ ਤਰ੍ਹਾਂ "ਪੰਪਟੀ-ਪੰਪ, ਟੀ-ਪੰਪ," ਬੰਦ ਹੋਣ ਲਗਾ। ਮੈਂ ਸੋਚਿਆ, "ਇੱਥੇ ਕੀ ਮਾਮਲਾ ਹੈ? ਕੀ ਗੱਲ ਹੈ?"

280 ਮੈਂ ਫਿਰ ਦੇਖਿਆ, *ਇਸ* ਤਰ੍ਹਾਂ। ਅਤੇ ਮੈਂ ਕਿਹਾ, "ਉਸ ਨੂੰ ਛੱਡ ਦੇ, ਸ਼ੈਤਾਨ! ਯਿਸੂ ਦੇ ਨਾਮ ਵਿੱਚ, ਉਸ ਵਿੱਚੋਂ ਬਾਹਰ ਆ!"

281 ਜਦੋਂ ਮੈਂ ਇਹ ਕਿਹਾ, ਤਾਂ ਇਹ ਇੱਕ ਬਹੁਤ ਵੱਡੇ ਚਮਗਿੱਦੜ ਵਾਂਗ ਦਿੱਖ ਰਿਹਾ ਸੀ, ਲਗਭਗ *ਇੰਨਾ* ਲੰਬਾ, ਉਸਦੇ ਪਿੱਛਲੇ ਪਾਸਿਓਂ ਉੱਪਰ ਉੱਠਿਆ, ਇਸ ਦੇ ਖੰਭਾਂ ਤੋਂ ਅਤੇ ਇਸਦੇ ਪੈਰਾਂ ਤੋਂ ਹੇਠਾਂ ਲਟਕਦੇ ਲੰਬੇ ਵਾਲਾਂ ਦੇ ਨਾਲ, *ਇਸ* ਤਰ੍ਹਾਂ। ਜਾ ਰਿਹਾ ਸੀ, "ਊਂ।" ਮੇਰੇ ਵੱਲ ਆਉਣ ਲਗਾ, ਜਿੰਨੇ ਜੋਰ ਨਾਲ ਇਹ ਆ ਸਕਦਾ ਸੀ।

282 ਮੈਂ ਕਿਹਾ, "ਹੇ ਪ੍ਰਭੂ ਪਰਮੇਸ਼ੁਰ, ਯਿਸੂ ਮਸੀਹ ਦਾ ਲਹੂ ਮੈਨੂੰ ਇਸ ਤੋਂ ਬਚਾਵੇ।"

283 ਅਤੇ ਵੀਨ ਛਾਲ ਮਾਰ ਕੇ ਬਿਸਤਰੇ ਵਿੱਚ ਚਲਾ ਗਿਆ, ਵੇਖਣ ਲੱਗਾ। ਅਤੇ ਇਹ ਇੱਥੇ ਸੀ, ਇੱਕ ਵੱਡੇ ਪਰਛਾਵੇਂ ਵਾਂਗ, ਆਲੇ ਦੁਆਲੇ ਚੱਕਰ ਲਗਾ ਰਿਹਾ ਸੀ, ਅਤੇ ਮੰਜੇ ਦੇ ਪਿੱਛੇ ਹੇਠਾਂ ਉੱਪਰ ਜਾ ਰਿਹਾ ਸੀ। ਵੀਨ ਬਿਸਤਰੇ ਵਿੱਚੋਂ ਬਾਹਰ ਚਲਾ ਗਿਆ, ਦੂਸਰੇ ਕਮਰੇ ਵਿੱਚ, ਜਿੰਨੇ ਜੋਰ ਨਾਲ ਉਹ ਜਾ ਸਕਦਾ ਸੀ। ਇਸ ਲਈ ਅਸੀਂ...

284 ਮੈਂ ਨੈਲੀ ਨੂੰ ਲਿਆ ਅਤੇ ਉਸਨੂੰ ਘਰ ਛੱਡ ਆਇਆ। ਅਤੇ ਵਾਪਸ ਆਇਆ, ਅਤੇ ਮੈਂ ਨਹੀਂ...

285 ਮਾਂ ਉੱਥੇ ਗਈ ਅਤੇ ਚਾਦਰ ਅਤੇ ਸਭ ਕੁਝ ਝਾੜ ਦਿੱਤਾ। ਉਸ ਬਿਸਤਰੇ ਵਿੱਚ ਕੁਝ ਵੀ ਨਹੀਂ ਸੀ। ਇਹ ਕੀ ਸੀ? ਉਸ ਵਿੱਚੋਂ ਇੱਕ ਸ਼ੈਤਾਨ ਨਿਕਲ ਗਿਆ। ਕੀ ਹੋਇਆ ਸੀ? ਉਹ ਇੱਕ ਪਲ ਲਈ ਰੁਕ ਗਈ ਸੀ। ਇਹ ਸਭ ਹੈ।

286 ਬਿਲਕੁਲ ਵੀ, ਰੁਕਣਾ ਨਹੀਂ। ਜਦੋਂ ਪਰਮੇਸ਼ੁਰ ਆਪਣੇ ਵਚਨ ਨੂੰ ਤੁਹਾਡੇ ਦਿਲ ਵਿੱਚ ਉਤਾਰ ਦਿੰਦਾ ਹੈ, ਬੱਸ ਉਸ ਤਲਵਾਰ ਨੂੰ ਲਓ ਅਤੇ ਕੁਤਰਨਾ ਅਤੇ ਕੱਟਣਾ ਸ਼ੁਰੂ ਕਰੋ। ਹਲਲੂਯਾਹ!

287 “ਮੇਰੇ ਕੋਲ ਹੋਰ ਕਿਸੇ ਚੀਜ਼ ਦੀ ਉਡੀਕ ਕਰਨ ਦਾ ਸਮਾਂ ਨਹੀਂ ਹੈ। ਹੁਣੇ ਪਾਰ ਕੀਤਾ ਹੈ, ਮੇਰੇ ਕੋਲ ਬੈਠਣ ਦਾ ਸਮਾਂ ਵੀ ਨਹੀਂ ਹੈ।”

288 ਉਸ ਨੇ ਕਿਹਾ, “ਅੱਛਾ, ਅਤੇ ਮੇਰੀ ਲਾਠੀ ਲੈ ਅਤੇ ਇਸ ਨੂੰ ਬੱਚੇ ਉੱਤੇ ਰੱਖ ਦੇਵੀਂ। ਜੇ ਕੋਈ ਆਦਮੀ ਤੇਰੇ ਨਾਲ ਗੱਲ ਕਰੇ, ਤਾਂ ਤੂੰ ਉਹ ਨੂੰ ਉੱਤਰ ਨਾ ਦੇਵੀਂ।”

289 ਜੇ ਸ਼ੈਤਾਨ ਕਹੇ, “ਓਏ, ਤੁਸੀਂ ਜਾਣਦੇ ਹੋ ਕਿ ਤੁਸੀਂ ਕੀ ਮਹਿਸੂਸ ਕਰ ਰਹੇ ਹੋ?” ਉਸ ਨਾਲ ਗੱਲ ਵੀ ਨਾ ਕਰੋ। ਬੱਸ ਚਲਦੇ ਰਹੋ।

290 ਸ਼ੈਤਾਨ, ਤੁਸੀਂ ਜਾਣਦੇ ਹੋ, ਸ਼ੈਤਾਨ ਕਹਿੰਦਾ ਹੈ, “ਪਰ ਕੀ ਤੁਹਾਨੂੰ ਪਤਾ ਹੈ? ਤੁਸੀਂ ਜਾਣਦੇ ਹੋ, ਫਲਾਣਾ-ਫਲਾਣਾ, ਜਦੋਂ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲਿਆ, ਤੁਹਾਨੂੰ ਯਾਦ ਹੈ ਉਨ੍ਹਾਂ—ਉਨ੍ਹਾਂ ਦਾ ਦਿਮਾਗ ਤਕਰੀਬਨ ਖਰਾਬ ਹੋ ਗਿਆ ਸੀ।” ਉਸ ਨਾਲ ਗੱਲ ਵੀ ਨਾ ਕਰੋ। ਬਸ ਚਲਦੇ ਰਹੋ। ਤੁਸੀਂ ਫਲਾਣੇ-ਫਲਾਣੇ ਬਾਰੇ ਨਹੀਂ ਜਾਣਦੇ।

291 ਇਹ ਤੁਸੀਂ ਅਤੇ ਪਰਮੇਸ਼ੁਰ ਹੋ। ਇਹ ਠੀਕ ਹੈ।ਪਰਮੇਸ਼ੁਰ ਨੂੰ ਰੱਖੋ। ਉਹ ਆਪਣੇ ਸੇਵਕਾਂ ਨੂੰ ਮਸਹ ਕਰਦਾ ਹੈ। ਮੈਨੂੰ ਜਲਦੀ ਕਰਨੀ ਪਵੇਗੀ। ਪਰਮੇਸ਼ੁਰ ਆਪਣੇ ਸੇਵਕਾਂ ਨੂੰ ਮਸਹ ਕਰਦਾ ਹੈ। ਸਮਝੇ?

292 ਹੁਣ ਮੈਨੂੰ ਇੱਥੇ ਕੁਝ ਲਿਖਤਾਂ ਨੂੰ ਛੱਡਣਾ ਪਵੇਗਾ, ਪਰ ਮੈਂ ਇਹ ਕਹਿਣਾ ਚਾਹਾਂਗਾ। ਇੱਥੇ, ਹੁਣ ਸੁਣੋ, ਧਿਆਨ ਨਾਲ।

293 ਛੋਟੀ ਔਰਤ, ਹੁਣ ਧਿਆਨ ਨਾਲ ਸੁਣ।

294 ਇੱਥੇ ਅਸੀਂ ਸ਼ੈਤਾਨ ਦੀਆਂ ਚਾਲਾਂ ਨੂੰ ਦੇਖਦੇ ਹਾਂ। ਅਸੀਂ ਇਹ ਕਿਵੇਂ ਕਰਦੇ ਹਾਂ? ਹੁਣ, ਮੇਰੇ ਕੋਲ ਇੱਥੇ ਬਹੁਤ ਸਾਰੀਆਂ ਲਿਖਤਾਂ ਹਨ, ਨਬੀਆਂ ਅਤੇ ਚੀਜ਼ਾਂ ਬਾਰੇ, ਜਿੱਥੇ ਉਹ ਉਨ੍ਹਾਂ ਕੋਲ ਆਇਆ, ਅਤੇ ਪੂਰੀ ਬਾਈਬਲ ਵਿੱਚੋਂ ਵੱਖੋ-ਵੱਖਰੇ ਲੋਕਾਂ ਵਿੱਚ, ਅਤੇ ਉਹੀ ਕੰਮ ਕੀਤਾ। ਇਹ ਹਮੇਸ਼ਾ ਉਸਦੀ ਚਾਲ ਰਹੀ ਹੈ, ਲੋਕਾਂ ਨੂੰ ਪਰਮੇਸ਼ੁਰ ਦੇ ਵਚਨ ਤੋਂ ਅਵਿਸ਼ਵਾਸ ਕਰਾਉਣ ਦੀ ਕੋਸ਼ਿਸ ਕਰਦਾ ਹੈ। ਸੁਣੋ, ਹੇ ਸਲੀਬ ਦੇ ਸਿਪਾਹੀਓ। ਜਦੋਂ ਤੁਸੀਂ ਪਰਮੇਸ਼ੁਰ ਦੀ ਲਿਖਤ

ਬਾਈਬਲ ਦੇ ਇੱਕ ਵੀ ਵਚਨ ਤੇ ਅਵਿਸ਼ਵਾਸ ਕਰਦੇ ਹੋ, ਤਾਂ ਤੁਸੀਂ ਨਿਹੱਥੇ ਹੋ ਜਾਂਦੇ ਹੋ।

295 ਇਸਤੇ ਵਿਸ਼ਵਾਸ ਕਰਦੀ ਹੈਂ, ਪਿਆਰੀ?

296 ਤੁਸੀਂ ਨਿਹੱਥੇ ਹੋ। ਤੁਸੀਂ ਸਮਰਪਣ ਕਰਦੇ ਹੋ, ਤੁਸੀਂ ਜੈਲੀਫਿਸ਼ ਹੋ। ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸਤ੍ਰ ਧਾਰੋ। ਆਮੀਨ। ਅਸੀਂ ਇੱਕ ਜੰਗ ਵਿੱਚ ਹਾਂ। ਪਰਮੇਸ਼ੁਰ ਨੇ ਜੋ ਕਿਹਾ ਉਹ ਸੱਚ ਹੈ। "ਹਰੇਕ ਆਦਮੀ ਦੀ ਗੱਲ ਝੂਠ ਹੈ।" ਸਮਝੇ? ਪਰ ਜਿਵੇਂ ਹੀ ਤੁਸੀਂ...ਤੁਹਾਨੂੰ ਇੱਕ ਗੱਲ ਸੁਣਨ ਲਈ ਪ੍ਰੇਰਦਾ ਹੈ, ਇਹ ਉਸਦੀ ਚਾਲ ਹੈ, ਤੁਸੀਂ ਨਿਹੱਥੇ ਹੋ ਜਾਂਦੇ ਹੋ।

297 ਹੱਵਾਹ ਨੂੰ ਕਿੰਨੀਆਂ ਗੱਲਾਂ ਸੁਣਨੀਆਂ ਪਈਆਂ? ਇੱਕ। ਉਹ ਉਸੇ ਵੇਲੇ ਨਿਹੱਥੀ ਹੋ ਗਈ। ਸ਼ੈਤਾਨ ਨੇ ਕੀ ਕੀਤਾ? ਸਿੱਧਾ ਉਸਦੇ ਦਿਮਾਗ ਰਾਹੀਂ, ਉਸਦੀ ਆਤਮਾ ਵਿੱਚ ਚਲਾ ਗਿਆ, ਅਤੇ ਉੱਥੇ ਉਹ ਭ੍ਰਿਸ਼ਟ ਹੋ ਗਈ। ਕੀ ਇਹ ਸਹੀ ਹੈ? ਉਹ ਉਸੇ ਵੇਲੇ ਭ੍ਰਿਸ਼ਟ ਹੋ ਗਈ ਸੀ ਜਿਸ ਵੇਲੇ ਉਹ ਨਿਹੱਥੀ ਹੋ ਗਈ ਸੀ, ਜਦੋਂ ਉਸ ਨੇ ਪਰਮੇਸ਼ੁਰ ਦੇ ਵਚਨ ਤੇ ਅਵਿਸ਼ਵਾਸ ਕੀਤਾ ਸੀ। ਠੀਕ ਹੈ। ਇੱਥੇ ਅਸੀਂ ਉਸਦੀ ਚਾਲ ਵੇਖ ਰਹੇ ਹਾਂ।

298 ਪਰਮੇਸ਼ੁਰ ਦੇ ਸਿਪਾਹੀਆਂ ਨੂੰ ਹੁਕਮ ਦਿੱਤਾ ਗਿਆ ਹੈ "ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸਤ੍ਰ ਧਾਰੋ।" ਕੀ ਇਹ ਸਹੀ ਹੈ? ਹੁਣ, ਜੇਕਰ ਤੁਸੀਂ ਉਸ ਲਿਖਤ ਨੂੰ ਲਿਖਣਾ ਚਾਹੁੰਦੇ ਹੋ, ਤਾਂ ਇਹ ਅਫ਼ਸੀਆਂ 6:10 ਅਤੇ 13 ਵਿੱਚ ਮਿਲੇਗੀ। ਵੇਖਿਆ? ਅਸੀਂ ਇਸਨੂੰ ਕੁਝ ਸਮਾਂ ਪਹਿਲਾਂ ਪੜ੍ਹਿਆ ਸੀ। ਇਹ ਸਾਡਾ ਵਿਸ਼ਾ ਹੈ। ਠੀਕ ਹੈ। ਧਿਆਨ ਦਿਓ। "ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸਤ੍ਰ ਧਾਰੋ।" ਚਲੋ...ਕੀ ਤੁਹਾਡੇ ਕੋਲ ਕੁਝ ਮਿੰਟਾਂ ਦਾ ਸਮਾਂ ਹੈ? [ਕਲੀਸਿਯਾ ਕਹਿੰਦੀ ਹੈ, "ਆਮੀਨ"—ਸੰਪਾ.] ਚਲੋ ਇੱਥੇ ਇੱਕ ਮਿੰਟ ਲਈ ਪਿਛਾਂਹ ਚੱਲੀਏ। ਆਓ ਦੇਖੀਏ ਕਿ ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸਤ੍ਰ ਕੀ ਹਨ। ਠੀਕ ਹੈ। ਆਓ 10ਵੀਂ ਆਇਤ ਤੋਂ ਸ਼ੁਰੂ ਕਰੀਏ। ਹੁਣ, ਹੁਣ ਧਿਆਨ ਨਾਲ ਸੁਣੋ। ਆਓ ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸਤ੍ਰ ਨੂੰ ਲੱਭੀਏ। "ਆਖਰਕਾਰ, ਮੇਰੇ ਭਰਾਵੋ..." ਹੁਣ, ਮੈਨੂੰ ਪਤਾ ਹੈ ਕਿ ਮੈਂ ਜਾ ਰਿਹਾ ਹਾਂ...ਮੈਂ ਹਾਂ...

299 ਵੀਹ ਮਿੰਟ ਹਨ, ਇਸ ਵੇਲੇ, ਬਾਰਾਂ ਵੱਜਣ ਨੂੰ, ਬੱਸ ਲੱਗਭਗ। ਮੈਂ—ਮੈਂ ਨਹੀਂ...ਮੈਂ ਅੱਜ, ਤੁਹਾਨੂੰ ਬਹੁਤਾ ਚਿਰ ਨਹੀਂ ਸਿਖਾਉਣਾ ਚਾਹੁੰਦਾ ਸੀ, ਪਰ ਮੈਂ—ਮੈਂ ਹੋ ਸਕਦਾ ਹੈ ਕਿ ਮੇਰੇ ਕੋਲ ਗਰਮੀ ਦੀਆਂ ਯਾਤਰਾਵਾਂ ਤੇ ਜਾਣ ਤੋਂ ਪਹਿਲਾਂ ਇੱਕ ਵੀ ਸੰਦੇਸ਼ ਨਾ ਦਿੱਤਾ ਜਾਵੇ, ਤੁਸੀਂ ਸਮਝੇ।

300 ਅਤੇ ਕੀ ਤੁਹਾਨੂੰ ਪਤਾ ਹੈ? ਤੁਸੀਂ ਜਾਣਦੇ ਹੋ ਕਿ ਮੈਂ ਅਜਿਹਾ ਕਿਉਂ ਕਰ ਰਿਹਾ ਹਾਂ? ਮੈਂ ਤੁਹਾਨੂੰ ਦੱਸਾਂਗਾ। ਇੱਕ ਦਿਨ ਮੈਨੂੰ ਇੱਕ ਸੁਪਨਾ ਆਇਆ ਸੀ।

ਮੈਂ ਇਹ ਦੱਸਣਾ ਨਹੀਂ ਸੀ, ਪਰ ਇਹ ਮੇਰੇ ਦਿਮਾਗ ਵਿੱਚ ਹੈ। ਮੈਂ ਇਹ ਵੀ ਕਰ ਸਕਦਾ ਹਾਂ, ਜਦੋਂ ਪ੍ਰਭੂ ਮੈਨੂੰ ਇਸ ਦਾ ਤਰਜਮਾ ਦੇਵੇਗਾ।

301 ਮੈਂ ਸੁਪਨਾ ਦੇਖਿਆ ਕਿ ਮੈਂ ਇੱਕ ਖਾਸ ਕੰਮ ਲਈ, ਇੱਕ ਵੱਡੀ ਨਦੀ ਨੂੰ ਪਾਰ ਕਰਨ ਲਈ ਤਿਆਰੀ ਕਰ ਰਿਹਾ ਸੀ। ਅਤੇ ਹੁਣ, ਪਹਿਲਾਂ, ਮੈਂ ਉੱਥੇ ਆਪਣੀ ਪਤਨੀ ਨਾਲ ਸੀ...

302 ਅਤੇ ਇੱਥੇ ਕਿੰਨੇ ਲੋਕ ਸ਼ਹਿਰ ਵਿੱਚ ਜਾਰਜ ਸਮਿਥ, ਛੇ-ਸੈਕਿੰਟ ਦੇ ਸਮਿਥ ਨੂੰ ਜਾਣਦੇ ਹਨ? ਜਾਰਜ ਸਮਿਥ, ਉਸਦਾ ਲੜਕਾ ਇੱਥੇ ਪੁਲਿਸ ਵਿੱਚ ਹੈ। ਉਹ, ਵਿਚਾਰਾ ਜਾਰਜ, ਹੁਣ ਇੱਕ ਸ਼ਰਾਬੀ ਹੈ। ਪਰ ਉਹ ਸਭ ਤੋਂ ਵਧੀਆ ਲੜਾਕੂਆਂ ਵਿੱਚੋਂ ਇੱਕ ਸੀ। ਉਹੀ ਸੀ ਜਿਸ ਨੇ ਮੈਨੂੰ ਮੇਰੀ ਸਿਖਲਾਈ ਦਿੱਤੀ ਸੀ, Y.M.C.A. ਅਤੇ ਕਿਤੇ ਵੀ ਜਾਣ ਤੋਂ ਪਹਿਲਾਂ। ਉਹ ਸਾਨੂੰ ਸਿਖਲਾਈ ਦਿੰਦਾ ਸੀ। ਅਤੇ ਉਹ ਤੇਜ਼, ਬਹੁਤ ਤੇਜ਼ ਸੀ। ਉਹ ਇੱਕ ਪੇਸ਼ੇਵਰ ਮੁੱਕੇਬਾਜ ਸੀ, ਇੱਕ-ਸੌ-ਪੰਜਾਹ ਪੌਂਡ ਲਈ। ਅਤੇ ਉਸਨੇ ਮੈਨੂੰ ਸਿਖਲਾਈ ਦਿੱਤੀ। ਅਤੇ ਉਥੇ ਖਲੋ ਜਾਂਦਾ ਸੀ, ਅਤੇ ਉਹ ਆਪਣੀ ਮੁੱਠੀ ਬਣਾਉਂਦਾ ਸੀ, *ਇਸ* ਤਰ੍ਹਾਂ, ਅਤੇ ਸਿੱਧਾ ਮੇਰੇ ਪੇਟ ਵਿੱਚ ਮਾਰਦਾ ਸੀ, ਮੈਨੂੰ ਕੰਧ ਦੇ ਨਾਲ ਖੜ੍ਹਾ ਕਰਦਾ ਸੀ, ਦੇਖੋ, ਪਰ, ਅਤੇ ਇਸ ਨਾਲ ਮੈਨੂੰ ਕੋਈ ਤਕਲੀਫ ਨਹੀਂ ਹੁੰਦੀ ਸੀ। ਉਸਨੇ ਮੈਨੂੰ ਸਿਖਲਾਈ ਦਿੱਤੀ ਸੀ, ਇੱਥੇ ਸਿਖਲਾਈ ਤੋਂ ਇਲਾਵਾ ਹੋਰ ਕੁਝ ਨਹੀਂ ਸੀ।

303 ਅਤੇ ਫਿਰ ਮੈਂ—ਮੈਂ ਇੱਕ ਰਾਤ ਨੂੰ, ਸੁਪਨਾ ਦੇਖਿਆ, ਕਿ ਮੈਂ ਛੇ-ਸਕਿੰਟ ਸਮਿਥ ਨੂੰ ਦੇਖਿਆ। ਹੁਣ, ਇਹ ਇੱਕ ਦਰਸ਼ਨ ਨਹੀਂ ਸੀ। ਇਹ ਇੱਕ ਸੁਪਨਾ ਸੀ। ਅਤੇ ਮੈਂ ਛੇ-ਸੈਕਿੰਟ ਦੇ ਸਮਿਥ ਨੂੰ ਦੇਖਿਆ, ਇੱਕ ਨੌਜਵਾਨ ਬੰਦਾ ਕੁਸ਼ਤੀ ਵਿੱਚ, ਉਸਦੇ ਵਿਰੁੱਧ ਆ ਰਿਹਾ ਸੀ। ਅਤੇ ਉਹ, ਉਹ ਬੁੱਢਾ ਆਦਮੀ, ਕਰੀਬ, ਔਹ, ਮੇਰਾ ਅੰਦਾਜ਼ਾ ਹੈ...ਮੈਂ ਬਵੰਜਾ ਵਰ੍ਹਿਆਂ ਦਾ ਹਾਂ। ਉਹ ਅਠਵੰਜਾ, ਸੱਠ ਦੇ ਕਰੀਬ ਹੈ। ਉਨ੍ਹਾਂ ਵਿੱਚੋਂ ਕੋਈ ਵੀ ਨੌਜਵਾਨ ਉਸ ਨੂੰ ਛੂਹ ਨਹੀਂ ਸਕਦਾ ਸੀ, ਕਿਸੇ ਵੀ ਤਰੀਕੇ ਨਾਲ। ਉਹ ਉਹਨਾਂ ਨੂੰ ਸਿਰਫ਼ ਇੱਕ ਗੰਢ ਵਿੱਚ ਬੰਨ੍ਹ ਦਿੰਦਾ ਸੀ, *ਇਸ* ਤਰ੍ਹਾਂ, ਉਹਨਾਂ ਨੂੰ ਫਰਸ਼ ਤੇ ਲਿਟਾ ਦਿੰਦਾ ਸੀ ਅਤੇ ਉਹਨਾਂ ਨੂੰ ਆਪਣੇ ਹੱਥਾਂ ਨਾਲ ਜਕੜ ਲੈਂਦਾ ਸੀ।

304 ਅਤੇ ਮੈਂ ਸੋਚਿਆ, "ਇਹ ਅਜੀਬ ਹੈ।" ਮੈਂ ਸੋਚਿਆ ਕਿ ਮੇਰੀ ਪਤਨੀ ਮੇਰੇ ਨਾਲ ਹੈ, ਅਤੇ ਮੈਂ ਕਿਹਾ, "ਇਹ ਅਜੀਬ ਹੈ।" ਮੈਂ ਕਿਹਾ, "ਕੀ ਤੂੰ ਜਾਣਦੀ ਹੈਂ, ਮੈਡਾ? ਉਹ ਮੇਰਾ ਉਸਤਾਦ ਹੋਇਆ ਕਰਦਾ ਸੀ।"

ਉਸ ਨੇ ਕਿਹਾ, "ਮੈਨੂੰ—ਮੈਨੂੰ ਉਹ ਯਾਦ ਹੈ, ਤੁਸੀਂ ਮੈਨੂੰ ਇਸ ਬਾਰੇ ਦੱਸਿਆ ਸੀ।"

305 ਮੈਂ ਕਿਹਾ, "ਹਾਂ, ਸ਼੍ਰੀਮਾਨ। ਉਸਦੀ ਚੰਗੀ ਸਿਖਲਾਈ ਨਾਲ, ਮੈਂ ਪੰਦਰਾਂ ਪੇਸ਼ੇਵਰ ਲੜਾਈਆਂ ਜਿੱਤੀਆਂ, ਅਤੇ ਮੈਂ ਇਹ ਪੇਸ਼ਾ ਛੱਡ ਦਿੱਤਾ; ਇੰਜੀਲ ਦਾ ਪ੍ਰਚਾਰ ਕਰਨ ਲਈ।"

306 ਬਸ ਫਿਰ ਇਹ ਬਦਲ ਗਿਆ, ਅਤੇ ਮੈਂ ਇੱਕ—ਇੱਕ ਦਰਿਆ ਨੂੰ ਪਾਰ ਕਰਨਾ ਸ਼ੁਰੂ ਕਰ ਰਿਹਾ ਸੀ। ਪਰ ਜਦੋਂ ਮੈਂ ਜਾ ਰਿਹਾ ਸੀ, ਮੈਂ ਇੱਕ ਬਿਜਲੀ ਨਾਲ ਚੱਲਣ ਵਾਲੀ ਕਿਸ਼ਤੀ ਦੁਆਰਾ ਜਾ ਰਿਹਾ ਸੀ। ਮੈਂ ਦੇਖਿਆ, ਅਤੇ ਉੱਥੇ ਮੇਰੇ ਦੋ ਭਰਾ ਬੈਠੇ ਹੋਏ ਸਨ, ਇੱਕ ਚੱਪੂ ਵਾਲੀ ਕਿਸ਼ਤੀ ਵਿੱਚ, ਮੇਰੇ ਨਾਲ ਜਾਣ ਲਈ ਤਿਆਰ ਹੋ ਰਹੇ ਸਨ। ਮੈਂ ਕਿਹਾ, "ਤੁਸੀਂ ਅਜਿਹਾ ਨਹੀਂ ਕਰ ਸਕਦੇ, ਭਰਾਵੋ। ਊਂ -ਹੂੰ। ਮੈਨੂੰ ਇਕੱਲਾ ਜਾਣਾ ਚਾਹੀਦਾ ਹੈ।"

307 ਅਤੇ ਮਲਾਹ ਉੱਪਰ ਆਇਆ, ਅਤੇ ਉਸ ਨੇ ਕਿਹਾ, "ਇੱਥੇ ਤੁਹਾਡੇ ਲਈ ਇੱਕ ਕਿਸ਼ਤੀ ਹੈ," ਇੱਕ ਅਸਲੀ ਸਫੈਦ ਪਲਾਸਟਿਕ ਦੀ ਕਿਸ਼ਤੀ।

ਮੈਂ ਕਿਹਾ, "ਨਹੀਂ। ਊਂ-ਹੂੰ। ਇਹ ਨਹੀਂ।"

308 ਉਸ ਨੇ ਕਿਹਾ, "ਖੈਰ, ਤੁਸੀਂ ਇਸ ਨਾਲ *ਇਸ* ਪਾਸੇ ਦੌੜ ਸਕਦੇ ਹੋ, ਪੰਜਾਹ ਮੀਲ ਪ੍ਰਤੀ ਘੰਟਾ।"

ਮੈਂ ਕਿਹਾ, "ਪਰ ਮੈਂ *ਉਸ* ਰਸਤੇ ਨੂੰ ਪਾਰ ਕਰਨਾ ਹੈ।" ਸਮਝੇ?

"ਅੱਛਾ," ਉਸ ਨੇ ਕਿਹਾ, "*ਉਹਨਾਂ* ਲੋਕਾਂ ਦੇ ਨਾਲ ਜਾਓ।"

309 ਮੈਂ ਕਿਹਾ, "ਉਹ ਮਲਾਹ ਨਹੀਂ ਹਨ। ਉਹ ਇਸ ਬਾਰੇ ਕਾਫ਼ੀ ਨਹੀਂ ਜਾਣਦੇ। ਉਹ ਜੋਸ਼ ਵਿੱਚ ਹਨ। ਉਹ ਇਸ ਨੂੰ ਨਹੀਂ ਚਲਾ ਸਕਦੇ। ਉਹ ਦੋਵੇਂ ਉੱਥੇ ਡੁੱਬ ਜਾਣਗੇ। ਉਹ ਬਸ ਇਹ ਨਹੀਂ ਕਰ ਸਕਦੇ।"

ਅਤੇ ਉਸਨੇ ਕਿਹਾ, "ਕੀ ਤੁਸੀਂ…ਕੀ ਤੁਸੀਂ ਭਰੋਸਾ ਕਰ ਸਕਦੇ ਹੋ…?"

310 ਮੈਂ ਕਿਹਾ, "ਸੁਣੋ, ਮੈਂ—ਮੈਂ ਕਿਸ਼ਤੀਆਂ ਬਾਰੇ ਉਹਨਾਂ ਨਾਲੋਂ ਵੱਧ ਜਾਣਦਾ ਹਾਂ, ਅਤੇ ਮੈਂ ਇਸ ਨੂੰ ਉਸ ਨਾਲ ਚਲਾਉਣ ਦੀ ਕੋਸ਼ਿਸ਼ ਨਹੀਂ ਕਰਾਂਗਾ, ਇਸ ਕਿਸਮ ਦੀ ਚੀਜ ਨਾਲ।" ਮੈਂ ਕਿਹਾ, "ਇਸਨੂੰ ਪਾਰ ਕਰਨ ਲਈ ਇੱਕ ਬਿਜਲੀ ਨਾਲ ਚੱਲਣ ਵਾਲੀ ਕਿਸ਼ਤੀ ਦੀ ਲੋੜ ਹੈ।" ਮੈਂ ਕਿਹਾ, "ਇਸ ਲਈ ਉਸ ਨਾਲੋਂ ਕੁਝ ਵੱਡੀ ਚੀਜ ਦੀ ਲੋੜ ਹੈ।"

311 ਅਤੇ ਮੈਂ ਉਸ ਨੂੰ ਆਲੇ ਦੁਆਲੇ ਵੇਖਦੇ ਹੋ ਵੇਖਿਆ, ਭਾਈਆਂ ਵਿੱਚੋਂ ਇੱਕ ਨੂੰ, ਅਤੇ ਕਿਹਾ, "ਕੀ ਤੁਸੀਂ ਇੱਕ ਮਲਾਹ ਹੋ?"

ਭਾਈਆਂ ਨੇ ਕਿਹਾ, "ਹਾਂ।" ਵੇਖਿਆ?

ਮੈਂ ਕਿਹਾ, "ਇਹ ਗਲਤ ਹੈ।"

312 ਅਤੇ ਮਲਾਹ ਵਾਪਸ ਆ ਗਿਆ। ਉਸ ਨੇ ਕਿਹਾ, "ਤੁਸੀਂ ਦੱਸੋ ਕਿ ਤੁਸੀਂ ਕੀ ਕਰੋਗੇ।" ਉਸ ਨੇ ਕਿਹਾ, "ਉਹ ਤੁਹਾਨੂੰ ਪਿਆਰ ਕਰਦੇ ਹਨ। ਉਹ ਤੁਹਾਡੇ ਤੇ ਵਿਸ਼ਵਾਸ ਕਰਦੇ ਹਨ। ਪਰ," ਕਿਹਾ, "ਜੇਕਰ ਤੁਸੀਂ ਬਿਜਲੀ ਨਾਲ ਚੱਲਣ ਵਾਲੀ ਕਿਸ਼ਤੀ ਵਿੱਚ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹੋ, ਤਾਂ ਉਹ ਉਸ ਚੱਪੂ ਵਾਲੀ ਬੇੜੀ ਵਿੱਚ ਤੁਹਾਡਾ ਪਿੱਛਾ ਕਰਨ ਦੀ ਕੋਸ਼ਿਸ਼ ਕਰਨਗੇ। ਉਹ ਦੋਵੇਂ ਮਰ ਜਾਣਗੇ, ਵੇਖੋ।" ਉਸ ਨੇ ਕਿਹਾ, "ਉਹ ਤੁਹਾਡਾ ਪਿੱਛਾ ਨਹੀਂ ਕਰ ਸਕਦੇ।"

ਅਤੇ ਮੈਂ ਕਿਹਾ, "ਖੈਰ, ਮੈਨੂੰ ਕੀ ਕਰਨਾ ਚਾਹੀਦਾ ਹੈ?"

313 ਅਤੇ ਪੱਤਣ ਉੱਤੇ ਇਹ ਮਲਾਹ, ਉਸਨੇ ਕਿਹਾ, "ਤੁਸੀਂ *ਉੱਥੇ* ਵਾਪਸ ਚਲੇ ਜਾਓ।" ਉਸ ਨੇ ਕਿਹਾ, "ਇਸ ਸਾਰੇ ਦੇਸ਼ ਵਿੱਚ ਸਿਰਫ਼ ਇੱਕ ਛੋਟਾ ਜਿਹਾ ਭੰਡਾਰ ਹੈ, ਇੱਕ ਛੋਟਾ ਜਿਹਾ ਭੰਡਾਰ। ਅਤੇ ਉਸ ਵਿੱਚ ਬਹੁਤ ਸਾਰਾ ਰਾਸ਼ਨ ਰੱਖੋ।" ਕਿਹਾ, "ਅਤੇ ਉਹ ਇੱਥੇ ਰਹਿਣਗੇ। ਜਦੋਂ ਤੁਸੀਂ ਜਾਇਆ ਕਰੋਗੇ—ਜਦੋਂ ਤੁਸੀਂ ਜਾਇਆ ਕਰੋਗੇ ਤਾਂ ਉਹ—ਉਹ ਉੱਥੇ ਹੀ ਰਿਹਾ ਕਰਣਗੇ। ਪਰ," ਕਿਹਾ, "ਤੁਹਾਨੂੰ ਉੱਥੇ ਰਾਸ਼ਨ ਰੱਖਣਾ ਪਵੇਗਾ।"

314 ਅਤੇ ਮੈਂ ਬਸ ਹਰ ਕਿਸਮ ਦੀ ਗੋਭੀ, ਅਤੇ ਸ਼ਲਗਮ, ਅਤੇ ਮੂਲੀਆਂ, ਅਤੇ ਚੀਜ਼ਾਂ ਮੰਗਾਂ ਰਿਹਾ ਸੀ, ਉਹਨਾਂ ਨੂੰ ਉੱਥੇ ਇਸ ਤਰ੍ਹਾਂ ਢੇਰ ਕਰ ਰਿਹਾ ਸੀ। ਫਿਰ ਮੈਂ ਜਾਗ ਪਿਆ।

315 ਮੈਨੂੰ ਨਹੀਂ ਪਤਾ ਸੀ ਕਿ ਇਹ ਕੀ ਸੀ, ਪਰ ਮੈਂ ਹੁਣ ਜਾਣਦਾ ਹਾਂ। ਵੇਖੋ, ਅਸੀਂ ਇਸ ਵਿੱਚ ਰਾਸ਼ਨ ਭਰ ਰਹੇ ਹਾਂ, ਭਰਾਵੋ। ਇਹ ਇੱਕ ਜ਼ਿੰਦਗੀ ਹੈ ਜਿਸ ਵਿਚ ਤੁਹਾਨੂੰ ਇਕੱਲੇ ਤੁਰਨਾ ਪੈਂਦਾ ਹੈ।

316 ਲੀਓ, ਤੁਹਾਨੂੰ ਉਹ ਸੁਪਨਾ ਯਾਦ ਹੈ ਜੋ ਤੁਸੀਂ ਉਸ ਸਮੇਂ ਦੇਖਿਆ ਸੀ ਜਦੋਂ ਤੁਸੀਂ ਪਹਿਲੀ ਵਾਰ ਇੱਥੇ ਆਏ ਸੀ? [ਭਾਈ ਲੀਓ ਮਰਸੀਅਰ ਕਹਿੰਦਾ ਹੈ "ਆਮੀਨ।"—ਸੰਪਾ.] ਪਿਰਾਮਿਡ ਬਾਰੇ, ਅਤੇ ਤੁਸੀਂ ਸੋਚਿਆ ਕਿ ਤੁਸੀਂ ਉੱਥੇ ਆ ਜਾਓਗੇ। ਮੈਂ ਕਿਹਾ, "ਲੀਓ, ਇੱਥੇ ਕੋਈ ਮਨੁੱਖ ਨਹੀਂ ਆ ਸਕਦਾ। ਪਰਮੇਸ਼ੁਰ ਨੇ ਮਨੁੱਖ ਨੂੰ ਇੱਥੇ ਖੜ੍ਹਾ ਕਰਨਾ ਹੈ। ਤੁਸੀਂ ਹਰ ਭੌਤਿਕ ਖੇਤਰ ਤੇ ਚੜ੍ਹ ਗਏ ਜਿਸ ਤੇ ਚੜ੍ਹਿਆ ਜਾ ਸਕਦਾ ਸੀ।" ਮੈਂ ਕਿਹਾ, "ਤੁਸੀਂ ਇੱਥੇ ਨਹੀਂ ਆ ਸਕਦੇ, ਲੀਓ। ਸਮਝੇ? ਵਾਪਸ ਹੇਠਾਂ ਜਾਓ। ਬੱਸ ਲੋਕਾਂ ਨੂੰ ਦੱਸੋ ਕਿ ਇਹ ਪਰਮੇਸ਼ੁਰ ਵੱਲੋਂ ਹੁੰਦਾ ਹੈ।" ਸਮਝੇ? ਸਮਝੇ?

317 ਇਹ ਉਹ ਚੀਜ਼ ਹੈ ਜਿਸ ਤੇ ਤੁਸੀਂ—ਤੁਸੀਂ ਨਿਰਭਰ ਨਹੀਂ ਕਰ ਸਕਦੇ, ਚੰਗੇ ਭਰਾਵਾਂ ਅਤੇ ਭੈਣਾਂ ਉੱਤੇ, ਅਤੇ ਮੇਰੇ ਕਲੀਸਿਯਾ ਅਤੇ ਹਰ ਚੀਜ਼ ਉੱਤੇ, ਅਤੇ ਹੋਰ ਚੰਗੀਆਂ ਕਲੀਸਿਯਾਵਾਂ ਉੱਤੇ, ਅਤੇ ਭਰਾਵਾਂ ਉੱਤੇ, ਹਰ ਥਾਂ।

318 ਹੁਣ, ਮੈਂ ਉੱਥੇ ਦੀ ਕਲੀਸਿਯਾ ਤੋਂ ਦੂਰ ਨਹੀਂ ਰਹਿ ਸਕਦਾ। ਕੋਈ ਕਹਿੰਦਾ ਹੈ, "ਅੱਛਾ, ਤੁਸੀਂ ਉਨ੍ਹਾਂ ਲੋਕਾਂ ਦੇ ਨਾਲ ਬਾਹਰ ਕਿਉਂ ਜਾਂਦੇ ਹੋ, ਤ੍ਰਿਏਕਵਾਦੀਆਂ ਨਾਲ, *ਇਹ* ਸਭ, *ਉਹ*, ਅਤੇ ਹੋਰਾਂ ਨਾਲ, ਅਤੇ ਏਕਤਾਵਾਦੀ, ਅਤੇ ਯਿਸੂ ਨਾਮ, ਅਤੇ ਇਹ ਸਾਰੀਆਂ ਹੋਰ ਚੀਜ਼ਾਂ ਜੋ ਉੱਥੇ ਹਨ? ਤੁਸੀਂ ਉਨ੍ਹਾਂ ਨਾਲ ਰਲਦੇ, ਹੀ ਕਿਉਂ ਹੋ?" ਉਹ ਮੇਰੇ ਹਨ। ਕੋਈ ਫਰਕ ਨਹੀਂ ਪੈਂਦਾ ਕਿ ਉਨ੍ਹਾਂ ਨੇ ਕੀ ਕੀਤਾ ਹੈ, ਉਹ ਮੇਰੇ ਹਨ। ਉਹ ਮੇਰੇ ਮੰਚ ਹਨ।

319 ਜਦੋਂ ਇਜ਼ਰਾਈਲ ਨੇ ਇੰਨੀ ਬੁਰਾਈ ਕੀਤੀ ਸੀ, ਇੱਥੋਂ ਤੱਕ ਪਰਮੇਸ਼ੁਰ ਨੇ ਮੂਸਾ ਨੂੰ ਕਿਹਾ, "ਆਪਣੇ ਆਪ ਨੂੰ ਵੱਖ ਕਰ। ਮੈਂ ਇੱਕ ਨਵੀਂ—ਨਵੀਂ ਗੋਤ ਸ਼ੁਰੂ ਕਰਾਂਗਾ।"

320 ਮੂਸਾ ਨੇ ਆਪਣੇ ਆਪ ਨੂੰ ਰਾਹ ਵਿੱਚ ਸੁੱਟ ਦਿੱਤਾ, ਕਿਹਾ, "ਇਸ ਤੋਂ ਪਹਿਲਾਂ ਕਿ ਤੁਸੀਂ ਉਨ੍ਹਾਂ ਨੂੰ ਲੈ ਜਾਓ, ਮੈਨੂੰ ਲੈ ਜਾਓ।"

321 ਕੋਈ ਫਰਕ ਨਹੀਂ ਪੈਂਦਾ ਕਿ ਉਨ੍ਹਾਂ ਨੇ ਕੀ ਕੀਤਾ ਸੀ, ਮੈਨੂੰ ਉਨ੍ਹਾਂ ਲਈ ਹੀ ਭੇਜਿਆ ਗਿਆ ਸੀ। ਉਹ ਇੱਕ ਰੋਸ਼ਨੀ ਭੇਜਦਾ ਹੈ, ਜਿੱਥੇ ਰੋਸ਼ਨੀ ਹੈ ਉੱਥੇ ਚਮਕਣ ਲਈ ਨਹੀਂ। ਜਿੱਥੇ ਹਨੇਰਾ ਹੈ, ਉੱਥੇ ਹੀ ਰੌਸ਼ਨੀ ਦੀ ਲੋੜ ਹੈ। ਅਤੇ ਤੁਹਾਨੂੰ ਲੋਕਾਂ ਨਾਲ ਜੁੜਨਾ ਪਵੇਗਾ। ਤੁਹਾਨੂੰ ਉਨ੍ਹਾਂ ਦੇ ਨਾਲ ਖੜ੍ਹਨਾ ਪਏਗਾ, ਪਰਵਾਹ ਕੀਤੇ ਬਿਨਾਂ, ਕਿ ਤੁਸੀਂ ਉਨ੍ਹਾਂ ਦੀ ਗਲਤੀ ਵਿੱਚ ਹੋ।

322 ਇਜ਼ਰਾਈਲ ਇੰਨਾ ਗਲਤ ਸੀ ਜਿੰਨਾ ਗਲਤ ਹੋ ਸਕਦਾ ਸੀ। ਉਹ ਇੰਨੇ ਗਲਤ ਸਨ ਇੱਥੋਂ ਤੱਕ ਕਿ ਪਰਮੇਸ਼ੁਰ ਉਨ੍ਹਾਂ ਨੂੰ ਤਿਆਗ ਦਿੰਦਾ। ਪਰ, ਮੂਸਾ, ਮੈਂ ਹਮੇਸ਼ਾ ਸੋਚਦਾ ਰਿਹਾ ਹਾਂ ਕਿ ਇਹ ਕਿਵੇਂ ਆਉਂਦਾ ਹੈ, ਪਰ ਮੂਸਾ ਵਿੱਚ ਮਸੀਹ ਦੀ ਆਤਮਾ ਸੀ। ਸਮਝੇ?

323 ਦੇਖੋ, ਅਸੀਂ ਸਾਰੇ ਗਲਤ ਹਾਂ। ਜਦੋਂ ਅਸੀਂ ਆਪਣੀ ਗਲਤੀ ਵਿੱਚ ਸੀ ਤਾਂ ਉਹ ਸਾਡੇ ਸਾਰਿਆਂ ਲਈ ਖੜ੍ਹਾ ਸੀ।

324 ਭਾਵੇਂ ਉਹ ਕਿੰਨੇ ਵੀ ਗਲਤ ਹਨ, ਆਓ ਆਪਣੇ ਆਪ ਨੂੰ ਕਿਸੇ ਵੀ ਚੀਜ਼ ਤੋਂ ਨਾ ਛੇਕੀਏ ਅਤੇ ਨਾ ਵੱਖ ਕਰੀਏ। ਜਿੰਨਾ ਚਿਰ ਅਸੀਂ ਇੱਕ ਪ੍ਰਾਣ ਨੂੰ ਜਿੱਤ ਸਕਦੇ ਹਾਂ, ਆਓ ਅਸੀਂ ਨਾਲ ਚੱਲੀਏ "ਸੱਪ ਵਰਗੇ ਹੁਸ਼ਿਆਰ, ਕਬੂਤਰ ਜਿਹੇ ਭੋਲੇ," ਸਮਝੇ, ਅਤੇ ਹਰੇਕ ਪ੍ਰਾਣ ਨੂੰ ਜਿੱਤਣ ਦੀ ਕੋਸ਼ਿਸ਼ ਕਰੀਏ ਜੋ ਅਸੀਂ ਕਰ ਸਕਦੇ ਹਾਂ।

325 ਹੁਣ, ਇਹ ਉਹ ਹੈ ਜੋ ਮੈਂ ਅੱਜ ਸਵੇਰੇ ਕਹਿ ਰਿਹਾ ਹਾਂ, ਭੋਜਨ ਜਮਾਂ ਕਰ ਰਿਹਾ ਹਾਂ। ਭੋਜਨ ਜਮਾਂ ਕਰਨਾ, ਤਾਂ ਜੋ ਤੁਹਾਡੇ ਕੋਲ ਖਾਣ ਲਈ ਕੁਝ ਹੋਵੇ, ਤਾਂ ਜੋ ਤੁਹਾਡੇ ਕੋਲ ਖਾਣ ਲਈ ਕੁਝ ਹੋਵੇ। ਇਸਨੂੰ ਆਪਣੀਆਂ ਟੇਪਾਂ ਤੇ ਜਮਾਂ ਕਰੋ। ਕਮਰੇ ਦੀ ਠੰਡਕ ਵਿੱਚ ਰੱਖੋ। ਹੋ ਸਕਦਾ ਹੈ, ਜਦੋਂ ਮੈਂ ਬਹੁਤ ਦੂਰ ਹੋਵਾਂ,

ਤੁਹਾਨੂੰ ਤਦ ਵੀ ਯਾਦ ਹੋਵੇਗਾ ਕਿ ਇਹ ਗੱਲਾਂ ਸੱਚ ਹਨ। ਆਪਣੇ ਕਮਰੇ ਵਿੱਚ ਬੈਠ ਕੇ ਸੁਣੋ। ਸਮਝੇ? ਅਤੇ ਇਹ ਭੋਜਨ ਹੈ, ਭੰਡਾਰ ਵਿੱਚ, ਜਮਾਂ ਹੋ ਰਿਹਾ ਹੈ। ਮੈਨੂੰ ਨਹੀਂ ਪਤਾ ਕਿ ਯਾਤਰਾ ਕਿੱਥੇ ਹੈ, ਪਰ, ਜਿੱਥੇ ਵੀ ਇਹ ਹੈ, ਉਹ ਜਾਣਦਾ ਹੈ ਕਿ ਉਹ ਕਿੱਥੇ ਅਗਵਾਈ ਕਰ ਰਿਹਾ ਹੈ; ਮੈਂ ਨਹੀਂ, ਮੈਂ ਸਿਰਫ਼ ਪਿੱਛੇ ਜਾਂਦਾ ਹਾਂ।

326 ਹੁਣ, ਹੁਣ ਉਹ ਇੱਥੇ ਕੀ ਕਹਿੰਦਾ ਹੈ? ਧਿਆਨ ਨਾਲ ਸੁਣੋ।

> *ਮੁਕਦੀ ਗੱਲ, ਮੇਰੇ ਭਰਾਵੋ, ਪ੍ਰਭੂ ਵਿੱਚ ਅਤੇ ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ ਹੋਵੋ।*
>
> *...ਉਹ ਦੀ ਸ਼ਕਤੀ...ਦੇ ਪਰਾਕਰਮ ਵਿੱਚ ਤਕੜੇ ਹੋਵੋ।*
>
> *ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸਤ੍ਰ ਧਾਰੋ, ਤਾਂ ਜੋ ਤੁਸੀਂ ਸ਼ਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ ਖਲੋ ਸੱਕੋ।*
>
> *ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ,...*
>
> ਗੋਲੀ ਚਲਾਉਣਾ ਅਤੇ ਚਾਕੂਆਂ ਨਾਲ ਕੱਟਣਾ, ਦੇਖੋ, ਅਜਿਹਾ ਨਹੀਂ ਹੈ।
>
> *...ਸਗੋਂ ਇਖ਼ਤਿਆਰਾਂ, ਹਕੂਮਤਾਂ, ਅਤੇ ਅੰਧਘੋਰ ਦੇ ਮਹਾਰਾਜਿਆਂ ਅਤੇ...ਇਸ ਜਗਤ ਦੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ,...*

327 "ਅੰਧਘੋਰ ਦੇ ਮਹਾਰਾਜੇ।" ਜਗਤ ਉੱਤੇ ਕੌਣ ਰਾਜ ਕਰਦਾ ਹੈ? ਸ਼ੈਤਾਨ। ਯਕੀਨਨ। ਇਹ ਸਭ ਕੁਝ ਕੌਣ ਚੱਲਾ ਰਿਹਾ ਹੈ, ਇਹ ਸਾਰੀਆਂ ਭ੍ਰਿਸ਼ਟ ਚੀਜਾਂ, ਜੋ ਇਧਰ-ਉਧਰ ਚੱਲ ਰਹੀਆਂ ਹਨ, ਅਤੇ ਇਹ ਸਰਕਾਰਾਂ, ਆਦਿ? ਇਹ ਸਭ ਸ਼ੈਤਾਨ ਹੈ। ਬਾਈਬਲ ਨੇ ਅਜਿਹਾ ਕਿਹਾ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਸ਼ੈਤਾਨ ਨਿਯੰਤਰਣ ਕਰਦਾ ਹੈ। ਸ਼ੈਤਾਨ ਨੇ ਜਰਮਨੀ ਨੂੰ ਨਿਯੰਤਰਿਤ ਕੀਤਾ। ਸ਼ੈਤਾਨ ਦੁਨੀਆਂ ਦੇ ਹਰ ਦੇਸ਼ ਨੂੰ ਨਿਯੰਤਰਿਤ ਕਰਦਾ ਹੈ। ਮੈਂ ਇਸ ਤੇ ਆ ਰਿਹਾ ਹਾਂ, ਬਸ ਕੁਝ ਮਿੰਟਾਂ ਵਿੱਚ, ਅਤੇ ਅਸੀਂ ਪਤਾ ਲਗਾਵਾਂਗੇ ਕਿ ਉਹ ਕਰਦਾ ਹੈ, ਜਾਂ ਨਹੀਂ। ਕੀ...ਹਰ ਰਾਜ ਜੋ ਕਦੇ ਵੀ ਸੀ ਅਤੇ ਜੋ ਕਦੇ ਹੋਵੇਗਾ, ਜਦੋਂ ਤੱਕ ਪਰਮੇਸ਼ੁਰ ਆਪਣਾ ਰਾਜ ਸਥਾਪਤ ਨਹੀਂ ਕਰਦਾ, ਸ਼ੈਤਾਨ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ।

328 ਹੁਣ, ਮੇਰਾ ਮਤਲਬ ਇਹ ਨਹੀਂ ਕਿ ਇਸ ਵਿੱਚ ਹਰ ਕੋਈ ਸ਼ੈਤਾਨ ਹੈ। ਇੱਥੇ ਸਰਕਾਰੀ ਦਫ਼ਤਰਾਂ ਵਿੱਚ—ਵਿੱਚ ਧਰਮੀ ਪੁਰਸ਼ ਹਨ।

329 ਕੁਝ ਰਾਤਾਂ ਵਿੱਚ, ਬਿਲਕੁਲ ਇੱਥੇ, ਇੱਥੇ ਇੱਕ ਹੋਣ ਜਾ ਰਿਹਾ ਹੈ, ਇੱਥੇ ਭਾਈ ਆਰਗਨਬ੍ਰਾਈਟ ਨਾਲ ਇੱਕ ਤਸਵੀਰ ਦਿਖਾਉਣ ਲਈ, ਇੱਥੇ ਇਸ

ਜਗ੍ਹਾ ਤੇ। ਉਹ ਲਗਭਗ ਪੰਜ ਵੱਖ-ਵੱਖ ਰਾਸ਼ਟਰਪਤੀਆਂ ਲਈ ਰਾਜਦੂਤ ਰਿਹਾ ਹੈ, ਭਾਈ ਰੋਵ। ਅਤੇ ਉਹ ਇੱਕ...ਉਹ ਇੱਥੇ ਹੋਵੇਗਾ, ਮੈਨੂੰ ਲਗਦਾ ਹੈ ਕਿ ਅਪ੍ਰੈਲ ਦੇ ਦੂਜੇ ਹਫ਼ਤੇ ਵਿੱਚ। ਭਾਈ ਨੇਵਿਲ ਇਸ ਦਾ ਐਲਾਨ ਕਰਨਗੇ। ਅਤੇ ਉਹ ਇੱਕ ਸ਼ਾਨਦਾਰ ਆਦਮੀ ਹੈ।

330 ਉਸਨੇ ਕਿਹਾ ਕਿ ਉਹ ਅੱਠ ਵੱਖ-ਵੱਖ ਭਾਸ਼ਾਵਾਂ ਵਿੱਚ ਬੋਲ ਸਕਦਾ ਹੈ, ਮੈਨੂੰ ਯਕੀਨ ਹੈ। ਪਰ ਜਦੋਂ ਉਸ ਨੇ ਪਵਿੱਤਰ ਆਤਮਾ ਪਾਇਆ, ਉਸਦੇ ਕੋਲ ਕੋਈ ਭਾਸ਼ਾ ਨਹੀਂ ਸੀ ਜਿਸ ਨਾਲ ਉਹ ਪ੍ਰਭੂ ਨਾਲ ਗੱਲ ਕਰ ਸਕਦਾ, ਇਸ ਲਈ ਪ੍ਰਭੂ ਨੇ ਉਸਨੂੰ ਇੱਕ ਦਿੱਤੀ, ਉਸਨੇ ਕਿਹਾ, ਇਸ ਲਈ ਕਿ ਉਹ ਉਸ ਨਾਲ ਪ੍ਰਭੂ ਨਾਲ ਗੱਲ ਕਰ ਸਕੇ। ਉਸਨੂੰ ਇੱਕ ਨਵੀਂ ਦੇ ਦਿੱਤੀ, ਜਿਸਦਾ ਉਸਨੇ ਕਦੇ ਅਭਿਆਸ ਨਹੀਂ ਕੀਤਾ ਸੀ। ਠੀਕ ਹੈ।

*...ਆਤਮਿਕ ਬੁਰਾਈ ਜੋ ਉੱਚੀਆਂ ਥਾਂਵਾਂ ਤੇ ਹੈ।*

*ਇਸ ਕਾਰਨ...*

331 ਹੁਣ ਸੁਣੋ, ਤੁਸੀਂ ਸਾਰੇ ਸਿਪਾਹੀਓ, ਇਸ ਤੋਂ ਪਹਿਲਾਂ ਕਿ ਅਸੀਂ ਪ੍ਰਾਰਥਨਾ ਦੀ ਕਤਾਰ ਸ਼ੁਰੂ ਕਰੀਏ।

*...ਤੁਸੀਂ ਪਰਮੇਸ਼ੁਰ ਦੇ...ਤੁਸੀਂ ਪਰਮੇਸ਼ੁਰ ਦੇ* (ਸਾ-ਰੇ) *ਸਾਰੇ...* (ਸਿਰਫ਼ ਇਸ ਦਾ ਕੁਝ ਹਿੱਸਾ ਨਹੀਂ)*...ਸਾਰੇ ਸ਼ਸ਼ਤ੍ਰ ਬਸ਼ਤ੍ਰ ਲੈ ਲਵੋ, ਭਈ ਤੁਸੀਂ ਬੁਰੇ ਦਿਨ ਵਿੱਚ ਸਾਹਮਣਾ ਕਰ ਸੱਕੋ,...*

ਇਹ ਉਹ ਦਿਨ ਹੈ ਜਿਸ ਵਿੱਚ ਅਸੀਂ ਰਹਿ ਰਹੇ ਹਾਂ।

*...ਅਤੇ ਸੱਭੋ ਕੁਝ ਮੁਕਾ ਕੇ, ਖਲੋ ਸੱਕੋ।*

*ਖਲੋ ਸੱਕੋ...*

332 ਆਮੀਨ। ਇਹ ਸਮਝੇ? ਦੇਖੋ, ਪਿਆਰੀ? ਜਦੋਂ ਤੁਸੀਂ ਉਹ ਸਭ ਕੁਝ ਕਰ ਲੈਂਦੇ ਹੋ ਜੋ ਤੁਸੀਂ ਕਰ ਸਕਦੇ ਹੋ, ਖੜ੍ਹੇ ਹੋਣ ਲਈ, ਫਿਰ ਖੜ੍ਹੇ ਹੋਵੋ। ਹਿੱਲੋ ਨਾ।

*ਇਸ ਲਈ ਖਲੋ ਜਾਓ, ਆਪਣੀ ਕਮਰ ਕੱਸ ਕੇ...*

333 ਇਸ ਨੂੰ ਸੁਣੋ। ਇੱਥੇ ਸੁਣੋ, ਇਹ ਕੀ ਹੈ। "ਆਪਣੀ ਕਮਰ।" ਇਹ ਤੁਹਾਡਾ ਵਿਚਕਾਰਲਾ ਹਿੱਸਾ ਹੈ, *ਇੱਥੇ*, ਦੇਖੋ।

*...ਸਚਿਆਈ ਨਾਲ ਕੱਸ ਕੇ,...*

334 ਸਚਿਆਈ ਕੀ ਹੈ? ਪਰਮੇਸ਼ੁਰ ਦਾ ਵਚਨ। ਇਹ ਠੀਕ ਹੈ। "ਤੇਰਾ ਵਚਨ ਸਚਿਆਈ ਹੈ।" ਠੀਕ ਹੈ।

*...ਅਤੇ ਧਰਮ ਦੀ ਸੰਜੋ ਪਹਿਨ ਕੇ;*

335 ਜਿਸਦਾ ਅਰਥ ਹੈ, "ਜੋ ਸਹੀ ਹੈ ਉਹ ਕਰੋ।" ਤੁਹਾਡੇ ਵਿੱਚ ਪਰਮੇਸ਼ੁਰ ਦਾ ਵਚਨ ਹੈ, ਉਹ ਕਰਨ ਲਈ ਜੋ ਸਹੀ ਹੈ। "ਧਰਮ ਦੀ ਸੰਜੋ।"

*ਅਤੇ ਮਿਲਾਪ ਦੀ ਖੁਸ਼ ਖਬਰੀ ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀਂ ਪਾ ਕੇ:*

336 ਕਿਤੇ ਵੀ, ਕਿਸੇ ਵੀ ਥਾਂ, ਕਿਸੇ ਵੀ ਸਮੇਂ, ਇੰਜੀਲ ਦੇ ਨਾਲ ਪੈਰਾਂ ਤੇ ਖਲੋ ਜਾਓ। ਸਮਝੇ? ਅਤੇ ਦੇਖੋ:

*ਓਹਨਾਂ ਸਭਨਾਂ ਸਣੇ,* ਸਭ ਤੋਂ ਉੱਪਰ, *ਨਿਹਚਾ ਦੀ ਢਾਲ ਲਓ,...*

337 ਇਹ ਉਹ ਹੈ ਜੋ ਬਾਣਾਂ ਨੂੰ ਤੋੜ੍ਹਦਾ ਹੈ, ਵੇਖੋ, "ਨਿਹਚਾ ਦੀ ਢਾਲ।"

*...ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ।*

*ਅਤੇ ਮੁਕਤੀ ਦਾ ਟੋਪ ਲਵੋ,...*

338 ਇਹ ਪ੍ਰਾਣ ਹੈ...ਦਿਮਾਗ—ਦਿਮਾਗ, *ਇੱਥੇ*, ਸਿਰ ਵਿੱਚ; ਸਿਰ ਨੂੰ ਢੱਕਣ ਲਈ।

*...ਅਤੇ—ਅਤੇ ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ:*

339 ਤੁਸੀਂ ਇਸ ਟੋਪ ਨੂੰ ਕਿਵੇਂ ਲੈਣ ਜਾ ਰਹੇ ਹੋ, ਇਹ ਕੀ ਕਰਦਾ ਹੈ? ਇਹ ਇੱਕ ਸੁਰੱਖਿਆ ਹੈ। ਇੱਕ ਟੋਪ ਕਿਸ ਤੋਂ ਬਣਦਾ ਹੈ? ਪਿੱਤਲ ਤੋਂ। ਪਿੱਤਲ ਵਿੱਚ ਮਿਲਾਵਟ ਨਹੀਂ ਕੀਤੀ ਜਾ ਸਕਦੀ; ਸਖ਼ਤ, ਲੋਹੇ ਨਾਲੋਂ ਵੀ ਸਖ਼ਤ। ਇੱਕ ਪਿੱਤਲ ਦਾ ਟੋਪ, (ਕਿਸ ਦਾ?) ਮੁਕਤੀ ਦਾ, ਇਹ ਜਾਣਨ ਦਾ ਗਿਆਨ, "ਅਤੇ ਮੇਰੀ ਚੰਗਾਈ ਪਰਮੇਸ਼ੁਰ ਵੱਲੋਂ ਆਉਂਦੀ ਹੈ। ਮੇਰੀ ਮੁਕਤੀ ਪਰਮੇਸ਼ੁਰ ਵੱਲੋਂ ਆਉਂਦੀ ਹੈ। ਮੇਰਾ ਅਨੁਭਵ ਉਸਦੇ ਵਚਨ ਨਾਲ ਮੇਲ ਖਾਂਦਾ ਹੈ, ਗਿਰਜਿਆਂ ਦੇ ਵਿਚਾਰ ਨਾਲ ਨਹੀਂ; ਵਚਨ ਨਾਲ!" ਆਮੀਨ। ਉਥੇ ਤੁਸੀਂ ਹੋ। ਇੱਕ ਸੁਰੱਖਿਆ, ਮੁਕਤੀ ਦੇ ਟੋਪ, ਛੁਟਕਾਰੇ ਨਾਲ ਢੱਕੇ ਹੋਏ ਹੋ। ਇਸਨੂੰ ਲਓ, ਫਿਰ ਅੱਗੇ ਵਧੋ। ਔਹ, ਹੁਣ, ਹੁਣ ਇਹ ਉਹੀ ਹੈ ਜੋ ਸਾਨੂੰ ਕਰਨਾ ਚਾਹੀਦਾ ਹੈ। ਸ਼ੈਤਾਨ ਦੀ ਫੌਜ...

340 ਹੁਣ ਦੇਖੋ, ਹੁਣ, ਅਸੀਂ...ਮੈਨੂੰ ਹੁਣ ਜਲਦਬਾਜ਼ੀ ਕਰਨੀ ਪਏਗੀ, ਪਰ ਮੈਂ—ਮੈਂ ਇਸ ਨੂੰ ਪੂਰਾ ਕਰਨਾ ਹੈ।

341 ਸ਼ਤਾਨ ਦੀ ਫ਼ੌਜ ਬੀਮਾਰੀਆਂ ਲਿਆਉਂਦੀ ਹੈ। ਸ਼ੈਤਾਨ ਇਹੋ ਕੁਝ ਹੈ, ਉਹ ਇੱਕ ਵਿਨਾਸ਼ਕਾਰੀ ਹੈ। ਸ਼ੈਤਾਨ, ਸ਼ੈਤਾਨ ਦਾ ਸਾਰਾ ਰਾਜ, ਬਿਮਾਰੀ, ਮੌਤ, ਅਤੇ ਗਮ, ਅਤੇ ਪਰੇਸ਼ਾਨੀ, ਅਤੇ ਚਿੰਤਾ ਹੈ, ਸਭ ਸ਼ੈਤਾਨ ਉੱਤੇ ਹੈ।

ਪਰਮੇਸ਼ੁਰ ਜੀਵਨ ਹੈ, *ਇੱਥੇ* ਵਿਸ਼ਵਾਸ, ਆਨੰਦ, ਸ਼ਾਂਤੀ ਹੈ। ਸਮਝੇ?

342 ਹੁਣ, ਇਹ ਉਹ ਦੋ ਮਹਾਨ ਸ਼ਕਤੀਆਂ ਹਨ ਜੋ ਇਸ ਸਮੇਂ ਇਕੱਠੀਆਂ ਹੋ ਰਹੀਆਂ ਹਨ। ਉਹ ਲੜ ਰਹੇ ਹਨ। ਉਹ ਇਸ ਸਮੇਂ ਇਸ ਇਮਾਰਤ ਵਿੱਚ ਜੂਝ ਰਹੇ ਹਨ। ਉਹ ਲੜਦੇ ਹਨ, ਦਿਨ-ਬ-ਦਿਨ, ਤੁਹਾਡੇ ਨਾਲ, ਹਰੇਕ ਤਾਕਤ।

343 ਸ਼ੈਤਾਨ, ਤੁਹਾਡਾ ਪਿੱਛਾ ਕਰ ਰਿਹਾ ਹੈ, ਉਹ ਵੱਡਾ, ਭਾਰਾ, ਸ਼ਾਹੀ, ਜਾਜਕ ਗੋਲਿਅਥ ਤੁਹਾਨੂੰ ਡਰਾ ਕੇ ਤੁਹਾਡਾ ਜਿਗਰ ਬਾਹਰ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਸਹੀ ਹੈ, ਪਰ ਪਰਮੇਸ਼ੁਰ…

344 ਤੁਹਾਡੀ ਕਿਲੇਬੰਦੀ ਕੀਤੀ ਗਈ ਹੈ, ਆਮੀਨ, ਇੰਜੀਲ ਦੇ ਨਾਲ, ਤੁਹਾਡੀ ਕਮਰ ਦੇ ਆਲੇ ਦੁਆਲੇ ਸੱਚਾਈ ਦੇ ਵਚਨ ਨਾਲ। ਮਹਿਮਾ! ਪ੍ਰਚਾਰਕ, ਇਹ ਉਹੀ ਹੈ। ਮੁਕਤੀ ਦਾ ਟੋਪ; ਨਿਹਚਾ ਦੀ ਢਾਲ; ਅਤੇ ਤਲਵਾਰ, ਇਸ ਨੂੰ ਆਪਣੇ ਹੱਥ ਵਿੱਚ ਲਹਿਰਾ ਰਹੇ ਹੋ! "ਸ਼ੈਤਾਨ, ਮੈਂ ਤੇਰੇ ਕੋਲ ਆ ਰਿਹਾ ਹਾਂ। ਤੂੰ ਮੇਰੇ ਕੋਲ ਵਿਗਿਆਨ ਦੇ ਨਾਮ ਤੇ ਆਉਂਦਾ ਹੈਂ। ਤੂੰ ਮੇਰੇ ਕੋਲ ਸਭਿਆਚਾਰ ਦੇ— ਦੇ ਨਾਮ ਤੇ ਆਉਂਦਾ ਹੈਂ। ਤੂੰ ਮੇਰੇ ਕੋਲ ਸੰਸਥਾ ਦੇ ਨਾਂ ਤੇ ਆਉਂਦਾ ਹੈਂ। ਤੂੰ ਮੇਰੇ ਕੋਲ *ਇਸ*, *ਉਸ*, ਜਾਂ ਹੋਰ ਕਿਸੇ ਨਾਮ ਤੇ ਆਉਂਦਾ ਹੈਂ। ਪਰ ਮੈਂ ਤੇਰੇ ਕੋਲ ਇਸਰਾਏਲ ਦੇ ਯਹੋਵਾਹ ਪਰਮੇਸ਼ੁਰ ਦੇ ਨਾਮ ਵਿੱਚ ਆਉਂਦਾ ਹਾਂ। ਮੈਂ ਤੇਰੇ ਮਗਰ ਆ ਰਿਹਾ ਹਾਂ। ਰਾਹ ਦੇ!" ਇੱਥੋਂ ਤੱਕ ਕਿ ਮੌਤ ਵੀ ਉੱਥੇ ਖੜ੍ਹੀ ਨਹੀਂ ਹੋ ਸਕਦੀ। ਬਿਲਕੁਲ ਇਸਦੇ ਵਿੱਚੋਂ ਦੀ ਇੱਕ ਮੋਰੀ ਕਰ ਦਿਆਂਗਾ। ਇਹ ਠੀਕ ਹੈ।

345 ਸ਼ੈਤਾਨ ਦੀ ਫ਼ੌਜ ਬੀਮਾਰੀਆਂ ਲਿਆਉਂਦੀ ਹੈ, ਅਤੇ ਪਰਮੇਸ਼ੁਰ ਦੀ ਫ਼ੌਜ ਨੂੰ ਉਨ੍ਹਾਂ ਨੂੰ ਬਾਹਰ ਕੱਢਣ ਦਾ ਕੰਮ ਸੌਂਪਿਆ ਗਿਆ ਹੈ। ਆਮੀਨ। ਉਥੇ ਤੁਸੀਂ ਹੋ। ਹਰ ਵਾਰ ਜਦੋਂ ਸ਼ੈਤਾਨ ਤੁਹਾਡੇ ਉੱਤੇ, ਕੋਈ ਬੀਮਾਰੀ ਸੁੱਟਦਾ ਹੈ, ਤਾਂ ਉਸ ਨੂੰ ਬਾਹਰ ਕੱਢਣ ਲਈ ਪਰਮੇਸ਼ੁਰ ਦੀ ਫ਼ੌਜ ਹੈ। ਆਮੀਨ। ਬਾਹਰ ਸੁੱਟਣ ਲਈ!

346 ਇਹ ਉਹੀ ਤਕਨੀਕ ਹੈ ਜੋ ਪਰਮੇਸ਼ੁਰ ਵਰਤਦਾ ਹੈ। ਸ਼ੈਤਾਨ ਨੇ ਵਿਨਾਸ਼ ਦੀ ਫੌਜ ਦੀ ਵਰਤੋਂ ਕੀਤੀ, ਪਰਮੇਸ਼ੁਰ ਦੇ ਵਚਨ ਤੇ ਅਵਿਸ਼ਵਾਸ ਕਰਨ ਲਈ, ਅਤੇ ਆਪਣੇ ਲਈ ਮੀਕਾਏਲ ਨਾਲੋਂ ਬਿਹਤਰ ਰਾਜ ਸਥਾਪਿਤ ਕਰਨ ਲਈ, ਅਤੇ ਪਰਮੇਸ਼ੁਰ ਨੇ ਉਸਨੂੰ ਬਾਹਰ ਕੱਢ ਦਿੱਤਾ।

347 ਪਰਮੇਸ਼ੁਰ ਦਾ ਤਰੀਕਾ, ਹੈ, ਬੁਰਾਈ ਨੂੰ ਬਾਹਰ ਕੱਢਣਾ। ਤਰਕ ਨੂੰ ਹੇਠਾਂ ਸੁੱਟਣਾ। ਅੰਧਵਿਸ਼ਵਾਸਾਂ ਨੂੰ ਦੂਰ ਕਰਨਾ। ਚਿੰਤਾ ਨੂੰ ਬਾਹਰ ਕੱਢਣਾ। ਬਿਮਾਰੀਆਂ ਨੂੰ ਬਾਹਰ ਕੱਢਣਾ। ਪਾਪ ਨੂੰ ਬਾਹਰ ਕੱਢਣਾ। ਆਮੀਨ। ਤੁਸੀਂ ਇਸ ਤੋਂ ਉੱਪਰ ਹੋ, ਮਸੀਹ ਯਿਸੂ ਵਿੱਚ ਜੀ ਉਠਾਏ ਗਏ, ਸਵਰਗੀ ਸਥਾਨਾਂ

ਵਿੱਚ ਬੈਠੇ ਹੋ, ਹਰੇਕ ਸ਼ੈਤਾਨ ਤੁਹਾਡੇ ਪੈਰਾਂ ਹੇਠ ਹੈ। ਜੇ ਉਹ ਉੱਥੇ ਆਪਣਾ ਸਿਰ ਉਸ ਵਿੱਚ ਫਸਾਉਣਾ ਸ਼ੁਰੂ ਕਰਦਾ ਹੈ, ਤਾਂ ਕੀ…

348 ਤੁਸੀਂ ਜਾਣਦੇ ਹੋ, ਤੁਸੀਂ ਮਰੇ ਹੋਏ ਹੋ। ਤੁਹਾਡਾ ਜੀਵਨ ਲੁਕਿਆ ਹੋਇਆ ਹੈ। *ਮਰਿਆ* ਕੀ ਹੈ? ਤੁਸੀਂ ਆਪਣੀਆਂ ਇੰਦਰੀਆਂ ਲਈ ਮਰ ਚੁੱਕੇ ਹੋ। ਤੁਸੀਂ ਆਪਣੇ ਅੰਤਹਕਰਣ ਲਈ ਮਰ ਚੁੱਕੇ ਹੋ। ਤੁਹਾਡਾ ਆਪਣਾ ਮਨੁੱਖ ਕਹੇਗਾ, “ਹਾਂ, ਮੇਰਾ ਅੰਦਾਜ਼ਾ ਹੈ ਕਿ ਮੈਂ…” ਆਪਣੇ ਤਰਕ ਲਈ ਮਰਿਆ ਹੋਇਆ ਹੈ। ਉਨ੍ਹਾਂ ਸਾਰੀਆਂ ਚੀਜ਼ਾਂ ਲਈ ਮਰੇ ਹੋਏ ਹੋ। ਅਤੇ ਤੁਹਾਨੂੰ ਯਿਸੂ ਮਸੀਹ ਦੇ ਨਾਮ ਵਿੱਚ ਦਫ਼ਨਾਇਆ ਗਿਆ ਹੈ; ਅਤੇ ਉਸ ਦੇ ਨਾਲ ਉਠਾਇਆ ਗਿਆ ਹੈ। ਅਤੇ ਜਿੱਥੇ ਵੀ ਉਹ ਹੈ, ਉੱਥੇ ਤੁਸੀਂ ਵੀ ਹੋ।

349 ਕੀ ਹੋਇਆ ਜਦੋਂ ਉਹ, ਉਨ੍ਹਾਂ ਵਿੱਚੋਂ ਇੱਕ ਸ਼ੱਕੀ, ਸਵਰਗ ਵਿੱਚ ਗਿਆ? ਪਰਮੇਸ਼ੁਰ ਨੇ ਉਸਨੂੰ ਬਾਹਰ ਕੱਢ ਦਿੱਤਾ। ਅਤੇ ਉਸਨੇ ਉਨ੍ਹਾਂ ਸਿਪਾਹੀਆਂ ਨੂੰ ਕੀ ਕਿਹਾ ਜੋ ਮਸੀਹ ਵਿੱਚ ਜਿਉਂਦੇ ਕੀਤੇ ਗਏ ਹਨ? “ਜਦੋਂ ਕੋਈ ਸ਼ੈਤਾਨ ਆਉਂਦਾ ਹੈ, ਤਾਂ ਉਸਨੂੰ ਠੁੱਢ ਮਾਰ ਕੇ ਬਾਹਰ ਕੱਢ ਦਿਓ। ਉਸਨੂੰ ਬਾਹਰ ਕੱਢ ਦਿਓ।” ਜਦੋਂ ਯਿਸੂ ਨੇ ਆਪਣੀ ਫੌਜ ਨੂੰ ਸਿਖਲਾਈ ਦਿੱਤੀ, ਅਤੇ ਉਹਨਾਂ ਨੂੰ ਜਗਤ ਦੇ ਅੰਤ ਤੱਕ ਨਿਯੁਕਤ ਕੀਤਾ, “ਤੁਸੀਂ ਸਾਰੇ ਸੰਸਾਰ ਵਿੱਚ ਜਾਓ, ਹਰੇਕ ਜੀਵ ਨੂੰ ਖੁਸ਼ਖਬਰੀ ਦਾ ਪ੍ਰਚਾਰ ਕਰੋ। ਉਹ ਜਿਹੜਾ ਨਿਹਚਾ ਕਰਦਾ ਹੈ ਅਤੇ ਬਪਤਿਸਮਾ ਲਵੇਗਾ ਸੋ ਬਚਾਇਆ ਜਾਵੇਗਾ; ਉਹ ਜਿਹੜਾ ਨਿਹਚਾ ਨਹੀਂ ਕਰਦਾ ਉਸਨੂੰ ਦੋਸ਼ੀ ਠਹਿਰਾਇਆ ਜਾਵੇਗਾ। ਅਤੇ ਇਹ ਚਿੰਨ੍ਹ ਵਿਸ਼ਵਾਸੀਆਂ, ਮੇਰੇ ਸਿਪਾਹੀਆਂ ਦੇ ਨਾਲ ਹੋਣਗੇ। ਮੇਰੇ ਨਾਮ ਵਿੱਚ ਉਹ ਭੂਤਾਂ ਨੂੰ ਕੱਢਣਗੇ; ਨਵੀਆਂ ਨਵੀਆਂ ਬੋਲੀਆਂ ਬੋਲਣਗੇ; ਸੱਪਾਂ ਨੂੰ ਚੁੱਕ ਲੈਣਗੇ, ਜਾਂ ਜਹਿਰੀਲਿਆਂ ਚੀਜ਼ਾਂ ਪੀ ਲੈਣਗੇ, ਇਸ ਨਾਲ ਉਹਨਾਂ ਦਾ ਕੁਝ ਨਹੀਂ ਵਿਚਲੇਗਾ; ਜੇ ਉਹ ਆਪਣੇ ਹੱਥ ਬਿਮਾਰਾਂ ਤੇ ਰੱਖਣਗੇ, ਤਾਂ ਉਹ ਚੰਗੇ ਹੋ ਜਾਣਗੇ।”

> ਅੱਗੇ ਵੱਧੋ, ਮਸੀਹੀ ਸੈਨਿਕੋ!
> ਯੁੱਧ ਦੇ ਲਈ ਅੱਗੇ ਵੱਧੋ,
> ਯਿਸੂ ਦੀ ਸਲੀਬ ਦੇ ਨਾਲ
> ਜੋ ਅੱਗੇ ਚੱਲ ਰਹੀ ਹੈ।

350 “ਮੈਂ ਉਸਦੇ ਨਾਲ ਸਲੀਬ ਉੱਤੇ ਚੜ੍ਹਿਆ ਹੋਇਆ ਹਾਂ, ਫਿਰ ਵੀ ਮੈਂ ਜਿਉਂਦਾ ਹਾਂ; ਮੈਂ ਨਹੀਂ ਜੋ ਜੀਉਂਦਾ ਹਾਂ, ਪਰ ਉਹ ਹੈ ਜੋ ਮੇਰੇ ਵਿੱਚ ਜਿਉਂਦਾ ਹੈ।” ਵਚਨ ਅੱਗੇ ਵੱਧ ਰਿਹਾ ਹੈ, ਅੱਗੇ, ਪਰਮੇਸ਼ੁਰ ਕੱਟ ਰਿਹਾ ਹੈ, ਆਪਣੀ ਦੋ-ਧਾਰੀ ਤਿੱਖੀ ਤਲਵਾਰ ਨਾਲ।

351 ਫਿਰ, ਕੋਈ ਹੈਰਾਨੀ ਨਹੀਂ, ਜਦੋਂ ਗ੍ਰਾਂਟ ਨੇ ਰਿਚਮੰਡ ਨੂੰ ਲੈ ਲਿਆ, ਅਤੇ ਉਸ ਛੋਟੀ ਦੱਖਣੀ ਔਰਤ ਨੇ ਗ੍ਰਾਂਟ ਨੂੰ ਆਉਂਦੇ ਦੇਖਿਆ, ਪ੍ਰੇਰਨਾ ਨੇ ਉਸ ਨੂੰ ਫੜ ਲਿਆ। ਅਤੇ ਉਸਨੇ ਕਿਹਾ:

> ਮੇਰੀਆਂ ਅੱਖਾਂ ਨੇ ਪ੍ਰਭੂ ਦੇ ਆਉਣ ਦੀ ਮਹਿਮਾ ਵੇਖੀ ਹੈ;
> ਉਹ ਪੁਰਾਣੀ ਦਾਖਰਸ ਨੂੰ ਕੁਚਲ ਰਿਹਾ ਹੈ ਜਿੱਥੇ ਕ੍ਰੋਧ ਦੇ
> ਅੰਗੂਰ ਰੱਖੇ ਗਏ ਹਨ;
> ਉਹ ਆਪਣੀ ਭਿਆਨਕ ਫੁਰਤੀਲੀ ਤਲਵਾਰ ਨਾਲ
> ਨਿਆਂ ਕਰਨ ਵਾਲੀ ਬਿਜਲੀ ਛੱਡੀ ਹੈ;
> ਉਸ ਦੀਆਂ ਫ਼ੌਜਾਂ ਅੱਗੇ ਵਧ ਰਹੀਆਂ ਹਨ।

352 ਆਮੀਨ। ਗ੍ਰਾਂਟ ਨੇ ਰਿਚਮੰਡ ਨੂੰ ਕਿਵੇਂ ਲਿਆ? ਜਿਵੇਂ ਹੀ ਉਹ ਇਸ ਕੋਲ ਆਇਆ। ਆਮੀਨ। ਇਸ ਤਰ੍ਹਾਂ ਉਸ ਨੇ ਰਿਚਮੰਡ ਨੂੰ ਲੈ ਲਿਆ।

353 ਇਸ ਤਰ੍ਹਾਂ ਪਰਮੇਸ਼ੁਰ ਦੇ ਸਿਪਾਹੀ ਪਾਪ, ਬੀਮਾਰੀਆਂ ਨੂੰ ਲੈਂਦੇ ਹਨ; ਜਿਵੇਂ ਹੀ ਉਹ ਉਨ੍ਹਾਂ ਕੋਲ ਆਉਂਦੇ ਹਨ। ਆਮੀਨ। ਇਸ ਤਰ੍ਹਾਂ ਉਹ ਆਪਣੇ ਸ਼ੱਕ, ਡਰ, ਅਤੇ ਚੀਜ਼ਾਂ ਉੱਤੇ ਜਿੱਤ ਪਾਉਂਦੇ ਹਨ। ਜਦੋਂ ਇਨ੍ਹਾਂ ਵਿੱਚੋਂ ਕੋਈ ਉੱਪਰ ਉੱਠਦਾ ਹੈ, ਤਾਂ ਉਹ ਉਸਨੂੰ ਵੱਢ ਸੁੱਟਦੇ ਹਨ। "ਰਸਤੇ ਤੋਂ ਪਰ੍ਹਾਂ ਹਟੋ!" ਔਹ, ਮੇਰੇ! ਇਹ ਹੀ ਗੱਲ ਹੈ। ਪਰਮੇਸ਼ੁਰ ਉਨ੍ਹਾਂ ਨੂੰ ਬਾਹਰ ਕੱਢ ਦਿੰਦਾ ਹੈ, ਜਿਵੇਂ ਉਸਨੇ ਸਵਰਗ ਵਿੱਚ ਕੀਤਾ ਸੀ। ਸਾਡੇ ਮਹਾਨ ਮੁੱਖ ਕਪਤਾਨ ਨੇ ਸਾਨੂੰ ਦਿਖਾਇਆ ਕਿ ਇਹ ਕਿਵੇਂ ਕੀਤਾ ਜਾਂਦਾ ਹੈ। ਆਮੀਨ।

354 ਰਾਏ ਰੌਬਰਸਨ ਅਤੇ ਭਾਈ ਫੰਕ, ਤੁਹਾਡੇ ਵਿੱਚੋਂ ਬਹੁਤ ਸਾਰੇ ਪੁਰਾਣੇ ਬਜ਼ੁਰਗ ਇੱਥੇ ਹਨ, ਤੁਸੀਂ ਜਾਣਦੇ ਹੋ ਕਿ ਅਸਲ ਕਪਤਾਨ ਕੀ ਹੁੰਦਾ ਹੈ।

355 ਇੱਕ ਵਾਰ ਮੈਂ...ਇਹ ਜੇਫਰਸਨਵਿਲ ਦਾ ਛੋਟਾ ਅੱਗ ਬੁਝਾਉਣ ਵਾਲਾ ਵਿਭਾਗ ਜੋ ਇੱਥੇ ਹੈ। ਫਾਉ ਦੀ ਜਗ੍ਹਾ ਨੂੰ ਅੱਗ ਲੱਗ ਗਈ ਸੀ। ਅਤੇ ਇੱਥੇ ਜੇਫਰਸਨਵਿਲ ਦਾ ਅੱਗ ਬੁਝਾਉਣ ਵਾਲਾ ਵਿਭਾਗ ਹੇਠਾਂ ਖੜ੍ਹਾ ਸੀ, ਅਤੇ ਕਪਤਾਨ ਆਲੇ ਦੁਆਲੇ ਘੁੰਮ ਰਿਹਾ ਸੀ, ਕਿਹਾ, "*ਇੱਥੇ* ਥੋੜ੍ਹਾ ਜਿਹਾ ਪਾਣੀ ਉਛਾਲ ਦਿਓ।" "ਸਛੀ-ਸਛੀ-ਸਛੀ-ਸਛੀ," ਇੱਥੇ ਇੱਕ ਛੋਟੀ ਜਿਹੀ ਪਾਈਪ ਵਾਂਗ। ਕਲਾਰਕਸਵਿਲ ਇੱਥੇ ਉੱਪਰ ਆਓ, "*ਇੱਥੇ* ਥੋੜਾ ਜਿਹਾ ਪਾਣੀ ਪਾਓ।" "ਸਛੀ-ਸਛੀ-ਸਛੀ।" ਫਾਉ ਦੀ ਇਮਾਰਤ ਸੜ ਗਈ।

356 ਉਨ੍ਹਾਂ ਨੇ ਲੂਇਸਵਿਲ ਨੂੰ ਬੁਲਾਇਆ। ਇੱਥੇ ਸਿਖਲਾਈ ਪ੍ਰਾਪਤ ਆਦਮੀ ਆਉਂਦੇ ਹਨ। ਔਹ, ਉਨ੍ਹਾਂ ਦੇ ਸਾਇਰਨ ਉੱਥੇ ਕਿਵੇਂ ਵੱਜ ਰਹੇ ਸਨ!

357 ਅਤੇ ਇਸ ਅੱਗ ਬੁਝਾਉਣ ਵਾਲੇ ਵਿਭਾਗ ਦੇ, ਮੁੱਖ ਕਪਤਾਨ ਉਨ੍ਹਾਂ ਦੇ ਨਾਲ ਸਨ, ਕਹਿ ਰਹੇ ਸਨ, "*ਇੱਥੇ* ਥੋੜ੍ਹਾ ਜਿਹਾ ਪਾਣੀ ਉਛਾਲ ਦਿਓ। *ਇੱਥੇ* ਥੋੜਾ ਜਿਹਾ ਪਾਣੀ ਸੁੱਟੋ।" ਅਨਾੜੀ ਆਦਮੀ।

358 ਭਾਈ, ਉਹ ਇੰਜਣ ਜਿਉਂ ਹੀ ਬੰਦ ਹੋਇਆ, ਪੌੜੀ ਦੇ ਮੂਹਰੇ ਕੌਣ ਸੀ? ਕਪਤਾਨ। ਜਦੋਂ ਉਹ ਪੌੜੀ ਉੱਪਰ ਗਈ, ਤਾਂ ਉਹ ਉਸ ਦੇ ਨਾਲ ਚਲਾ ਗਿਆ। ਜਦੋਂ ਉਸਨੇ ਖਿੜਕੀ ਨੂੰ ਸੱਟ ਮਾਰੀ, ਉਹ ਅਜੇ ਤੱਕ ਖਿੜਕੀ ਤੱਕ ਨਹੀਂ ਪਹੁੰਚਿਆ ਸੀ। ਉਸਨੇ ਆਪਣੀ ਕੁਹਾੜੀ ਫੜ ਕੇ ਖਿੜਕੀ ਵਿੱਚੋਂ ਸੁੱਟ ਦਿੱਤੀ, ਅਤੇ ਕਿਹਾ, "ਆਓ, ਮੁੰਡਿਓ।" ਅਤੇ ਕੁਝ ਹੀ ਮਿੰਟਾਂ ਵਿੱਚ, ਅੱਗ ਬੁਝ ਗਈ। ਇੱਕ ਕਪਤਾਨ!

359 ਇਹ ਇੱਕ ਕਪਤਾਨ ਨਹੀਂ ਹੈ, ਜੋ ਕਹੇ, "*ਇੱਥੇ* ਥੋੜਾ ਜਿਹਾ ਪਾਣੀ ਪਾਓ। *ਇੱਥੇ* ਥੋੜੀ ਜਿਹੀ ਕੋਸ਼ਿਸ਼ ਕਰੋ।"

360 ਪਰ, "ਆਓ, ਮੁੰਡਿਓ!" ਆਮੀਨ। ਉਸ ਨੇ ਅਗਵਾਈ ਕੀਤੀ। ਉਸਨੇ ਸਾਨੂੰ ਦਿਖਾਇਆ ਕਿ ਇਹ ਕਿਵੇਂ ਕੀਤਾ ਜਾਂਦਾ ਹੈ।

361 ਮੈਂ ਸੋਚਿਆ, "ਉਹ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਅੱਗ ਬੁਝਾਉਣ ਵਾਲਾ ਮਹਿਕਮਾ, ਉਨ੍ਹਾਂ ਨੇ ਕੁਝ ਹੀ ਮਿੰਟਾਂ ਵਿੱਚ ਅੱਗ ਬੁਝਾ ਦਿੱਤੀ।" ਕਿਉਂ? ਉੱਥੇ ਉਨ੍ਹਾਂ ਦਾ ਇੱਕ ਕਪਤਾਨ ਸੀ ਜੋ ਜਾਣਦਾ ਸੀ ਕਿ ਉਹ ਕੀ ਕਰ ਰਿਹਾ ਸੀ।

362 ਭਾਈ, ਆਪਣੇ ਸਾਰੇ ਧਰਮ ਸ਼ਾਸਤਰ ਬਾਰੇ ਗੱਲ ਕਰੋ ਜੋ ਤੁਸੀਂ ਕਰਨਾ ਚਾਹੁੰਦੇ ਹੋ। ਤੁਹਾਡੇ ਮਨੁੱਖ ਦੁਆਰਾ ਬਣਾਏ ਨਾਮਧਾਰੀ ਗਿਰਜੇ, ਤੁਹਾਡੀਆਂ ਸੰਸਥਾਵਾਂ: ਇਸਦੇ ਨਾਲ ਖੇਡੋ।

ਮੇਰੇ ਕੋਲ ਇੱਕ ਮੁੱਖ ਕਪਤਾਨ ਹੈ ਜਿਸ ਨੇ ਮੈਨੂੰ ਦੱਸਿਆ ਕਿ ਇਹ ਕਿਵੇਂ ਕਰਨਾ ਹੈ।

ਕਹਿੰਦੇ ਹਨ, "ਅੱਛਾ, ਜੇ ਮੈਂ ਇਸਨੂੰ ਸੁੰਘ ਸਕਦਾ ਹਾਂ, ਇਸਨੂੰ ਮਹਿਸੂਸ ਕਰ ਸਕਦਾ ਹਾਂ।" ਔਹ, ਬਕਵਾਸ!

363 *ਇੱਥੇ* ਉਹ ਤਰੀਕਾ ਹੈ ਜੋ ਮੁੱਖ ਕਪਤਾਨ ਨੇ ਦੱਸਿਆ ਹੈ ਕਿ ਇਹ ਕਿਵੇਂ ਕੀਤਾ ਜਾਂਦਾ ਹੈ, ਲੂਕਾ ਦੇ ਚੌਥੇ ਅਧਿਆਏ ਵਿੱਚ। ਮੇਰੇ ਕੋਲ ਇਸ ਨੂੰ ਪੜ੍ਹਨ ਦਾ ਸਮਾਂ ਨਹੀਂ ਹੈ। ਇਸ ਨੂੰ, ਆਪ ਹੀ ਪੜ੍ਹ ਲੈਣਾ। ਠੀਕ ਹੈ। ਲੂਕਾ ਚੌਥਾ ਅਧਿਆਏ, ਪਹਿਲੀ ਆਇਤ ਤੋਂ ਸ਼ੁਰੂ ਕਰਾਂਗੇ।

364 ਉਸਨੇ ਕਦੇ ਨਹੀਂ ਕਿਹਾ, "ਹੁਣ ਮੈਂ ਤੁਹਾਨੂੰ ਦੱਸਾਂਗਾ। ਤੁਸੀਂ *ਇੱਥੇ* ਜਾਓ ਅਤੇ ਤੁਸੀਂ ਇੱਕ ਵੱਡੀ ਸੰਸਥਾ ਬਣਾਓ। ਤੁਹਾਨੂੰ ਪ੍ਰੈਸਬੀਟਰ ਬਣਾਓ, ਅਤੇ

ਡੀਕਨ, ਅਤੇ, ਜਾਂ ਕਾਰਡੀਨਲ, ਅਤੇ ਬਿਸ਼ਪ, ਅਤੇ ਤੁਸੀਂ *ਇਹ* ਬਣਾਓ।" ਉਸਨੇ ਅਜਿਹਾ ਕਦੇ ਨਹੀਂ ਕਿਹਾ।

365 ਜਦੋਂ ਸ਼ੈਤਾਨ ਉਸਨੂੰ ਮਿਲਿਆ, ਉਸਨੇ ਕਿਹਾ, "ਹੁਣ ਤੂੰ ਭੁੱਖਾ ਹੈਂ। ਇਨ੍ਹਾਂ ਪੱਥਰਾਂ ਨੂੰ ਰੋਟੀ ਵਿੱਚ ਬਦਲ ਦੇ।"

ਉਸ ਨੇ ਕਿਹਾ, "ਇਹ ਲਿਖਿਆ ਹੋਇਆ ਹੈ…"

366 ਉਸ ਨੇ ਕਿਹਾ, "ਇੱਥੇ ਉੱਪਰ ਵੇਖ, ਅਸੀਂ ਤੈਨੂੰ ਇੱਥੇ ਲੈ ਜਾਵਾਂਗੇ ਅਤੇ ਤੈਨੂੰ ਕੁਝ ਦਿਖਾਵਾਂਗੇ।"

"ਪਰ ਇਹ ਲਿਖਿਆ ਹੋਇਆ ਹੈ…"

"ਮੈਂ *ਇਹ* ਕਰਾਂਗਾ, ਜੇਕਰ ਤੁਸੀਂ ਇਹ ਕਰੋਗੇ।"

"ਇਹ ਲਿਖਿਆ ਹੋਇਆ ਹੈ…"

367 ਮੁੱਖ ਕਪਤਾਨ ਨੇ ਦੱਸਿਆ ਸੀ ਕਿ ਇਹ ਇਸੇ ਤਰ੍ਹਾਂ ਕੀਤਾ ਜਾਂਦਾ ਹੈ। ਇਹ ਕਿਵੇਂ ਕੀਤਾ ਜਾਂਦਾ ਹੈ, ਭੈਣ? "ਇਹ ਲਿਖਿਆ ਹੈ, 'ਜੇ ਉਹ ਬਿਮਾਰਾਂ ਉੱਤੇ ਹੱਥ ਰੱਖਣਗੇ, ਤਾਂ ਉਹ ਚੰਗੇ ਹੋ ਜਾਣਗੇ।'" "ਇਹ ਲਿਖਿਆ ਹੈ, 'ਮੇਰੇ ਨਾਮ ਵਿੱਚ ਉਹ ਭੂਤਾਂ ਨੂੰ ਕੱਢਣਗੇ।'" ਆਮੀਨ। ਇਹ ਕੀ ਹੈ? "ਇਹ ਲਿਖਿਆ ਹੋਇਆ ਹੈ!" ਇਹ ਕਪਤਾਨ ਦਾ ਹੁਕਮ ਹੈ। "ਇਹ ਲਿਖਿਆ ਹੋਇਆ ਹੈ, 'ਜੋ ਕੋਈ ਵੀ ਮੇਰੇ ਵਚਨ ਸੁਣਦਾ ਹੈ ਅਤੇ ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ, ਉਸ ਕੋਲ ਅਨੰਤ ਜੀਵਨ ਹੈ।' ਇਹ ਲਿਖਿਆ ਹੋਇਆ ਹੈ! ਇਹ ਲਿਖਿਆ ਹੋਇਆ ਹੈ! ਇਹ ਲਿਖਿਆ ਹੋਇਆ ਹੈ!" ਇਹ ਹੈ—ਇਹ ਹੁਕਮ ਹਨ। ਉਹ ਸਿਪਾਹੀ ਹੈ। ਇਹੀ ਤਰੀਕਾ ਹੈ। ਇਹ ਉਹ ਤੋਪਖਾਨਾ ਹੈ ਜਿਸ ਨਾਲ ਅਸੀਂ ਉੱਪਰ ਜਾਂਦੇ ਹਾਂ।

368 ਉਸ ਨੇ ਕੀ ਕੀਤਾ? ਉਹ ਉੱਥੋਂ ਤੁਰ ਪਿਆ, ਇੱਕ ਗੋਲਿਅਥ ਵੱਲ। ਉਸਨੇ ਇੱਕ ਦਿਖਾਇਆ…ਦਾਊਦ ਨੇ ਫ਼ੌਜ ਨੂੰ ਕਿਵੇਂ ਦਿਖਾਇਆ ਕਿ ਇਹ ਕਿਵੇਂ ਕੀਤਾ ਜਾਂਦਾ ਹੈ? ਇੱਕ ਦਾਊਦ ਨੇ ਇਸਰਾਏਲ ਨੂੰ ਕਿਵੇਂ ਦਿਖਾਇਆ ਕਿ ਇਹ ਕਿਵੇਂ ਕੀਤਾ ਜਾਂਦਾ ਹੈ? *ਦਾਊਦ* ਦਾ ਮਤਲਬ ਹੈ "ਪਿਆਰਾ, ਮੁਕਤੀਦਾਤਾ।" ਸਮਝੇ? ਦਾਊਦ ਨੇ ਇਹ ਕਿਵੇਂ ਕੀਤਾ? ਉਸ ਨੇ ਕਿਹਾ, "ਇਹ ਇਸ ਨੂੰ ਪੂਰਾ ਕਰਨ ਦਾ ਤਰੀਕਾ ਹੈ। ਯਹੋਵਾਹ ਦੇ ਵਚਨ ਉੱਤੇ ਭਰੋਸਾ ਰੱਖੋ।"

369 ਅਤੇ ਗੋਲੀਅਥ ਉੱਥੇ ਬਾਹਰ ਆਇਆ, ਬੋਲਿਆ, "ਕੀ ਤੈਨੂੰ ਪਤਾ ਹੈ? ਮੈਂ ਤੈਨੂੰ ਇਸ ਬਰਛੇ ਦੇ ਦੀ ਨੋਕ ਤੇ ਚੁੱਕ ਲਵਾਂਗਾ, ਅਤੇ ਮੈਂ ਤੈਨੂੰ ਪੰਛੀਆਂ ਨੂੰ ਖੁਆਵਾਂਗਾ।"

370 ਉਸ ਨੇ ਕਿਹਾ, "ਤੂੰ ਮੇਰੇ ਕੋਲ ਇੱਕ ਸੰਸਥਾ ਦੇ ਤੌਰ ਤੇ ਆਉਂਦਾ ਹੈਂ। ਤੂੰ ਮੇਰੇ ਕੋਲ ਇੱਕ ਆਧੁਨਿਕ ਵਿਗਿਆਨੀ ਵਾਂਗ ਆਉਂਦਾ ਹੈਂ। ਤੂੰ ਮੇਰੇ ਕੋਲ ਆਪਣੀ ਵੱਡੀ ਚੌਦਾਂ-ਫੁੱਟੀ ਤਲਵਾਰ ਨਾਲ ਆਉਂਦਾ ਹੈਂ। ਤੂੰ ਮੇਰੇ ਕੋਲ ਪਿੱਤਲ ਦੇ ਟੋਪ ਦੇ ਨਾਲ ਆਉਂਦਾ ਹੈਂ, ਅਤੇ ਇੱਕ ਢਾਲ ਦੇ ਟੁਕੜੇ ਨਾਲ ਜੋ ਮੈਂ ਜ਼ਮੀਨ ਤੋਂ ਚੁੱਕ ਵੀ ਨਹੀਂ ਸਕਦਾ। ਤੂੰ ਮੇਰੇ ਕੋਲ ਇੱਕ ਸਿੱਖਿਅਤ ਯੋਧੇ ਦੇ ਰੂਪ ਵਿੱਚ ਆਉਂਦਾ ਹੈਂ। ਤੂੰ ਮੇਰੇ ਕੋਲ ਪੀ.ਐਚ.ਡੀ., ਅਤੇ ਐਲ.ਐਲ.ਡੀ., ਅਤੇ ਦੂਹਰੀ-ਐਲ.ਡੀ. ਅਤੇ ਇਹਨਾਂ ਸਾਰੀਆਂ ਗੱਲਾਂ ਨਾਲ ਆਉਂਦਾ ਹੈਂ। ਪਰ ਮੈਂ ਇਸਰਾਏਲ ਦੇ ਯਹੋਵਾਹ ਪਰਮੇਸ਼ੁਰ ਦੇ ਨਾਮ ਵਿੱਚ ਆਇਆ ਹਾਂ, ਅਤੇ ਅੱਜ ਮੈਂ ਤੇਰੇ ਮੋਢਿਆਂ ਤੋਂ ਤੇਰਾ ਸਿਰ ਵੱਢ ਦਿਆਂਗਾ।" ਆਮੀਨ। ਉਹ ਛੋਟੀ ਜਿਹੀ ਗੰਢ ਉਸ ਦੈਂਤ ਦੇ ਵਿਰੁੱਧ ਆ ਰਹੀ ਸੀ, ਪਰ ਉਹ ਜਾਣਦਾ ਸੀ ਕਿ ਉਹ ਕਿੱਥੇ ਖੜ੍ਹਾ ਸੀ।

ਇਜ਼ਰਾਈਲੀ, ਉਥੇ ਹੀ ਪਿੱਛੇ ਕੰਬ ਰਹੇ ਸਨ, "ਔਹ, ਵਿਚਾਰਾ ਛੋਟਾ ਜਿਹਾ ਬੰਦਾ।"

ਗੋਲਿਅਥ ਨੇ ਕਿਹਾ, "ਮੈਂ ਤੁਹਾਨੂੰ ਦਿਖਾਵਾਂਗਾ ਕਿ ਮੈਂ ਕੀ ਕਰਾਂਗਾ।" ਅਤੇ ਉਹ ਅੱਗੇ ਵੱਧਦਾ ਹੈ।

371 ਉਸ ਕੋਲ f-a-i-t-h ਸੀ, ਵੇਖੋ, J-e-s-u-s ਵਿੱਚ, ਪੰਜ ਚੱਟਾਨਾਂ, ਪੰਜ ਪੱਥਰ ਸਨ। ਉੱਥੇ ਇੱਕ ਛੋਟਾ ਜਿਹਾ ਪੱਥਰ ਸੀ, ਇਸ ਨੂੰ ਸ਼ੁਰੂ ਕਰਨ ਲਈ। ਇਸ ਨੂੰ ਇਸ ਤਰ੍ਹਾਂ ਘੁੰਮਾਉਂਦੇ ਹੋਏ, ਪਵਿੱਤਰ ਆਤਮਾ ਨੇ ਪੱਥਰ ਨੂੰ ਫੜ ਲਿਆ, ਅਤੇ ਇਹ ਚਲਾ ਗਿਆ। ਗੋਲਿਅਥ ਜ਼ਮੀਨ ਤੇ ਡਿੱਗ ਗਿਆ। ਇਹ ਇਸ ਤਰ੍ਹਾਂ ਕੀਤਾ ਜਾਂਦਾ ਹੈ।

372 ਇਹ ਉਹ ਤਰੀਕਾ ਹੈ ਜੋ ਯਿਸੂ ਨੇ ਦੱਸਿਆ ਸੀ, ਜੋ ਉਸਨੇ ਕਿਹਾ ਸੀ। "ਹੁਣ, ਜੇਕਰ ਤੁਸੀਂ ਭਾਈ ਜੋ ਸੇਵਾ ਖੇਤਰ ਵਿੱਚ ਬਾਹਰ ਜਾ ਰਹੇ ਹਨ, ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਇਹਨਾਂ ਸ਼ੈਤਾਨਾਂ ਨੂੰ ਕਿਵੇਂ ਜਿੱਤਣਾ ਹੈ, ਤਾਂ ਮੈਂ ਤੁਹਾਨੂੰ ਦਿਖਾਵਾਂਗਾ ਕਿ ਇਹ ਕਿਵੇਂ ਕੀਤਾ ਜਾਂਦਾ ਹੈ।"

373 ਸ਼ੈਤਾਨ ਨੇ ਕਿਹਾ, "ਮੈਂ ਤੁਹਾਨੂੰ ਮਿਲਾਂਗਾ।" ਗੋਲਿਅਥ, "ਮੈਂ ਤੈਨੂੰ ਦਿਖਾਵਾਂਗਾ ਕਿ ਮੈਂ ਕੀ ਕਰ ਸਕਦਾ ਹਾਂ। ਤੂੰ ਭੁੱਖਾ ਹੈਂ। ਜੇਕਰ ਤੁਸੀਂ ਪਰਮੇਸ਼ੁਰ ਦੇ ਪੁੱਤਰ ਹੋ, ਤਾਂ ਮੈਂ ਤੁਹਾਨੂੰ ਚੁਣੌਤੀ ਦੇਵਾਂਗਾ। ਤੁਸੀਂ ਕਹਿੰਦੇ ਹੋ ਕਿ ਤੁਸੀਂ ਪਰਮੇਸ਼ੁਰ ਦੇ ਪੁੱਤਰ ਹੋ। ਮੈਂ ਤੁਹਾਨੂੰ ਚੁਣੌਤੀ ਦੇਵਾਂਗਾ। ਜੇਕਰ ਤੁਸੀਂ ਪਰਮੇਸ਼ੁਰ ਦੇ ਪੁੱਤਰ ਹੋ, ਤਾਂ ਇਨ੍ਹਾਂ ਪੱਥਰਾਂ ਨੂੰ ਰੋਟੀ ਵਿੱਚ ਬਦਲ ਦਿਓ। ਖਾਓ; ਤੁਸੀਂ ਭੁੱਖੇ ਹੋ। ਅਤੇ ਜੇਕਰ ਤੁਸੀਂ ਪਰਮੇਸ਼ੁਰ ਦੇ ਪੁੱਤਰ ਹੋ, ਤਾਂ ਤੁਹਾਡੇ ਕੋਲ ਅਜਿਹਾ ਕਰਨ ਦੀ ਸ਼ਕਤੀ ਹੈ।"

374 ਉਸ ਨੇ ਕਿਹਾ, “ਪਰ ਇਹ ਲਿਖਿਆ ਹੈ, ਹੁਣ, ‘ਮਨੁੱਖ ਇਕੱਲੀ ਰੋਟੀ ਨਾਲ ਜਿਉਂਦਾ ਨਹੀਂ ਰਹੇਗਾ।’” ਔਹ, ਮੁੱਖ ਕਪਤਾਨ ਨੇ ਇਸੇ ਤਰ੍ਹਾਂ ਕੀਤਾ ਸੀ।

ਉਸ ਨੂੰ ਮੰਦਰ ਦੇ ਸਿਖਰ ਤੇ ਲੈ ਗਿਆ। ਉਸ ਨੇ ਕਿਹਾ, “ਜੇ ਤੂੰ ਆਪਣੇ ਆਪ ਨੂੰ ਹੇਠਾਂ ਡੇਗ ਦਵੇਂ,” ਉਸ ਨੇ ਕਿਹਾ, “ਤੈਨੂੰ ਪਤਾ ਹੈ ਇਹ ਵੀ ਲਿਖਿਆ ਹੋਇਆ ਹੈ…”

375 ਉਸ ਨੇ ਕਿਹਾ, “ਹਾਂ।” ਕਿਹਾ, “ਇਹ ਲਿਖਿਆ ਹੋਇਆ ਹੈ, ਦੁਬਾਰਾ, ‘ਤੂੰ ਯਹੋਵਾਹ ਆਪਣੇ ਪਰਮੇਸ਼ੁਰ ਨੂੰ ਨਾ ਪਰਤਾ।’” ਦੇਖੋ ਉਸਨੇ ਆਪਣੇ ਆਪ ਨੂੰ ਕੀ ਕਿਹਾ? “ਪ੍ਰਭੂ ਤੇਰਾ ਪਰਮੇਸ਼ੁਰ।” ਊਂ-ਹੂੰ। “‘ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਨਾ ਪਰਤਾ,’ ਇਹ ਲਿਖਿਆ ਹੋਇਆ ਹੈ, ਦੁਬਾਰਾ, ਇਸ ਤਰ੍ਹਾਂ।” ਸਮਝੇ? ਔਹ, ਮੇਰੇ!

376 ਉਸਨੇ ਕੀ ਕੀਤਾ? ਉਸ ਨੇ ਉਸ ਨੂੰ ਹਰਾਇਆ, ਪਰਮੇਸ਼ੁਰ ਦੇ ਵਚਨ ਨਾਲ। ਸ਼ੈਤਾਨ ਦੀ ਚਾਲ ਇਹ ਹੁੰਦੀ ਹੈ ਕਿ ਤੁਹਾਡੇ ਤੋਂ ਪਰਮੇਸ਼ੁਰ ਦੇ ਵਚਨ ਤੇ ਅਵਿਸ਼ਵਾਸ ਕਰਾਵੇ। ਅਤੇ ਮੁੱਖ ਕਪਤਾਨ ਨੇ ਕਿਹਾ, “ਪਰਮੇਸ਼ੁਰ ਦੇ ਵਚਨ ਨੂੰ ਲਓ ਅਤੇ ਇਸ ਨੂੰ ਕਰੋ। ਮੇਰੇ ਨਾਮ ਵਿੱਚ ਉਹ ਭੂਤਾਂ ਨੂੰ ਕੱਢਣਗੇ।”

377 ਔਹ, ਸ਼ੈਤਾਨ, ਉਨ੍ਹਾਂ ਦਾ ਮੁੱਖ ਕਪਤਾਨ, ਔਹ, ਹਾਂ, ਤੁਸੀਂ ਜਾਣਦੇ ਹੋ, ਇਹਨਾਂ ਵਿੱਚੋਂ ਕੁਝ ਨਾਮਧਾਰੀ ਗਿਰਜੇ ਤੁਹਾਨੂੰ ਇਹ ਵਿਸ਼ਵਾਸ ਦਿਵਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਉਸਦੇ ਨੁਕੀਲੇ ਖੁਰ ਹਨ, ਤੁਸੀਂ ਜਾਣਦੇ ਹੋ, ਅਤੇ ਇੱਕ ਪਾਟੀ ਹੋਈ ਪੂਛ ਹੈ, ਅਤੇ ਉਹ ਸਭ ਕੁਝ। ਤੁਸੀਂ ਇਸ ਤੇ ਵਿਸ਼ਵਾਸ ਨਾ ਕਰੋ। ਉਹ ਇਸ ਤਰ੍ਹਾਂ ਨਹੀਂ ਹੈ। ਨਹੀਂ, ਸ਼੍ਰੀਮਾਨ, ਭਾਈ। ਉਹ ਇੱਕ ਧੋਖੇਬਾਜ ਹੈ। ਤੁਸੀਂ ਇਹ ਵਿਸ਼ਵਾਸ ਨਾ ਕਰੋ ਕਿ ਉਸ ਕੋਲ ਅਜਿਹਿਆਂ ਚੀਜਾਂ ਹਨ। ਉਹ ਤੁਹਾਨੂੰ ਡਰਾਉਣ ਲਈ ਅਜਿਹਾ ਕਰਦੇ ਹਨ। ਸ਼ੈਤਾਨ ਅਜਿਹਾ ਨਹੀਂ ਹੈ। ਸ਼ੈਤਾਨ ਦੇ ਖੁਰ ਨਹੀਂ ਹਨ, ਸ਼ੁਰੂਆਤ ਤੋਂ ਹੀ; ਮੈਨੂੰ ਇਸ ਤੇ ਬਹੁਤ ਸ਼ੱਕ ਹੈ। ਉਹ ਕੇਵਲ ਇੱਕ ਆਤਮਾ ਹੈ। ਸ਼ੈਤਾਨ ਇੱਕ ਆਤਮਾ ਹੈ। ਉਸ ਕੋਲ ਨੁਕੀਲੇ ਖੁਰ ਅਤੇ ਅਜਿਹੀਆਂ ਚੀਜ਼ਾਂ ਨਹੀਂ ਹਨ, ਜਿਵੇਂ ਤੁਸੀਂ ਉਸਦੀ ਤਸਵੀਰ ਬਣਾਉਣ ਦੀ ਕੋਸ਼ਿਸ਼ ਕਰਦੇ ਹੋ। ਨਹੀਂ, ਨਹੀਂ।

378 ਪਰ, ਉਹ ਬੁੱਧੀਮਾਨ ਹੈ। ਭਾਈ, ਉਹ ਇੱਕ ਅਸਲੀ ਸਿਆਣਾ ਆਦਮੀ ਹੈ, ਬਹੁਤ ਪੜ੍ਹਿਆ ਲਿਖਿਆ ਹੈ, ਹਮੇਸ਼ਾ ਰਿਹਾ ਹੈ, ਸੰਸਾਰਿਕ ਬੁੱਧੀ ਵਿੱਚ। ਔਹ, ਹਾਂ। ਉਹ ਸੁੰਦਰ ਹੈ। ਸੰਸਾਰਿਕ ਸਿਆਣਪ ਨਾਲ ਆਪਣੀ ਫੌਜ ਨੂੰ ਸੰਗਠਿਤ ਕੀਤਾ, ਏਥੋਂ ਤੱਕ, ਭਾਈ, ਤੁਸੀਂ ਆਪਣੇ ਸ਼ਬਦ ਬੋਲਣ ਦੀ—ਦੀ ਕੋਸ਼ਿਸ਼ ਵੀ ਨਹੀਂ ਕਰ ਸਕਦੇ। ਤੁਸੀਂ ਬਿਹਤਰ ਜਾਣਦੇ ਹੋ ਕਿ ਤੁਸੀਂ ਕਿਸ ਬਾਰੇ ਗੱਲ ਕਰ ਰਹੇ ਹੋ ਜਦੋਂ ਤੁਸੀਂ ਇਹਨਾਂ ਮੁੰਡਿਆਂ ਵਿੱਚੋਂ ਇੱਕ ਨੂੰ ਮਿਲਦੇ ਹੋ, ਇਹ ਕਹਿੰਦੇ

ਹੋਏ, “ਚਮਤਕਾਰਾਂ ਦੇ ਦਿਨ ਗਏ ਹਨ।” ਨਹੀਂ, ਉਸ ਕੋਲ ਨਹੀਂ ਹੈ—ਉਸ ਕੋਲ ਇੱਕ ਫੱਟਿਆ ਹੋਇਆ ਖੁਰ ਨਹੀਂ ਹੈ। ਉਹ ਹੈ, ਓਹ, ਉਹ ਹੈ—ਉਹ ਹੈ—ਉਹ ਸਿੱਧਾ ਸੈਮੀਨਾਰ ਤੋਂ ਬਾਹਰ ਆਇਆ ਹੈ। ਉਹ ਪਾਲਿਸ਼ ਕੀਤਾ ਹੋਇਆ ਹੈ, ਭਾਈ। ਮੇਰਾ ਮਤਲਬ ਹੈ, ਉਹ ਹੁਸ਼ਿਆਰ ਹੈ, ਪੀ.ਐੱਚ.ਡੀ., ਐੱਲ.ਐੱਲ.ਡੀ., ਕਿਊ.ਯੂ.ਐੱਸ.ਟੀ., ਅਤੇ ਬਾਕੀ ਸਭ ਕੁਝ। ਸਮਝੇ? ਉਸ ਵਿਚ ਸਭ ਹੈ, ਉਹ ਓਨਾ ਹੀ ਹੁਸ਼ਿਆਰ ਹੈ ਜਿੰਨਾ ਉਹ ਹੋ ਸਕਦਾ ਹੈ। ਸਿਆਣਾ, ਯਕੀਨਨ, ਉਹ ਇੱਕ ਸੱਪ ਹੈ, ਉਹਨਾਂ ਸਾਰਿਆਂ ਵਿੱਚੋਂ ਸਭ ਤੋਂ ਨੀਚ ਹੈ। ਵਾਲ ਹੇਠਾਂ ਲਮਕਾਏ ਹੋਏ, ਭਾਈ, ਅਤੇ, ਮੇਰਾ ਮਤਲਬ ਹੈ, ਕੱਪੜੇ ਪਹਿਨੇ ਹੋਏ, ਅਤੇ ਕੋਟ ਵਿੱਚ ਇੱਕ ਵੀ ਵੱਟ ਨਹੀਂ ਹੈ। ਚੁਸਤ, ਉਨਾ ਹੀ ਬੁੱਧੀਮਾਨ ਅਤੇ ਚਲਾਕ ਜਿੰਨਾ ਉਹ ਹੋ ਸਕਦਾ ਹੈ। ਇਹ ਠੀਕ ਹੈ।

379 ਤੁਸੀਂ ਉਸ ਨਾਲ ਨਾ ਉਲਝੋ ਜਦੋਂ ਤੱਕ ਤੁਸੀਂ ਨਹੀਂ ਜਾਣਦੇ ਹੋ ਕਿ ਤੁਸੀਂ ਕਿਸ ਬਾਰੇ ਗੱਲ ਕਰ ਰਹੇ ਹੋ। ਇਹ ਠੀਕ ਹੈ। ਓਹ, ਪਰ ਅਸੀਂ ਉਸ ਦੀਆਂ—ਉਸਦੀਆਂ ਪੁਰਾਣੀਆਂ ਚਾਲਾਂ ਨੂੰ ਜਾਣਦੇ ਹਾਂ। ਅਸੀਂ ਜਾਣਦੇ ਹਾਂ ਕਿ ਉਹ ਕੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ: ਸਾਥੋਂ ਪਰਮੇਸ਼ੁਰ ਦੇ ਵਚਨ ਤੇ ਅਵਿਸ਼ਵਾਸ ਕਰਾਉਣ ਦੀ।

380 ਅਤੇ ਉਸ ਕੋਲ ਕਾਂਟੇਦਾਰ ਖੁਰ ਨਹੀਂ ਹਨ। ਨਹੀਂ, ਨਹੀਂ, ਨਹੀਂ। ਹੁਣ, ਸਾਨੂੰ ਪਤਾ ਹੈ ਕਿ ਜੇ ਉਸ ਕੋਲ ਕਾਂਟੇਦਾਰ ਖੁਰ ਨਹੀਂ ਹਨ, ਤਾਂ ਉਹ ਕੁਝ ਹੋਰ ਹੋਣਾ ਚਾਹੀਦਾ ਹੈ। ਉਹ ਇੱਕ ਧੋਖੇਬਾਜ ਹੈ। ਉਹ ਬੁੱਧੀਮਾਨ, ਪੜ੍ਹਿਆ-ਲਿਖਿਆ, ਸੰਗਠਿਤ ਹੈ। ਭਾਈ, ਉਸ ਕੋਲ ਆਪਣੀ ਅਜਿਹੀ ਫੌਜ ਹੈ।

381 ਦੇਖੋ, ਇੱਕ ਵਾਰ, ਸਵਿਟਜ਼ਰਲੈਂਡ ਵਿੱਚ। ਮੈਨੂੰ ਰੁਕਣ ਲਈ ਕੋਈ ਥਾਂ ਨਹੀਂ ਮਿਲ ਰਹੀ, ਸਾਥੀਓ। ਉੱਥੇ ਇੱਕ—ਇੱਕ…ਸਵਿਟਜ਼ਰਲੈਂਡ ਵਿੱਚ, ਜਰਮਨ ਫੌਜ ਆਈ, ਮਾਰ-…ਪਰਦੇਸੀਆਂ ਦੇ ਅੰਦਰ ਆਉਣ ਨਾਲ। ਕਿਉਂ, ਇਹ ਇੱਟ ਦੀ ਕੰਧ ਵਾਂਗ ਦਿਖਾਈ ਦਿੰਦਾ ਸੀ; ਹਰੇਕ ਆਦਮੀ ਨੂੰ ਸਿਖਲਾਈ ਦਿੱਤੀ ਗਈ ਸੀ, ਹਰੇਕ ਬਰਛੀ *ਇਸ* ਤਰ੍ਹਾਂ ਬਾਹਰ ਨਿਕਲਦੀ ਹੈ, ਅੱਠ ਜਾਂ ਦਸ ਫੁੱਟ ਅੱਗੇ। ਅਤੇ ਉਹ ਉੱਥੇ ਗਰੀਬ ਛੋਟੇ ਸਵਿਸ ਨਾਗਰਿਕ ਕੋਲ ਆਉਂਦੇ ਹਨ, ਉਨ੍ਹਾਂ ਕੋਲ ਕੀ ਹੋਣਾ ਸੀ? ਉਹ ਆਪਣੀਆਂ ਦਾਤਰੀਆਂ ਨਾਲ—ਨਾਲ ਹਥਿਆਰਬੰਦ ਸਨ, ਸੋਟੀਆਂ ਅਤੇ ਪੱਥਰ, ਅਤੇ ਉਹ ਉੱਥੇ ਖੜ੍ਹੇ ਸਨ। ਉਹ ਉਨ੍ਹਾਂ ਦਾ ਸਮਰਥਨ ਕਰ ਰਹੇ ਸਨ। ਪਹਾੜੀ ਦੇ ਬਿਲਕੁਲ ਪਾਰ ਉਨ੍ਹਾਂ ਦੇ ਘਰ ਸਨ। ਇੱਥੇ ਸਵਿਸ ਫੌਜ ਉਨ੍ਹਾਂ ਦਾ ਟਾਕਰਾ ਕਰਨ ਲਈ ਨਿਕਲੀ। ਉਨ੍ਹਾਂ ਨੇ ਉਨ੍ਹਾਂ ਨਾਲ ਕੁਝ ਨਹੀਂ ਕੀਤਾ ਸੀ। ਉਹ ਬਸ ਆਏ ਅਤੇ ਉਨ੍ਹਾਂ ਦੀ ਜ਼ਮੀਨ ਲੈ ਲਈ।

382 ਦੁਨੀਆਂ ਵਿੱਚ ਇਸ ਬੱਚੇ ਨੇ ਕੀ ਕੀਤਾ ਹੈ, ਸਿਰਫ਼ ਇੱਕ ਬੱਚਾ ਹੈ? ਸ਼ੈਤਾਨ, ਇਹ ਉਹੀ ਵਿਅਕਤੀ ਹੈ, ਜੇਕਰ ਉਹ ਲੈ ਸਕੇ ਤਾਂ ਉਸਦੀ ਜਾਨ ਲੈ ਲਵੇਗਾ। ਯਕੀਨਨ। ਉਥੇ ਉਹ ਹੈ; ਸਮੇਂ ਤੋਂ ਪਹਿਲਾਂ। ਦੇਖੋ?

383 ਸਵਿਸ ਲੋਕਾਂ ਨੇ ਕੁਝ ਨਹੀਂ ਕੀਤਾ ਸੀ। ਉਹ ਚੰਗੇ ਲੋਕ ਸਨ। ਉਹ ਆਪਣੇ ਘਰਾਂ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਉਹ ਬਚਾਅ ਲਈ ਉੱਥੇ ਖੜ੍ਹੇ ਸਨ। ਕੁਝ ਸਮੇਂ ਬਾਅਦ, ਆਰਨੋਲਡ ਵਾਨ ਵਿੰਕਲਰੀਡ ਦੇ ਨਾਮ ਨਾਲ ਇੱਕ ਸੀ। ਇੱਥੇ ਇਹ ਫੌਜ ਆਉਂਦੀ ਹੈ। ਉਹ ਸਾਰੇ ਘਿਰੇ ਹੋਏ ਸਨ। ਉਸ ਨੇ ਕਿਹਾ, "ਅਸੀਂ ਕੀ ਕਰ ਸਕਦੇ ਹਾਂ?"

384 ਹਰ ਥਾਂ, ਸਿਰਫ਼ ਮਨੁੱਖਾਂ ਦਾ ਸਮੁੰਦਰ ਸੀ, ਜੋ ਲੜਾਈ ਲਈ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਸਨ। ਸ਼ੈਤਾਨ ਇਸੇ ਤਰ੍ਹਾਂ ਕਰਦਾ ਹੈ। ਚੰਗੀ ਤਰ੍ਹਾਂ ਸ਼ਿਖਲਾਈ ਪ੍ਰਾਪਤ, ਉਸ ਦਾ ਬਰਛਾ ਬਾਹਰ ਵੱਲ ਇਸ਼ਾਰਾ ਕਰਦਾ ਹੈ, ਹਰ ਇੱਕ ਆਦਮੀ ਕਦਮ ਵਿੱਚ: ਇੱਕ, ਦੋ; ਇਕ ਦੋ; ਬੱਸ ਇਸ ਛੋਟੀ ਜਿਹੀ ਫੌਜ ਨੂੰ ਖਿੱਚ ਰਿਹਾ ਹੈ। ਬਸ—ਬੱਸ ਤੁਰਦੇ ਰਹੋ, ਬੱਸ ਉਨ੍ਹਾਂ ਨੂੰ ਇਹੀ ਕਰਨਾ ਸੀ, ਅਤੇ ਹਰ ਇੱਕ ਨੂੰ, ਤਲਵਾਰਾਂ ਨੂੰ, ਚੁੱਕਣਾ ਸੀ। ਬਰਛੇ ਉਹਨਾਂ ਦੇ ਵਿੱਚੋਂ ਦੀ ਨਿਕਲ ਰਹੇ ਸਨ। ਇਸ ਨਾਲ ਸਵਿਸ ਫੌਜ ਦਾ ਅੰਤ ਹੋ ਜਾਣਾ ਸੀ। ਇਹੀ ਸਭ ਹੋਣਾ ਸੀ। ਪਹਾੜੀ ਦੇ ਬਿਲਕੁਲ ਉੱਪਰ ਉਨ੍ਹਾਂ ਦੇ ਘਰ ਅਤੇ ਅਜੀਜ ਸਨ। ਉਨ੍ਹਾਂ ਦੀਆਂ ਔਰਤਾਂ ਨੂੰ ਖੋਹ ਲਿਆ ਜਾਂਦਾ ਅਤੇ ਬਲਾਤਕਾਰ ਕੀਤਾ ਜਾਂਦਾ, ਅਤੇ ਉਨ੍ਹਾਂ ਦੀਆਂ ਜਵਾਨ ਧੀਆਂ ਅਤੇ ਬੱਚਿਆਂ ਨੂੰ ਮਾਰ ਦਿੱਤਾ ਜਾਂਦਾ, ਅਤੇ ਘਰ ਸਾੜ ਦਿੱਤੇ ਜਾਂਦੇ, ਅਤੇ ਸਭ ਕੁਝ, ਭੋਜਨ ਖੋਹ ਲਿਆ ਜਾਂਦਾ, ਪਸ਼ੂ ਅਤੇ ਸਮਾਨ, ਚਲਿਆ ਜਾਂਦਾ। ਉਹ ਉੱਥੇ ਸਨ।

385 ਕੀ ਹੋਇਆ? ਪ੍ਰੇਰਨਾ ਕਿਸੇ ਅਰਨੋਲਡ ਵਾਨ ਵਿੰਕਲਰੀਡ ਦੇ ਨਾਮ ਦੇ ਆਦਮੀ ਤੇ ਆ ਪਈ। ਉਸ ਨੇ ਕਿਹਾ, "ਸਵਿਟਜ਼ਰਲੈਂਡ ਦੇ ਪੁਰਖੋ, ਅੱਜ ਦੇ ਦਿਨ ਮੈਂ ਸਵਿਟਜ਼ਰਲੈਂਡ ਲਈ ਮਰਾਂਗਾ।" ਆਮੀਨ। "ਅੱਜ ਦੇ ਦਿਨ ਮੈਂ ਸਵਿਟਜ਼ਰਲੈਂਡ ਲਈ ਮਰਾਂਗਾ।"

ਓਹਨਾਂ ਨੇ ਕਿਹਾ, "ਤੂੰ ਕੀ ਕਰੇਂਗਾ?"

386 ਉਸ ਨੇ ਕਿਹਾ, "ਤੁਸੀਂ ਬੱਸ ਮੇਰੇ ਪਿੱਛੇ ਚੱਲੋ ਅਤੇ ਤੁਹਾਡੇ ਕੋਲ ਜੋ ਵੀ ਹੈ ਉਸ ਨਾਲ ਲੜੋ।" ਉਹ ਉਥੇ ਖੜ੍ਹਾ ਹੋ ਗਿਆ; ਆਪਣਾ ਬਰਛਾ ਹੇਠਾਂ ਸੁੱਟ ਦਿੱਤਾ, ਇੱਕ ਛੋਟੀ ਜਿਹੀ ਸੋਟੀ ਜੋ ਉਸਦੇ ਹੱਥ ਵਿੱਚ ਸੀ, *ਉਸੇ* ਤਰ੍ਹਾਂ। ਅਤੇ ਉਸ ਨੇ ਪੁਕਾਰਿਆ, ਆਪਣੇ ਹੱਥਾਂ ਨੂੰ ਉੱਪਰ ਕਰਕੇ, *ਉਸ* ਤਰ੍ਹਾਂ, ਅਤੇ ਗੱਜਦਾ ਹੋਇਆ, ਉਸ ਵੱਲ ਭੱਜਿਆ, "ਆਜ਼ਾਦੀ ਲਈ ਇੱਕ ਰਸਤਾ ਬਣਾਓ!" ਜਿੰਨੇ ਜੋਰ ਨਾਲ ਉਹ ਭੱਜ ਸਕਦਾ ਸੀ ਉਹ ਭਜਿਆ, ਸਿੱਧਾ ਫੌਜ ਵੱਲ। ਅਤੇ, ਜਦੋਂ

ਉਹ ਗਿਆ, ਉਸਨੇ ਹਰੇਕ ਬਰਛੇ ਨੂੰ ਫੜ ਲਿਆ ਜੋ ਉਹ ਫੜ ਸਕਦਾ ਸੀ, ਅਤੇ ਉਨ੍ਹਾਂ ਨੂੰ *ਉਸੇ* ਤਰ੍ਹਾਂ ਆਪਣੀ ਛਾਤੀ ਵਿੱਚ ਸੁੱਟ ਦਿੱਤਾ, ਅਤੇ ਮਰ ਗਿਆ।

387 ਜਾਣ ਤੋਂ ਪਹਿਲਾਂ, ਉਸਨੇ ਉਨ੍ਹਾਂ ਨੂੰ ਕਿਹਾ। ਉਸ ਨੇ ਕਿਹਾ, "ਉੱਥੇ ਇੱਕ ਛੋਟਾ ਜਿਹਾ ਘਰ ਹੈ, ਇੱਕ ਪਤਨੀ ਅਤੇ ਕੁਝ ਬੱਚੇ ਜਿਨ੍ਹਾਂ ਨੂੰ ਮੈਂ ਛੱਡ ਕੇ ਜਾ ਰਿਹਾ ਹਾਂ, ਇੱਕ ਛੋਟਾ ਜਿਹਾ ਘਰ ਜੋ ਮੈਂ ਹੁਣੇ ਖਰੀਦਿਆ ਹੈ।" ਅਤੇ ਕਿਹਾ, "ਮੈਂ—ਮੈਂ ਉਨ੍ਹਾਂ ਨੂੰ ਪਿਆਰ ਕਰਦਾ ਹਾਂ, ਪਰ, ਅੱਜ, ਮੈਂ ਸਵਿਟਜ਼ਰਲੈਂਡ ਲਈ ਮਰਾਂਗਾ। ਮੈਂ ਆਪਣੀ..." ਉਸ ਨੇ ਕਿਹਾ, "ਮੈਂ ਦੇਸ਼ ਨੂੰ ਬਚਾਉਣ ਲਈ ਆਪਣੀ ਜਾਨ ਦਿੰਦਾ ਹਾਂ।" ਅਤੇ ਉਹ ਇੱਕ ਨਾਇਕ ਸੀ। ਉਦੋਂ ਤੋਂ ਉਨ੍ਹਾਂ ਦਾ ਕੋਈ ਯੁੱਧ ਨਹੀਂ ਹੋਇਆ ਹੈ। ਉਸ ਨੇ, ਉਸ ਨੇ ਇਸ ਨੂੰ ਖਤਮ ਕਰ ਦਿੱਤਾ।

388 ਇਸਨੇ ਉਸ ਫੌਜ ਨੂੰ ਹਰਾ ਦਿੱਤਾ, ਉਸ ਨੇ ਅਜਿਹੀ ਬਹਾਦਰੀ ਦਾ ਪ੍ਰਦਰਸ਼ਨ ਕੀਤਾ, ਜਦੋਂ ਤੱਕ ਉੱਥੇ ਨਹੀਂ...ਫੌਜ ਬਹੁਤ ਉਲਝਣ ਵਿੱਚ ਸੀ। ਸਵਿਟਜ਼ਰਲੈਂਡ ਵਾਲਿਆਂ ਨੇ ਉਨ੍ਹਾਂ ਤੇ ਪੱਥਰਾਂ ਨੂੰ ਰੇੜਿਆ, ਅਤੇ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਭਜਾ ਦਿੱਤਾ; ਅਤੇ ਉਹ ਉਦੋਂ ਤੋਂ ਕਦੇ ਵਾਪਸ ਨਹੀਂ ਆਏ। ਇਹ ਸੈਂਕੜੇ ਸਾਲ ਪਹਿਲਾਂ ਦੀ ਗੱਲ ਹੈ। ਵੇਖਿਆ? ਕਿਉਂ? ਇਹ ਇੱਕ ਮਹਾਨ ਕਾਰਨਾਮਾ ਸੀ।

389 ਪਰ, ਔਹ, ਭਾਈ, ਇੱਕ ਦਿਨ, ਜਦੋਂ ਅਗਿਆਨਤਾ, ਵਹਿਮ, ਸੰਦੇਹ, ਨਿਰਾਸ਼ਾ ਅਤੇ ਡਰ ਨੇ, ਪਰਮੇਸ਼ੁਰ ਦੇ ਲੋਕਾਂ ਨੂੰ ਨੁੱਕਰ ਵਿੱਚ ਧੱਕ ਦਿੱਤਾ ਸੀ, ਯਿਸੂ ਮਸੀਹ ਨਾਮ ਦਾ ਇੱਕ ਸੀ: "ਇਸ ਦਿਨ ਮੈਂ ਲੋਕਾਂ ਲਈ ਮਰਦਾ ਹਾਂ।" ਇਹ ਠੀਕ ਹੈ।

390 ਉਸਨੇ ਆਪਣੀ ਫੌਜ ਨੂੰ ਕੀ ਕਿਹਾ? "ਮੇਰੇ ਪਿੱਛੇ ਚਲੋ ਅਤੇ ਜੋ ਕੁਝ ਵੀ ਤੁਹਾਡੇ ਕੋਲ ਹੈ ਉਸ ਨਾਲ ਲੜੋ। ਜੇਕਰ ਤੁਹਾਡੇ ਕੋਲ ਇੱਕ ਡਾਂਗ ਹੈ, ਤਾਂ ਇੱਕ ਡਾਂਗ ਨਾਲ ਲੜੋ। ਨਾ ਡਰੋ। ਤੁਹਾਡੇ ਕੋਲ ਇੱਕ ਸੋਟੀ ਹੈ, ਸੋਟੀ ਨਾਲ ਲੜੋ। ਤੁਹਾਡੇ ਕੋਲ ਇੱਕ ਪੱਥਰ ਹੈ, ਤਾਂ ਪੱਥਰ ਨਾਲ ਲੜੋ, ਜੋ ਵੀ ਤੁਹਾਡੇ ਕੋਲ ਹੈ।"

391 ਅੱਜ ਸਾਡਾ ਮੁੱਖ ਕਪਤਾਨ ਇਹੀ ਕਹਿ ਰਿਹਾ ਹੈ। "ਮੈਂ ਪਰਮੇਸ਼ੁਰ ਦਾ ਵਚਨ ਲਿਆ, ਅਤੇ ਮੈਂ ਸ਼ੈਤਾਨ ਅਤੇ ਉਸਦੀ ਸ਼ਕਤੀ ਨੂੰ ਹਰਾ ਦਿੱਤਾ।" ਉਸ ਵਚਨ ਨਾਲ ਕੱਟ ਕੇ, ਆਮੀਨ, ਉਸ ਨੇ ਉਸਦਾ ਫ਼ੀਤਾ-ਫ਼ੀਤਾ ਕਰ ਦਿੱਤਾ। ਹੁਣ, ਜੋ ਵੀ ਤੁਹਾਡੇ ਕੋਲ ਹੈ, ਜੇ ਤੁਹਾਡੇ ਕੋਲ ਸਿਰਫ ਇੱਕ ਵਚਨ ਹੈ, "ਯਹੋਵਾਹ ਤੇਰਾ ਪਰਮੇਸ਼ੁਰ ਤੈਨੂੰ ਚੰਗਾ ਕਰਦਾ ਹੈ," ਉਸਨੂੰ ਕੱਟੋ। ਉਸ ਦੇ ਪਿੱਛੇ ਜਾਓ। ਆਮੀਨ। ਸਾਡੇ ਕਪਤਾਨ ਦੇ ਮਗਰ ਲਗੋ। ਹਾਂ, ਸ਼੍ਰੀਮਾਨ। ਉਸਨੇ ਉਸਨੂੰ ਵੱਢ ਦਿੱਤਾ।

392 ਸ਼ੈਤਾਨ, ਆਪਣੇ ਵੱਡੇ, ਸੁੰਦਰ ਰਾਜਾਂ, ਅਤੇ ਹੋਰ ਸੁੰਦਰਤਾ, ਅਤੇ ਸਭ ਕੁਝ ਨਾਲ, ਬਿਲਕੁਲ ਆਧੁਨਿਕ ਹੈ। ਸਾਡੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਇਹ ਠੀਕ ਹੈ। ਉਹ ਅਜੇ ਵੀ ਖੇਤ ਦੇ ਸਾਰੇ ਜਾਨਵਰਾਂ ਵਿੱਚੋਂ ਸਭ ਤੋਂ ਚਲਾਕ ਹੈ। ਹਾਂ, ਸ਼੍ਰੀਮਾਨ। ਯਿਸੂ ਨੇ ਕਿਹਾ ਕਿ ਇਸ ਸੰਸਾਰ ਦੇ ਬੱਚੇ ਪਰਮੇਸ਼ੁਰ ਦੇ ਰਾਜ ਦੇ ਬੱਚਿਆਂ ਨਾਲੋਂ ਬੁੱਧੀਮਾਨ ਸਨ।

393 ਹੁਣ, ਇਹ ਦੋ ਮਹਾਨ ਟਕਰਾਅ। ਅਸੀਂ ਜਾ ਰਹੇ ਹਾਂ...ਮੇਰੇ ਕੋਲ...ਬੰਦ ਕਰਨਾ ਹੈ। ਇਹ ਦੋ ਮਹਾਨ ਸੰਘਰਸ਼ ਇਸ ਸਮੇਂ ਇਕੱਠੇ ਆ ਰਹੇ ਹਨ। ਹੁਣੇ ਉਹ ਸਮਾਂ ਹੈ ਜਦੋਂ ਬੀਮਾਰੀਆਂ ਅਤੇ ਚੀਜ਼ਾਂ ਸੰਸਾਰ ਨੂੰ ਮਾਰ ਰਹੀਆਂ ਹਨ, ਇੱਥੋਂ ਤੱਕ ਡਾਕਟਰੀ ਵਿਗਿਆਨ ਬੌਂਦਲ ਗਿਆ ਹੈ, ਅਤੇ ਸਭ ਕੁਝ ਬੌਂਦਲ ਗਿਆ ਹੈ। ਇੱਥੇ ਕੁਝ ਵੀ ਨਹੀਂ ਹੈ, ਅਤੇ—ਅਤੇ ਅਸੀਂ ਬਸ...ਅਤੇ ਫੌਜ, ਪਰਮੇਸ਼ੁਰ ਦੀ ਛੋਟੀ ਫੌਜ, ਨੁੱਕਰ ਅਤੇ ਹਰ ਚੀਜ਼ ਵਿੱਚ ਪਿੱਛੇ ਧੱਕੀ ਜਾ ਰਹੀ ਹੈ। ਭਾਈ, ਇਹ ਸਮਾਂ ਹੈ ਕਿ ਇੱਕ ਹੋਰ ਅਰਨੋਲਡ ਵਾਨ ਵਿੰਕਲਰੀਡ ਹੋਵੇ। ਇਹ ਸਮਾਂ ਹੈ, ਪਰਮੇਸ਼ੁਰ ਦੇ ਕਿਸੇ ਹੋਰ ਆਦਮੀ ਦੇ ਸਾਹਮਣੇ ਆਉਣ ਦਾ ਸਮਾਂ ਹੈ। ਇਹ ਏਲੀਯਾਹ ਦੇ ਪ੍ਰਗਟ ਹੋਣ ਦਾ ਸਮਾਂ ਹੈ। ਇਹ ਕੁਝ ਹੋਣ ਦਾ ਸਮਾਂ ਹੈ।

394 ਪਰਮੇਸ਼ੁਰ ਦੀ ਫੌਜ, ਆਪਣੇ ਦਿਮਾਗ ਨੂੰ ਬੰਦ ਕਰ। ਇੱਕ ਮਿੰਟ ਲਈ ਵੀ ਨਾ ਰੁਕੋ, ਕਿਸੇ ਵੀ ਚੀਜ਼ ਬਾਰੇ ਸੋਚਣ ਲਈ ਜੋ ਸ਼ੈਤਾਨ ਤੁਹਾਨੂੰ ਤੁਹਾਡੀਆਂ ਇੰਦਰੀਆਂ ਦੁਆਰਾ ਪੇਸ਼ ਕਰਦਾ ਹੈ। ਪਰ ਯਾਦ ਰੱਖੋ, ਪਰਮੇਸ਼ੁਰ ਦਾ ਵਚਨ ਕਦੇ ਵੀ ਅਸਫਲ ਨਹੀਂ ਹੋ ਸਕਦਾ।

395 ਇਹ ਦੋ ਮਹਾਨ ਫੌਜਾਂ! ਜਦੋਂ ਦੁਸ਼ਮਣ ਹੜ੍ਹ ਵਾਂਗ ਆਉਂਦਾ ਹੈ, ਜਿਵੇਂ ਅੱਜ ਆ ਰਿਹਾ ਹੈ, ਪਰਮੇਸ਼ੁਰ ਨੇ ਕੀ ਕਿਹਾ ਕਿ ਉਹ ਕਰੇਗਾ? "ਪਰਮੇਸ਼ੁਰ ਦਾ ਆਤਮਾ ਇਸਦੇ ਵਿਰੁੱਧ ਇੱਕ ਝੰਡਾ ਉੱਚਾ ਕਰੇਗਾ।" ਕੀ ਤੁਸੀਂ ਉਨ੍ਹਾਂ ਵਿੱਚੋਂ ਇੱਕ ਹੋ? ਹਾਂ, ਸ਼੍ਰੀਮਾਨ।

396 ਸਾਨੂੰ ਯਾਕੂਬ 4:7 ਵਿੱਚ ਸਿਖਾਇਆ ਗਿਆ ਹੈ, ਮੇਰੇ ਕੋਲ ਇਸਨੂੰ ਪੜ੍ਹਨ ਦਾ ਸਮਾਂ ਨਹੀਂ ਹੈ, ਯਾਕੂਬ 4:7, ਤੋਂ, "ਸ਼ੈਤਾਨ ਦਾ ਸਾਹਮਣਾ ਕਰੋ, ਅਤੇ," ਉਹ ਤੁਰਦਾ ਨਹੀਂ ਜਾਵੇਗਾ, ਪਰ, "ਉਹ ਭੱਜ ਜਾਵੇਗਾ।" "ਸ਼ੈਤਾਨ ਦਾ ਸਾਹਮਣਾ ਕਰੋ।" ਤੁਸੀਂ ਸ਼ੈਤਾਨ ਦਾ ਵਿਰੋਧ ਕਿਵੇਂ ਕਰਦੇ ਹੋ? ਜਿਸ ਤਰ੍ਹਾਂ ਸਾਡੇ ਮੁੱਖ ਕਪਤਾਨ ਨੇ ਸਾਨੂੰ ਕਰਨ ਲਈ ਕਿਹਾ ਸੀ। ਪਰਮੇਸ਼ੁਰ ਦਾ ਵਚਨ ਲਵੋ। ਇਸ ਤਰ੍ਹਾਂ ਤੁਸੀਂ ਸ਼ੈਤਾਨ ਦਾ ਸਾਹਮਣਾ ਕਰਦੇ ਹੋ, ਪਰਮੇਸ਼ੁਰ ਦੇ ਵਚਨ ਦੁਆਰਾ। ਮੁੱਖ ਕਪਤਾਨ ਨੇ ਸਾਨੂੰ ਦੱਸਿਆ ਕਿ ਇਹ ਕਿਵੇਂ ਕੀਤਾ ਗਿਆ ਸੀ। ਠੀਕ ਹੈ।

397 ਹੁਣ, ਅੰਤ ਵਿੱਚ, ਮੈਂ ਇਹ ਕਹਿਣਾ ਚਾਹੁੰਦਾ ਹਾਂ। ਉਹ ਬੁੱਢਾ ਸ਼ੈਤਾਨ, ਹੁਣ, ਤੁਸੀਂ ਜਾਣ ਲਵੋ ਕਿ ਉਹ ਬੇਸ਼ਰਮ ਹੈ। ਕੀ ਤੁਸੀਂ ਸੋਚਦੇ ਹੋ ਕਿ ਉਹ ਇੱਕ ਬੱਚੇ ਤੇ ਹਮਲਾ ਕਰੇਗਾ? ਉਹ ਕਿਸੇ ਵੀ ਚੀਜ਼ ਤੇ ਹਮਲਾ ਕਰੇਗਾ। ਉਸਨੇ ਯਿਸੂ ਮਸੀਹ ਉੱਤੇ ਹਮਲਾ ਕੀਤਾ। ਉਸ ਨੇ ਉਸ ਤੇ, ਤਿੰਨ ਖੂੰਖਾਰ ਹਮਲੇ ਕੀਤੇ। ਕੀ ਤੁਸੀਂ ਜਾਣਦੇ ਹੋ? ਸ਼ੈਤਾਨ ਨੇ ਸਿਰਫ਼ ਇੱਕ ਵਾਰ ਹੀ ਹਮਲਾ ਨਹੀਂ ਕੀਤਾ। ਉਹ ਤੁਹਾਡੇ ਤੇ ਬਿਮਾਰੀ ਨਾਲ ਹਮਲਾ ਕਰੇਗਾ, ਫਿਰ ਉਹ ਇੱਥੇ ਵਾਪਸ ਆ ਕੇ ਤੁਹਾਡੇ ਤੇ ਹਮਲਾ ਕਰੇਗਾ, ਤੁਹਾਨੂੰ ਦੱਸੇਗਾ, "ਚਮਤਕਾਰਾਂ ਦੇ ਦਿਨ ਬੀਤ ਚੁੱਕੇ ਹਨ। ਤੁਸੀਂ ਠੀਕ ਨਹੀਂ ਹੋਏ। ਇਸ ਵਿੱਚ ਕੁਝ ਵੀ ਨਹੀਂ ਹੈ।" ਕੀ ਤੁਸੀਂ ਜਾਣਦੇ ਹੋ ਕਿ ਇਹ ਸਹੀ ਹੈ?

398 ਉਸਨੇ ਯਿਸੂ ਉੱਤੇ ਤਿੰਨ ਵਾਰ ਹਮਲਾ ਕੀਤਾ। ਤਿੰਨ ਖੂੰਖਾਰ ਹਮਲੇ, ਉਹ ਪਰਮੇਸ਼ੁਰ ਦੇ ਵਚਨ ਵਿੱਚ ਆਪਣੇ ਅਵਿਸ਼ਵਾਸ ਦੇ ਨਾਲ, ਯਿਸੂ ਨਾਲ ਟਕਰਾਇਆ। ਯਿਸੂ ਵਚਨ ਸੀ। ਯਕੀਨਨ, ਉਸਨੇ ਇਸ ਤੇ ਵਿਸ਼ਵਾਸ ਨਹੀਂ ਕੀਤਾ। "ਜੇ ਤੂੰ ਹੈਂ...ਜੇ ਤੂੰ ਹੈਂ..." ਇੱਥੇ ਉਹ ਆਇਆ, ਖੂੰਖਾਰ ਹਮਲੇ, ਜਿਵੇਂ ਅੱਜ ਦੁਸ਼ਮਣ ਕਦੇ ਕਦਾਈਂ ਕਰਦਾ ਹੈ। ਉਹ ਆਇਆ, ਕਿਹਾ, "ਜੇ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ, ਤਾਂ ਮੈਨੂੰ ਇੱਕ ਚਮਤਕਾਰ ਵਿਖਾ। ਮੈਨੂੰ ਇਸ ਨੂੰ ਪੂਰਾ ਹੁੰਦਾ ਹੋਇਆ ਵਿਖਾ।" ਭਾਈ, ਤਿੰਨ ਖੂੰਖਾਰ ਹਵਾਈ ਹਮਲੇ ਕੀਤੇ, "ਜੇ ਤੂੰ...ਜੇ ਤੂੰ ਹੈਂ..."

399 ਹੁਣ, ਯਿਸੂ ਨੇ ਕੀ ਕੀਤਾ? ਯਿਸੂ ਪਰਮੇਸ਼ੁਰ ਦਾ ਵਚਨ ਸੀ। ਉਹ ਵਚਨ ਸੀ। ਉਸ ਨੇ ਵਚਨ ਉੱਤੇ ਹਮਲਾ ਕੀਤਾ। ਮਹਿਮਾ! ਮੈਂ—ਮੈਂ ਬਸ...ਹੁਣ ਪ੍ਰਚਾਰ ਕਰਨ ਲਈ, ਬੱਸ ਚੰਗਾ ਮਹਿਸੂਸ ਕਰ ਰਿਹਾ ਹਾਂ, ਮੈਂ ਇਮਾਨਦਾਰ ਹਾਂ। ਇਹ ਠੀਕ ਹੈ। ਯਿਸੂ ਵਚਨ ਹੈ। "ਆਦ ਵਿੱਚ ਸ਼ਬਦ ਸੀ, ਅਤੇ ਸ਼ਬਦ ਪਰਮੇਸ਼ੁਰ ਦੇ ਸੰਗ ਸੀ, ਅਤੇ ਸ਼ਬਦ ਹੀ ਪਰਮੇਸ਼ੁਰ ਸੀ। ਅਤੇ ਸ਼ਬਦ ਨੇ ਵਾਸ ਕੀਤਾ, ਦੇਹਧਾਰੀ ਹੋਇਆ, ਅਤੇ ਵੱਸਿਆ..." ਯਿਸੂ ਸ਼ਬਦ ਸੀ। ਉਸਨੇ ਕੀ ਕੀਤਾ? ਉਸਨੇ ਉਸਨੂੰ ਲੀਰੋ ਲੀਰ ਕੱਰ ਦਿੱਤਾ। ਔਹ, ਮੇਰੇ! ਮੈਂ ਬੰਦ ਕਰਨ ਜਾ ਰਿਹਾ ਹਾਂ। ਯਿਸੂ ਨੇ ਕੀ ਕੀਤਾ? ਉਹ ਵਚਨ ਸੀ। ਇਸ ਲਈ, ਵਚਨ ਦੇ ਨਾਲ, ਉਸਨੇ ਸ਼ੈਤਾਨ ਨੂੰ ਉਸਦੇ ਖੂੰਖਾਰ ਹਮਲੇ ਤੇ ਵੱਢ ਦਿੱਤਾ। ਉਹ ਉੱਥੇ ਤੂਫਾਨੀ-ਸਪਾਟਿਆਂ ਦੇ ਝੁੰਡ, ਜਾਂ ਇਸ ਤਰ੍ਹਾਂ ਦੀ ਕਿਸੇ ਹੋਰ ਚੀਜ਼ ਵਾਂਗ ਉੱਡਦਾ ਹੋਇਆ ਆਇਆ, ਯਿਸੂ ਤੇ ਹਵਾਈ ਹਮਲਾ ਕੀਤਾ, ਜੋ ਵਚਨ ਸੀ, ਇਸ ਤਰ੍ਹਾਂ। ਅਤੇ ਯਿਸੂ ਨੇ ਉਹ ਵਚਨ ਲੈ ਲਿਆ, ਅਤੇ ਉਸ ਦੇ ਟੋਟੇ ਟੋਟੇ ਕਰ ਦਿੱਤੇ। ਹਲਲੂਯਾਹ! ਯਕੀਨਨ, ਉਸਨੂੰ ਟੁਕੜਿਆਂ ਵਿੱਚ ਕੱਟ ਦਿੱਤਾ, ਉਸਨੂੰ ਵਚਨ ਨਾਲ ਹਰਾਇਆ।

400 ਉਸ ਦਾ ਹਮਲਾ ਵੇਖਿਆ? ਦੇਖੋ, ਇਸ ਸਮਾਪਤੀ ਨੂੰ, ਧਿਆਨ ਨਾਲ ਸੁਣੋ। ਉਸਦਾ ਹਮਲਾ ਕੀ ਹੈ? ਪਰਮੇਸ਼ੁਰ ਦੇ ਵਚਨ ਤੇ ਅਵਿਸ਼ਾਸ ਕਰਨਾ, ਇਹ ਉਸਦਾ ਹਮਲਾ ਹੈ। ਉੱਥੇ, ਕੀ ਤੁਸੀਂ ਦੇਖ ਸਕਦੇ ਹੋ ਕਿ ਹੁਣ ਤੱਕ ਦੀ ਸਭ ਤੋਂ ਵੱਡੀ ਲੜਾਈ ਲੜੀ ਗਈ ਸੀ? ਇੱਥੇ ਸਿਰਫ਼ ਦੋ ਸ਼ਕਤੀਆਂ ਹਨ: ਸ਼ੈਤਾਨ ਅਤੇ ਪਰਮੇਸ਼ੁਰ। ਅਤੇ ਤੁਹਾਡੇ ਵਿਰੁੱਧ ਸ਼ੈਤਾਨ ਦਾ ਹਥਿਆਰ ਕੀ ਹੈ? ਇਹ ਕੋਸ਼ਿਸ ਕਰਨੀ ਕਿ ਤੁਹਾਡੇ ਤੋਂ ਤੁਹਾਡੇ ਹਥਿਆਰ ਤੇ ਅਵਿਸ਼ਵਾਸ ਕਰਾਵੇ। ਉਹ ਤੁਹਾਨੂੰ ਨਿਹੱਥਾ ਕਰਦਾ ਹੈ। ਚਲੋ—ਚਲੋ ਹੁਣ ਚੁੱਪਚਾਪ ਸੁਣੀਏ। ਸੁਣੋ। ਜੇ ਉਹ ਤੁਹਾਥੋਂ ਤੁਹਾਡੇ ਹਥਿਆਰ ਤੇ ਅਵਿਸ਼ਵਾਸ ਕਰਵਾ ਦਿੰਦਾ ਹੈ ਤਾਂ ਇਸ ਦਾ ਮਤਲਬ ਹੈ, ਜੇਕਰ ਉਹ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹੈ ਕਿ ਤੁਹਾਡਾ ਹਥਿਆਰ ਕਾਫ਼ੀ ਮਜ਼ਬੂਤ ਨਹੀਂ ਹੈ, ਤਾਂ ਉਸਨੇ ਤੁਹਾਨੂੰ ਨਿਹੱਥਾ ਕਰ ਦਿੱਤਾ ਹੈ।

401 ਔਹ, ਭਾਈ ਨੇਵਿਲ, ਮੈਂ ਆਸ ਕਰਦਾ ਹਾਂ ਕਿ ਅਸੀਂ ਇਸ ਤੇ ਕਦੇ ਵਿਸ਼ਵਾਸ ਨਾ ਕਰੀਏ।

402 ਦੇਖੋ। ਉਸਨੇ ਤੁਹਾਨੂੰ ਨਿਹੱਥੇ ਕਰ ਦਿੱਤਾ ਹੈ ਜਦੋਂ ਉਹ ਤੁਹਾਨੂੰ ਉਸ ਹਥਿਆਰ ਤੇ ਅਵਿਸ਼ਵਾਸ ਕਰਵਾ ਦਿੰਦਾ ਹੈ। ਜਦੋਂ ਤੁਸੀਂ ਇਸ ਨੂੰ ਹੇਠਾਂ ਰੱਖ ਦਿੰਦੇ ਹੋ, ਤਾਂ ਇਹ ਤੁਹਾਡੀ ਲੜਾਈ ਨੂੰ ਖਤਮ ਕਰ ਦਿੰਦਾ ਹੈ, ਤੁਸੀਂ ਖਤਮ ਹੋ ਜਾਂਦੇ ਹੋ। ਉਸ ਹਥਿਆਰ ਨੂੰ ਫੜੋ, ਤੁਸੀਂ ਇਸਨੂੰ ਹੇਠਾਂ ਨਾ ਰੱਖੋ। ਅਸੀਂ ਉਸਦੇ ਅਵਿਸ਼ਵਾਸ ਨੂੰ ਦੇਖਦੇ ਹਾਂ। ਚਲੋ…

ਮੈਂ ਇੱਕ ਹੋਰ ਚੀਜ ਕਹਿਣੀ ਚਾਹੁੰਦਾ ਹਾਂ, ਇੱਕ ਮਿੰਟ ਵਿੱਚ।

403 ਰੂਸ। ਮੈਂ ਇਹ ਸਾਬਕਾ ਸੈਨਿਕਾਂ ਦੇ ਫਾਇਦੇ ਲਈ ਕਹਿਣਾ ਚਾਹੁੰਦਾ ਹਾਂ, ਅਤੇ ਇਸ ਤਰ੍ਹਾਂ, ਇੱਥੇ, ਅਤੇ ਤੁਸੀਂ ਬਾਈਬਲ ਵਿਦਿਆਰਥੀਆਂ ਲਈ। ਤੁਸੀਂ ਰੂਸ ਬਾਰੇ ਕੀ ਉਲਝਣ ਅਤੇ ਹੁੱਲੜਬਾਜ਼ੀ ਕਰ ਰਹੇ ਹੋ? ਹੂੰ! ਤੁਸੀਂ ਮੈਨੂੰ ਬੰਬ ਤੋਂ ਬਚਣ ਲਈ ਆੜ ਬਣਾਉਣ ਲਈ ਕਹਿੰਦੇ ਹੋਏ ਨਹੀਂ ਸੁਣਿਆ, ਕੀ ਤੁਸੀਂ ਸੁਣਿਆ? ਤੁਸੀਂ ਰੂਸ ਬਾਰੇ ਕੀ ਬੜਬੜਾ ਹੋ ਰਹੇ ਹੋ? ਰੂਸ ਕੁਝ ਵੀ ਨਹੀਂ ਹੈ। ਉਹ ਕੋਈ ਜੰਗ ਨਹੀਂ ਜਿੱਤਣਗੇ। ਉਹ ਕਦੇ ਵੀ ਸੰਸਾਰ ਨੂੰ ਨਹੀਂ ਜਿੱਤਣਗੇ। ਸਾਮਵਾਦ ਦੁਨੀਆਂ ਨੂੰ ਨਹੀਂ ਜਿੱਤ ਸਕੇਗਾ। ਲੋਕਾਂ ਨੂੰ ਕੀ ਹੋ ਗਿਆ ਹੈ? ਕੀ ਪਰਮੇਸ਼ੁਰ ਦਾ ਬਚਨ ਅਸਫਲ ਹੋ ਸਕਦਾ ਹੈ?

404 ਸੁਣੋ, ਇਹ ਹੁਣ ਟੇਪ ਉੱਤੇ ਹੈ, ਦੁਨੀਆ ਲਈ, ਮੈਂ ਬੋਲਦਾ ਹਾਂ, ਜਾਂ ਜਿੱਥੇ ਵੀ ਇਹ ਟੇਪਾਂ ਜਾਣਗੀਆਂ। ਅਤੇ ਤੁਸੀਂ ਲੋਕਾਂ ਲਈ ਜੋ ਇੱਥੇ ਹੋ, ਭਾਵੇਂ ਮੇਰੇ ਨਾਲ ਕੁਝ ਵੀ ਹੋਵੇ, ਤੁਸੀਂ ਇਸ ਵਿੱਚ ਵਿਸ਼ਵਾਸ ਕਰਨਾ।

405 ਰੂਸ, ਸਾਮਵਾਦ, ਕੁਝ ਵੀ ਨਹੀਂ ਜਿੱਤੇਗਾ। ਪਰਮੇਸ਼ੁਰ ਦਾ ਵਚਨ ਅਸਫਲ ਨਹੀਂ ਹੋ ਸਕਦਾ। ਰੋਮਵਾਦ ਦੁਨੀਆਂ ਨੂੰ ਜਿੱਤਣ ਜਾ ਰਿਹਾ ਹੈ।

406 ਆਓ ਦਾਨੀਏਲ ਦੇ ਦਰਸ਼ਣ ਨੂੰ ਲੈਂਦੇ ਹਾਂ। ਇਹ ਪਰਮੇਸ਼ੁਰ ਦਾ ਵਚਨ ਹੈ। "ਤੂੰ, ਹੇ ਦਾਨੀਏਲ..." "ਹੇ ਰਾਜਾ ਨਬੂਕਦਨੱਸਰ, ਤੂੰ ਇਹ ਸੋਨੇ ਦਾ ਸਿਰ ਹੈਂ," ਬਾਬਲ। "ਇੱਕ ਹੋਰ ਰਾਜ ਤੇਰੇ ਬਾਅਦ ਆਵੇਗਾ, ਜੋ ਚਾਂਦੀ ਦਾ ਹੈ," ਦੇਖੋ, ਜੋ ਕਿ ਮਾਦੀ-ਓ-ਪਰਸ਼ੀਆ ਸੀ। ਇਕ ਹੋਰ ਯੂਨਾਨ ਸੀ, ਮਹਾਨ ਸਿਕੰਦਰ। ਅੱਗੇ, ਆਇਆ, ਰੋਮ। ਸਾਮਵਾਦ ਬਾਰੇ ਕੁਝ ਵੀ ਨਹੀਂ ਕਿਹਾ ਗਿਆ ਸੀ। ਰੋਮ ਨੇ ਸੰਸਾਰ ਨੂੰ ਜਿੱਤ ਲਿਆ।

407 ਯਿਸੂ ਮਸੀਹ ਰੋਮਨ ਰਾਜ ਵਿੱਚ ਪੈਦਾ ਹੋਇਆ ਸੀ, ਅਤੇ ਸਤਾਇਆ ਗਿਆ ਸੀ, ਉਹ ਪਹਿਲੀ ਵਾਰ ਇੱਥੇ, ਰੋਮਨ ਰਾਜ ਦੁਆਰਾ ਆਇਆ ਸੀ। ਅਤੇ ਉਸਦੇ ਦੂਜੇ ਆਗਮਨ ਤੇ, ਹੁਣ ਆ ਰਿਹਾ ਹੈ, ਉਸਦਾ ਸੰਦੇਸ਼ ਰੋਮਨ ਸੰਪਰਦਾਵਾਂ ਦੁਆਰਾ ਸਤਾਇਆ ਜਾਂਦਾ ਹੈ, ਜੋ ਉਨ੍ਹਾਂ ਸਾਰਿਆਂ ਦੀ ਮਾਂ ਹੈ। ਅਤੇ ਜਦੋਂ ਉਹ ਵਾਪਸ ਆਵੇਗਾ, ਉਹ ਰੋਮਨ ਰਾਜ ਨੂੰ ਮਿਟਾਉਣ ਲਈ ਵਾਪਸ ਆਵੇਗਾ, ਯਹੂਦੀ ਹਮੇਸ਼ਾ ਤੋਂ ਉਸ ਦੇ ਆਉਣ ਅਤੇ ਰੋਮਨ ਰਾਜ ਨੂੰ ਮਿਟਾਉਣ ਲਈ ਉਡੀਕ ਰਹੇ ਹਨ।

408 ਦੁਨੀਆਂ ਦੀਆਂ ਸਾਰੀਆਂ ਸੰਪਰਦਾਵਾਂ ਦੇ ਨਾਲ ਕੈਥੋਲਿਕ ਮਹੰਤਸ਼ਾਹੀ, ਇਸ ਸਮੇਂ ਇੱਕ ਸੰਗਠਨ ਦੇ ਰੂਪ ਵਿੱਚ ਇਕੱਠੇ ਆ ਰਹੇ ਹਨ, ਗਿਰਜਿਆਂ ਦੇ ਸੰਘ ਆਪਣੇ ਆਪ ਨੂੰ ਸੰਗਠਿਤ ਕਰ ਰਹੇ ਹਨ। ਇਹ ਰੂਸ ਨਹੀਂ ਹੈ। ਇਹ ਰੋਮ ਹੈ। **ਇਹ ਯਹੋਵਾਹ ਇਉਂ ਫ਼ਰਮਾਉਂਦਾ ਹੈ**। ਹਾਂ। ਮੈਨੂੰ ਇੱਕ ਲਿਖਤ ਦਿਖਾਓ ਜਿੱਥੇ ਸਾਮਵਾਦ, ਜਾਂ ਰੋਮ ਤੋਂ ਇਲਾਵਾ ਹੋਰ ਕੁਝ ਵੀ, ਰਾਜ ਕਰੇਗਾ।

409 ਕੀ ਮਾਦੀ-ਓ-ਫ਼ਾਰਸੀ ਨੇ ਨਬੂਕਦਨੱਸਰ ਦੀ ਥਾਂ ਲਈ ਸੀ? ਯਕੀਨਨ। ਕੀ ਗ੍ਰੀਸ ਨੇ ਉਨ੍ਹਾਂ ਦੀ ਥਾਂ ਲਈ? ਹਾਂ। ਕੀ ਰੋਮ ਨੇ ਉਨ੍ਹਾਂ ਕੋਲੋਂ ਬਾਗਡੋਰ ਲੈ ਲਈ, ਉਸ ਥਾਂ ਤੋਂ? ਕੀ ਇਹ ਦਸ ਓਟੋਮੈਨ ਸ਼ਕਤੀਆਂ ਵਿੱਚ ਵੰਡਿਆ ਗਿਆ ਜਿਵੇਂ ਹੁਣ ਇਹ ਸਾਡੇ ਕੋਲ ਹੈ?

410 ਕੀ...*ਆਈਜ਼ਨਹਾਵਰ*, ਜਿਸਦਾ ਅਰਥ ਹੈ "ਲੋਹਾ," *ਖਰੁਸ਼ਚੇਵ* ਦਾ ਅਰਥ ਹੈ "ਮਿੱਟੀ," ਕੀ ਉਨ੍ਹਾਂ ਦੀ ਇੱਥੇ ਹੀ ਮੁਲਾਕਾਤ ਹੋਈ ਸੀ? ਅਤੇ ਖਰੁਸ਼ਚੇਵ ਨੇ ਆਪਣੀ ਜੁੱਤੀ ਲਾਹ ਲਈ, [ਭਾਈ ਬ੍ਰੈਨਹੈਮ ਪੁਲਪਿਟ ਨੂੰ ਖੜਕਾਉਂਦੇ ਹਨ—ਸੰਪਾ.] ਇਸਨੂੰ ਇੱਕ ਸਧਾਰਨ, ਖੁੱਲੀ ਚੀਜ਼ ਬਣਾਉਣ ਲਈ, ਇਸ ਨੂੰ ਮੇਜ ਤੇ ਮਾਰਿਆ, *ਇਸ* ਤਰ੍ਹਾਂ, ਲੋਕਾਂ ਨੂੰ ਦਿਖਾਉਣ ਲਈ। [ਭਾਈ ਬ੍ਰੈਨਹਾਮ ਪੁਲਪਿਟ ਨੂੰ ਖੜਕਾਉਂਦੇ ਹਨ।]

411 ਖੈਰ, ਅੱਜ ਲੋਕਾਂ ਨੂੰ ਕੀ ਹੋ ਗਿਆ ਹੈ? ਵਿਸ਼ਵਾਸ ਕਿੱਥੇ ਚਲਾ ਗਿਆ ਹੈ? ਕਿਉਂ, ਤੁਸੀਂ ਪਰਮੇਸ਼ੁਰ ਦੇ ਵਚਨ ਨੂੰ ਸੱਚ ਨਹੀਂ ਮੰਨਦੇ? ਅਤੇ ਉਹ ਚੀਜ਼ *ਇੱਥੇ* ਨਹੀਂ ਹੈ। ਅੱਜ ਪ੍ਰਚਾਰਕਾਂ ਨੂੰ ਕੀ ਹੋ ਗਿਆ ਹੈ? "ਸਾਮਵਾਦ!" ਇੱਥੇ

ਹਰ ਪ੍ਰਚਾਰਕ ਸਾਮਵਾਦ ਨਾਲ ਲੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਮਵਾਦ, ਕੁਝ ਨਹੀਂ ਹੈ!

412 ਗੱਲ ਇਹ ਹੈ, ਸ਼ੈਤਾਨ ਇਸ ਨੂੰ ਠੀਕ ਤੁਹਾਡੇ ਨੱਕ ਦੇ ਹੇਠਾਂ ਬੁਣ ਰਿਹਾ ਹੈ, ਅਤੇ ਤੁਹਾਨੂੰ ਇਸ ਦਾ ਪਤਾ ਵੀ ਨਹੀਂ ਹੈ; ਇਹ ਰੋਮਨਵਾਦ, ਸੰਪਰਦਾਇਕਤਾ ਹੈ। ਅਤੇ ਰੋਮ ਸੰਪਰਦਾਵਾਂ ਦੀ ਮਾਂ ਹੈ। ਬਾਈਬਲ ਨੇ ਕਿਹਾ, "ਉਹ ਕੰਜਰੀ ਸੀ, ਅਤੇ ਉਹਦੀਆਂ ਧੀਆਂ ਕੰਜਰੀਆਂ ਸਨ," ਪਰਮੇਸ਼ੁਰ ਦੇ ਵਿਰੁੱਧ, ਉਸਦੇ ਬਚਨ ਦੇ ਵਿਰੁੱਧ।

413 ਸਿਪਾਹੀਓ, ਵਚਨ ਨੂੰ ਚੁੱਕੋ। ਦਯਾ ਦੇ ਦੂਤ, ਉਸ ਵਚਨ ਦੇ ਨਾਲ ਰਹੋ। ਮੈਂ ਇੱਕ ਦਿਨ ਮਰ ਜਾਵਾਂਗਾ, ਪਰ ਇਹ ਵਚਨ ਮਰ ਨਹੀਂ ਸਕਦਾ। ਅਤੇ ਤੁਸੀਂ ਨੌਜਵਾਨੋ, ਜੇਕਰ ਇਹ ਮੇਰੀ ਪੀੜ੍ਹੀ ਵਿੱਚ ਨਹੀਂ ਵਾਪਰਦਾ, ਤਾਂ ਤੁਸੀਂ ਇਸਨੂੰ ਦੇਖੋਗੇ। ਇਹੀ ਗੱਲ ਹੈ।

414 ਕੀ ਤੁਸੀਂ ਅੱਜ ਸਵੇਰੇ ਖ਼ਬਰ ਸੁਣੀ ਹੈ? ਸ਼੍ਰੀਮਤੀ ਕੈਨੇਡੀ ਜਾ ਰਹੀ ਹੈ, ਪੋਪ ਨੂੰ ਮਿਲਣ, ਪੋਪ ਨੇ ਕੀ ਕਿਹਾ? ਦੇਖੋ, ਦੁਨੀਆਂ ਦੇ ਸਾਰੇ ਧਰਮ! ਔਹ! ਖੈਰ, ਹੋ ਸਕਦਾ ਹੈ ਕਿ ਅਸੀਂ ਅਗਲੇ ਐਤਵਾਰ, ਇਸ ਉੱਤੇ ਥੋੜੀ ਗੱਲਬਾਤ ਕਰਾਂਗੇ।

415 ਦੇਖੋ, ਰੂਸ ਬਾਰੇ ਚਿੰਤਾ ਨਾ ਕਰੋ। ਰੂਸ ਸਮੁੰਦਰ ਕਿਨਾਰੇ ਇੱਕ ਛੋਟਾ ਜਿਹਾ ਕੰਕਰ ਹੈ। ਤੁਸੀਂ ਸਾਮਵਾਦ ਬਾਰੇ ਚਿੰਤਾ ਨਾ ਕਰੋ। ਤੁਸੀਂ ਰੋਮਵਾਦ ਨੂੰ ਦੇਖੋ ਜਦੋਂ ਇਹ ਗਿਰਜਿਆਂ ਨਾਲ ਇਕਜੁੱਟ ਹੁੰਦਾ ਹੈ। ਵਚਨ ਵਿੱਚ ਇਹ ਕਿਤੇ ਨਹੀਂ ਲਿਖਿਆ ਕਿ ਸਾਮਵਾਦ ਸੰਸਾਰ ਉੱਤੇ ਸ਼ਾਸਨ ਕਰੇਗਾ।

416 ਅਤੇ ਮੈਂ ਵਚਨ ਦੁਆਰਾ ਜਾਂਦਾ ਹਾਂ, ਚਾਹੇ ਹੋਰ ਕੁਝ ਵੀ ਹੋਵੇ। ਇਹ ਉਹ ਵਚਨ ਹੈ ਜਿਸ ਤੇ ਮੈਂ ਵਿਸ਼ਵਾਸ ਕਰਦਾ ਹਾਂ। ਇਹ ਰੋਮਵਾਦ ਹੈ ਜੋ ਸੰਸਾਰ ਨੂੰ ਲੈ ਲਵੇਗਾ। ਅਤੇ ਰੋਮਵਾਦ ਸੰਗਠਨ ਦੀ ਮਾਂ ਹੈ। ਰੋਮ ਤੋਂ ਪਹਿਲਾਂ ਕਦੇ ਕੋਈ ਸੰਗਠਨ ਨਹੀਂ ਸੀ, ਅਤੇ ਉਨ੍ਹਾਂ ਵਿੱਚੋਂ ਹਰ ਇੱਕ ਇਸ ਵਿੱਚੋਂ ਬਾਹਰ ਆਇਆ ਹੈ। ਅਤੇ ਬਾਈਬਲ ਨੇ ਇਹ ਕਿਹਾ ਹੈ, "ਉਹ ਕੰਜਰੀਆਂ ਦੀ ਮਾਂ ਸੀ।" ਮੈਂ ਇਸ ਤੇ ਅੱਧਾ ਦਿਨ ਰਹਿ ਸਕਦਾ ਹਾਂ, ਦੁਬਾਰਾ, ਪਰ ਮੇਰਾ ਅੰਦਾਜ਼ਾ ਹੈ ਕਿ ਮੈਨੂੰ ਅੱਗੇ ਵਧਣਾ ਚਾਹੀਦਾ ਹੈ।

417 ਜਦੋਂ ਦੁਸ਼ਮਣ ਸਾਡੇ ਤੇ ਹਮਲਾ ਕਰਦਾ ਹੈ, ਤਦ, "ਔਹ, ਮੈਂ ਤੁਹਾਨੂੰ ਦੱਸਦਾ ਹਾਂ, ਤੁਹਾਨੂੰ ਸਾਡੇ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ..." ਤੁਸੀਂ ਕੀ ਕਰਨ ਜਾ ਰਹੇ ਹੋ, ਪਿੱਛੇ ਹਟ ਕੇ, ਸਮਝੌਤਾ ਕਰੋਗੇ? ਅਸਲ ਸਿਪਾਹੀ ਨਹੀਂ, ਨਹੀਂ ਕਰੇਗਾ। ਨਹੀਂ, ਸ਼੍ਰੀ ਮਾਨ।

418 ਫਿਰ ਅਸੀਂ ਕੀ ਕਰੀਏ? ਦਿਮਾਗ, "ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ..." ਕੀ ਬਾਈਬਲ ਇਹੀ ਕਹਿੰਦੀ ਹੈ? "ਉਹ ਮਨ ਜੋ ਮਸੀਹ

ਵਿੱਚ ਸੀ, ਤੁਹਾਡੇ ਨਾਲ ਹੋਵੇ।" ਉਸ ਕੋਲ ਕਿਹੋ ਜਿਹਾ ਮਨ ਸੀ? ਵਚਨ ਦੇ ਨਾਲ ਰਹੋ। ਇਹ ਠੀਕ ਹੈ। ਵਚਨ ਦੇ ਨਾਲ ਰਹੋ, ਪਿਤਾ ਦੇ ਵਚਨ ਦੇ ਨਾਲ ਰਹੋ, ਅਤੇ ਹਰ ਵਾਰ ਦੁਸ਼ਮਣ ਨੂੰ ਹਰਾਓ। ਹੁਣ ਜਦੋਂ ਦੁਸ਼ਮਣ ਹਮਲਾ ਕਰਦਾ ਹੈ ਅਤੇ ਇਹ ਕਹਿਣ ਦੀ ਕੋਸ਼ਿਸ਼ ਕਰਦਾ ਹੈ ਕਿ ਤੁਹਾਨੂੰ *ਇਹ* ਕਰਨਾ ਪਏਗਾ ਅਤੇ *ਉਹ* ਕਰਨਾ ਚਾਹੀਦਾ ਹੈ, ਤਾਂ ਤੁਸੀਂ ਕੀ ਕਰੋਗੇ? ਵਚਨ ਦੇ ਨਾਲ ਰਹੋ। ਇਹ ਠੀਕ ਹੈ।

419 ਫਿਰ ਤੁਸੀਂ ਕੀ ਕਰਨਾ ਚਾਹੁੰਦੇ ਹੋ? ਵਚਨ ਨੂੰ ਲਓ। ਵਚਨ ਕੀ ਹੈ? ਬਾਈਬਲ ਨੇ ਇੱਥੇ ਕਿਹਾ ਹੈ। ਅਸੀਂ ਹੁਣੇ ਇਸ ਨੂੰ ਪੜ੍ਹਿਆ ਸੀ। ਕਿਉਂਕਿ ਆਤਮਾ, ਅਤੇ ਜੋ ਪਰਮੇਸ਼ੁਰ ਦਾ ਹੈ, ਉਹ ਵਚਨ ਹੈ। ਸਮਝੇ? ਇੱਥੇ ਦੇਖੋ। "ਅਤੇ ਮੁਕਤੀ ਦਾ ਟੋਪ, ਅਤੇ ਤਲਵਾਰ, ਆਤਮਾ ਦੀ ਤਲਵਾਰ ਲਓ।" ਆਤਮਾ ਦੀ ਤਲਵਾਰ! ਕੀ? ਉਹ ਆਤਮਾ ਜੋ ਤੁਹਾਡੇ ਦਿਮਾਗ ਵਿੱਚ ਆਉਂਦਾ ਹੈ ਅਤੇ ਤੁਹਾਡੇ ਵਿੱਚ ਪ੍ਰਵੇਸ਼ ਕਰਦਾ ਹੈ, ਅਤੇ ਉਸ ਆਤਮਾ ਦੀ ਤਲਵਾਰ ਪਰਮੇਸ਼ੁਰ ਦਾ ਵਚਨ ਹੈ।

420 ਉਹ ਆਤਮਾ ਕਿਸ ਨਾਲ ਲੜਦਾ ਹੈ? ਪਵਿੱਤਰ ਆਤਮਾ ਕਿਸ ਨਾਲ ਲੜਦਾ ਹੈ? ਸਨਸਨੀ? ਭਾਵਨਾਵਾਂ? ਵਚਨ; ਦਿਲ! ਵਾਹ! ਮਹਿਮਾ! ਇਹ ਕਿਸ ਨਾਲ ਲੜਦਾ ਹੈ? ਭਾਵਨਾਵਾਂ ਨਾਲ? ਵਚਨ! ਵਚਨ! ਆਓ ਇਸ ਨੂੰ ਕਹੀਏ, ਵਚਨ! ਵਚਨ! ਪਰਮੇਸ਼ੁਰ ਦਾ ਵਚਨ ਉਹ ਹੈ ਜਿਸ ਨੂੰ ਲੈ ਕੇ ਆਤਮਾ ਲੜਦਾ ਹੈ।

421 ਪਰਮੇਸ਼ੁਰ ਦਾ ਆਤਮਾ ਸਿੱਧਾ ਸ਼ੈਤਾਨ ਵੱਲ੍ਹ ਵੱਧਦਾ ਹੈ, ਅਤੇ ਕਹਿੰਦਾ ਹੈ, "ਇਹ ਲਿਖਿਆ ਹੋਇਆ ਹੈ!" ਆਮੀਨ! "ਇਹ ਲਿਖਿਆ ਹੋਇਆ ਹੈ!" ਅਤੇ ਸ਼ੈਤਾਨ ਰਾਹ ਤੋਂ ਹੱਟ ਜਾਂਦਾ ਹੈ।

422 ਸਾਨੂੰ ਕੀ ਕਰਨਾ ਚਾਹੀਦਾ ਹੈ? ਤਲਵਾਰ ਲਵੋ, ਜੋ ਪਰਮੇਸ਼ੁਰ ਦਾ ਵਚਨ ਹੈ, ਇਸ ਨੂੰ ਖਿੱਚੋ (ਕਾਹਦੇ ਨਾਲ?) ਵਿਸ਼ਵਾਸ ਦੇ ਹੱਥ ਨਾਲ, ਵਿਸ਼ਵਾਸ ਦੇ ਮਜ਼ਬੂਤ ਹੱਥ ਨਾਲ, ਦੋ-ਧਾਰੀ ਤਲਵਾਰ ਨੂੰ ਖਿੱਚੋ। ਬਾਈਬਲ ਨੇ, ਇਬਰਾਨੀਆਂ 4 ਵਿੱਚ ਕਿਹਾ, "ਇਹ ਹੈ—ਇਹ ਦੋ ਧਾਰੀ ਤਲਵਾਰ ਹੈ," ਅੰਦਰ ਜਾਣ ਵੇਲੇ ਅਤੇ ਬਾਹਰ ਆਉਣ ਵੇਲੇ ਦੋਨੋਂ ਵਾਰ ਕੱਟਦੀ ਹੈ।

423 ਭਾਈ, ਉਹ ਕੀ ਕਰਦਾ ਹੈ? ਵਚਨ ਨੂੰ ਲਵੋ। ਆਤਮਾ ਨੂੰ ਲਵੋ, ਆਤਮਾ ਨੂੰ ਆਪਣੇ ਦਿਲ ਵਿੱਚ ਆਉਣ ਦਿਓ। ਆਪਣੇ ਦਿਮਾਗ ਨੂੰ ਖੋਲੋ, ਕਹੋ, "ਤੇਰਾ ਵਚਨ ਹੀ ਸੱਚਾਈ ਹੈ।" ਹੁਣ, ਤੁਸੀਂ ਇਹ ਕਰੋ, ਭੈਣ। "ਤੇਰਾ ਵਚਨ ਹੀ ਸੱਚਾਈ ਹੈ।"

424 "ਪ੍ਰਭੂ, ਮੈਂ ਇਸ ਗੱਲ ਵੱਲ ਕੋਈ ਧਿਆਨ ਨਹੀਂ ਦੇਵਾਂਗਾ ਕਿ ਮੈਂ ਕਿਵੇਂ ਮਹਿਸੂਸ ਕਰਦਾ ਹਾਂ, ਕੋਈ ਕੀ ਕਹਿੰਦਾ ਹੈ। ਮੈਂ ਰੋਕ ਰਿਹਾ ਹਾਂ, ਮੈਂ ਆਪਣੀਆਂ ਇੰਦਰੀਆਂ ਤਕ ਪਹੁੰਚਣ ਵਾਲੇ ਹਰੇਕ ਰਸਤੇ ਨੂੰ ਉਡਾ ਰਿਹਾ ਹਾਂ, ਸਾਰੀਆਂ ਉਲਝਣਾਂ, ਅਤੇ ਸ਼ੱਕ, ਅਤੇ ਅਵਿਸ਼ਵਾਸ ਜੋ ਮੇਰੇ ਕੋਲ ਕਦੇ ਹੁੰਦੇ ਸਨ। ਹਰੇਕ ਭਾਵਨਾ ਜੋ ਕਦੇ ਮੇਰੇ ਕੋਲ ਸੀ, ਉਹ ਸਾਰੀਆਂ ਬੀਮਾਰੀਆਂ ਜੋ ਕਦੇ ਮੇਰੇ ਵਿੱਚ ਸਨ, ਬਾਕੀ ਸਭ ਕੁਝ ਜੋ ਮੇਰੇ ਕੋਲ ਸੀ, ਮੈਂ ਉਨ੍ਹਾਂ ਸਭਨਾਂ ਨੂੰ ਉਡਾ ਰਿਹਾ ਹਾਂ। ਮੈਂ ਇਸ ਸਭ ਨੂੰ ਪਾਰ ਕਰ ਰਿਹਾ ਹਾਂ। ਮੈਂ ਸਿੱਧਾ ਆਪਣੀ ਆਤਮਾ ਕੋਲ ਆ ਰਿਹਾ ਹਾਂ। ਹੇ ਪ੍ਰਭੂ, ਹੇਠਾਂ ਆਓ। ਤੁਸੀਂ ਕਿਹਾ ਤੁਸੀਂ ਮੈਨੂੰ ਇੱਕ ਆਜਾਦ ਨੈਤਿਕ ਵਿਅਕਤੀ ਬਣਾਇਆ ਹੈ।"

"ਤੂੰ ਮੇਰਾ, ਪੁੱਤਰ ਹੈਂ।"

425 "ਠੀਕ ਹੈ, ਮੈਂ ਆਪਣੇ ਦਿਲ ਅਤੇ ਦਿਮਾਗ ਨੂੰ ਖੋਲ੍ਹਦਾ ਹਾਂ। ਅੰਦਰ ਆਓ, ਪ੍ਰਭੂ ਯਿਸੂ।"

426 ਅਤੇ ਵਿਸ਼ਵਾਸ ਨੂੰ ਫੜੋ, ਆਤਮਾ ਦੀ ਉਸ ਤਲਵਾਰ ਨੂੰ, **ਯਹੋਵਾਹ ਇੰਞ ਫ਼ਰਮਾਉਂਦਾ ਹੈ**। ਪੁਕਾਰੋ, "ਹਲਲੂਯਾਹ!" ਆਮੀਨ। ਫਿਰ ਆਪਣੇ ਸਾਹਮਣੇ ਹਰ ਦੁਸ਼ਮਣ ਨੂੰ ਵੱਢ ਦਿਓ। ਆਮੀਨ। ਉੱਥੇ ਇਹ ਹੈ। ਹਰ ਦੁਸ਼ਮਣ ਨੂੰ ਵੱਢ ਦਿਓ। ਜੇਕਰ ਇੱਕ—ਇੱਕ ਪੁਰਾਣੀ ਡਰਾਉਣੀ ਆਤਮਾ ਤੁਹਾਨੂੰ ਇਹ ਸਭ ਮਹਿਸੂਸ ਕਰਾਉਂਦੀ ਹੈ...ਉਸ ਚੀਜ਼ ਨੂੰ, ਪ੍ਰਭੂ ਦੇ ਵਚਨ ਨਾਲ ਵੱਢ ਦਿਓ।

ਪਰ ਸਾਡੀ ਤਾਕਤ, ਹੈ, "ਯਹੋਵਾਹ ਦਾ ਅਨੰਦ ਮੇਰਾ ਬਲ ਹੈ।"

427 "ਮੇਰੇ ਤੋਂ ਦੂਰ ਹੋ ਜਾਓ।" ਵੈਕ! ਤੁਸੀਂ ਉਸ ਨੂੰ ਵਚਨ ਨਾਲ ਵੱਢ ਦਿਓ। ਚਾਹੇ ਉਹ ਭੂਤ ਹੋਵੇ, ਚਾਹੇ ਦੁਸ਼ਮਣ ਹੋਵੇ, ਚਾਹੇ ਬਿਮਾਰੀ ਹੋਵੇ, ਚਾਹੇ ਬਿਮਾਰੀ ਹੋਵੇ, ਚਾਹੇ ਕੋਈ ਵੀ ਹੋਵੇ, ਉਸ ਵਚਨ ਨੂੰ ਲਓ ਅਤੇ ਇਸਨੂੰ ਤਲਵਾਰ ਨਾਲ ਖਿੱਚੋ। ਅਤੇ ਜੇ ਤੁਸੀਂ ਇਸਨੂੰ ਪਹਿਲੀ ਵਾਰ ਮਾਰਦੇ ਹੋ, ਇਹ ਹਿੱਲਦਾ ਨਹੀਂ ਜਾਪਦਾ, ਤਾਂ ਇਸਨੂੰ ਦੁਬਾਰਾ ਮਾਰੋ, ਅਤੇ ਇਸਨੂੰ ਦੁਬਾਰਾ ਮਾਰੋ, ਅਤੇ ਇਸਨੂੰ ਦੁਬਾਰਾ ਮਾਰੋ। ਅਤੇ ਇਸ ਨੂੰ ਉਦੋਂ ਤੱਕ ਕੁੱਟੋ ਜਦੋਂ ਤੱਕ ਤੁਸੀਂ ਇਸ ਵਿੱਚੋਂ ਇੱਕ ਮੋਰੀ ਕੱਢ ਦਿੰਦੇ, ਜਿਵੇਂ ਇੱਕ ਛੋਟਾ ਜਿਹਾ ਚੂਚਾ ਆਪਣੇ ਆਪ ਬਾਹਰ ਝਾਕਦਾ ਹੈ; ਜਾਂ ਇੱਕ ਉਕਾਬ, ਜੋ ਤੁਸੀਂ ਹੋ। ਬਿਮਾਰੀ ਦੇ ਉਸ ਪੁਰਾਣੇ ਖੋਲ ਵਿੱਚੋਂ ਬਾਹਰ ਝਾਤ ਮਾਰੋ। ਬਾਹਰ ਨਿਲਕਣ ਲਈ ਆਪਣਾ ਰਸਤਾ ਬਣਾਓ, ਅਤੇ ਕਹੋ, "ਹਲਲੂਯਾਹ! ਅਗਲਾ ਕਿੱਥੇ ਹੈ?" ਆਮੀਨ। ਇਹੀ ਲੜਾਈ ਹੈ। ਇਹੀ ਇੱਕ ਸਿਪਾਹੀ ਹੈ। ਇਹੀ ਇੱਕ ਸਲੀਬ ਦਾ ਸਿਪਾਹੀ ਹੈ। ਹਾਂ, ਸ਼੍ਰੀਮਾਨ। ਹਰ ਦੁਸ਼ਮਣ ਨੂੰ ਬਾਹਰ ਕੱਢ ਦਿਓ।

428 ਕਿਉਂ? ਕਿਉਂ? ਅਸੀਂ, ਪਹਿਲਾਂ ਤੋਂ ਠਹਿਰਾਏ ਹੋਏ, ਅਬਰਾਹਾਮ ਦਾ ਸ਼ਾਹੀ ਵੰਸ਼ ਹਾਂ। ਜਦੋਂ ਅਬਰਾਹਾਮ ਨੇ ਹਰ ਉਸ ਚੀਜ਼ ਤੋਂ ਇਨਕਾਰ ਕੀਤਾ ਜੋ ਪਰਮੇਸ਼ੁਰ ਦੇ ਵਚਨ ਦੇ ਵਿਰੁੱਧ ਸੀ, ਉਸਨੇ ਆਪਣੇ ਸਾਹਮਣੇ ਆਉਣ ਵਾਲੀ ਹਰ ਰੁਕਾਵਟ ਵਿੱਚੋਂ ਆਪਣਾ ਰਸਤਾ ਕੱਟਿਆ। ਓਹਨਾਂ ਨੇ ਕਿਹਾ, "ਤੇਰੀ ਪਤਨੀ ਬਹੁਤ ਬੁੱਢੀ ਹੈ।" ਉਸ ਨੇ ਇਸ ਗੱਲ ਨੂੰ ਰਸਤੇ ਵਿੱਚੋਂ ਕੱਟ ਦਿੱਤਾ। ਸ਼ੈਤਾਨ ਨੇ ਕਿਹਾ, "ਤੁਸੀਂ *ਇਹ* ਨਹੀਂ ਕਰ ਸਕਦੇ। ਤੁਸੀਂ *ਅਜਿਹਾ* ਨਹੀਂ ਕਰ ਸਕਦੇ।" ਅਬਰਾਹਾਮ ਨੇ ਇਸ ਨੂੰ ਰਸਤੇ ਵਿੱਚੋਂ ਕੱਟ ਦਿੱਤਾ। ਉਸਨੇ ਇਸ ਤੇ ਮਾਰਿਆ, ਅਤੇ ਇਸ ਤੇ ਮਾਰਿਆ, ਜਦੋਂ ਤੱਕ ਉਸ ਨੇ ਆਪਣੇ ਆਪ ਨੂੰ ਇਸ ਵਿੱਚੋਂ ਬਾਹਰ ਨਹੀਂ ਕੱਢ ਲਿਆ।

"ਅੱਗੇ ਕਿੱਥੇ, ਪ੍ਰਭੂ?"

429 "ਆਪਣੇ ਤੰਬੂ ਨੂੰ *ਇੱਥੇ* ਲੈ ਆਓ।" ਉਹ ਉੱਪਰ ਗਿਆ ਅਤੇ ਉਸ ਲਈ ਉੱਥੇ ਇੱਕ ਜਗਵੇਦੀ ਬਣਾਈ।

430 ਉੱਥੇ ਗਿਆ, ਅਤੇ ਸ਼ੈਤਾਨ ਨੇ ਆ ਕੇ ਕਿਹਾ, "ਹੁਣ, ਮੈਂ ਤੈਨੂੰ ਦੱਸਾਂਗਾ, ਇਹ ਸਹੀ ਜਗ੍ਹਾ ਨਹੀਂ ਹੈ।"

"ਮੈਂ ਇੱਥੇ ਹੀ ਰਹਾਂਗਾ। ਮੇਰੀ ਧਰਤੀ ਤੋਂ ਚਲਿਆ ਜਾ।" ਉਸ ਨੇ ਕਿਹਾ, "ਹਲਲੂਯਾਹ!"

431 ਲੂਤ ਨੇ ਕਿਹਾ, "ਚੰਗਾ ਹੋਵੇਗਾ ਜੇ ਤੁਸੀਂ ਇੱਥੇ ਆ ਜਾਓ। ਅਸੀਂ ਇੱਥੇ ਚੰਗਾ ਸਮਾਂ ਬਿਤਾ ਰਹੇ ਹਾਂ। ਅਸੀਂ ਸਾਰੇ ਆਪਣੀ ਸੰਸਥਾ ਨੂੰ ਇੱਥੇ ਲੈ ਆਏ ਹਾਂ। ਕਿਉਂ, ਮੇਰੀ ਪਤਨੀ ਸਾਹਿਤਿਕ ਸਭਾ ਦੀ ਮੁਖੀ ਹੈ ਅਤੇ ਬਾਕੀ ਸਭ ਕੁਝ, ਸ਼ਹਿਰ ਵਿਚ। ਮੈਂ ਤੁਹਾਨੂੰ ਦੱਸਦਾ ਹਾਂ, ਤੁਹਾਨੂੰ ਇੱਥੇ ਹੇਠਾਂ ਆਉਣਾ ਚਾਹੀਦਾ ਹੈ।"

ਸਾਰਾਹ ਨੇ ਕਿਹਾ, "ਅਬਰਾਹਾਮ…"

432 "ਚੁੱਪ ਕਰ, ਸਾਰਾਹ।" ਹਲਲੂਯਾਹ! "ਇੱਥੇ ਹੀ ਖੜ੍ਹੇ ਰਹੋ। ਇਹ ਉਹ ਥਾਂ ਹੈ ਜਿੱਥੇ ਪਰਮੇਸ਼ੁਰ ਨੇ ਮੈਨੂੰ ਰੱਖਿਆ ਹੈ। ਇਹ ਉਹ ਥਾਂ ਹੈ ਜਿੱਥੇ ਮੈਂ ਖੜ੍ਹਾ ਹਾਂ।"

433 ਇਹ ਉਹ ਥਾਂ ਹੈ ਜਿੱਥੇ ਪਰਮੇਸ਼ੁਰ ਨੇ ਮੈਨੂੰ ਰੱਖਿਆ ਹੈ।

ਸਾਰੇ ਯਿਸੂ ਨਾਮ ਦੀ ਸਮਰਥ ਦੀ ਜੈ ਜੈ ਕਾਰ ਕਰੋ!
ਦੂਤ ਮੂੰਹ ਭਾਰ ਡਿਗ ਕੇ ਪ੍ਰਣਾਮ ਕਰਨ;
ਸ਼ਾਹੀ ਮੁਕਟ ਅੱਗੇ ਲੈ ਕੇ ਆਓ,
ਅਤੇ ਸਭਨਾਂ ਦੇ ਪ੍ਰਭੂ ਨੂੰ ਉਹ ਮੁਕਟ ਪਹਿਨਾਓ।

ਮਸੀਹ ਉੱਤੇ, ਜੋ ਠੋਸ ਚਟਾਨ ਹੈ, ਮੈਂ ਖੜ੍ਹਾ ਹਾਂ;
ਬਾਕੀ ਸਾਰੀ ਧਰਤੀ ਧੱਸਦੀ ਹੋਈ ਰੇਤ ਹੈ,
ਬਾਕੀ ਸਾਰੀ ਧਰਤੀ ਧੱਸਦੀ ਹੋਈ ਰੇਤ ਹੈ।

434 ਇੱਥੋਂ ਤੱਕ ਕਿ ਮੌਤ ਖੁਦ, ਬਾਕੀ ਸਭ ਕੁਝ, ਧੱਸਦੀ ਹੋਈ ਰੇਤ ਹੈ। ਮਸੀਹ ਉੱਤੇ, ਜੋ ਠੋਸ ਚੱਟਾਨ ਹੈ, ਮੈਂ ਖੜ੍ਹਾ ਹਾਂ।

435 "ਅਬਰਾਹਾਮ ਦਾ ਸ਼ਾਹੀ ਬੀਜ।" ਸ਼ਾਹੀ ਬੀਜ! ਕਿਉਂ, ਇੰਗਲੈਂਡ ਦੀ ਸਭ ਤੋਂ ਚੁਣੀ ਹੋਈ ਫੌਜ ਇੰਗਲੈਂਡ ਦਾ ਸ਼ਾਹੀ ਮਾਨ ਹੈ, ਸ਼ਾਹੀ ਖੂਨ, ਸਭ ਕੁਝ ਹੈ। ਅਤੇ ਮਸੀਹ ਦਾ ਸ਼ਾਹੀ ਬੀਜ ਪਵਿੱਤਰ ਆਤਮਾ ਨਾਲ ਭਰੀ ਹੋਈ ਕਲੀਸਿਯਾ, ਪਵਿੱਤਰ ਆਤਮਾ ਨਾਲ ਭਰੀ ਹੋਈ ਹੈ। ਕੀ? ਸ਼ਾਹੀ ਬੀਜ, ਵਾਅਦੇ ਦੁਆਰਾ, ਸੰਵੇਦਨਾਵਾਂ ਦੁਆਰਾ ਨਹੀਂ। ਪਰ, ਪਰਮੇਸ਼ੁਰ ਦੇ ਵਾਅਦੇ ਦੁਆਰਾ, ਉਹ ਪਰਮੇਸ਼ੁਰ ਦੇ ਵਚਨ ਦੇ ਨਾਲ ਖੜੇ ਹਨ, ਅਤੇ ਚੀਕਦੇ ਹੋਏ, ਆਪਣਾ ਰਸਤਾ ਕੱਟਦੇ ਹਨ, "ਹਲਲੂਯਾਹ!"

ਮੌਤ ਵੀ ਆ ਕੇ ਆਖਦੀ ਹੈ, "ਇਹ ਤੁਹਾਡੇ ਆਸਤੀਨ ਉੱਤੇ ਆ ਰਿਹਾ ਹੈ।"

436 ਕਹੋ, "ਰਾਹ ਦਿਓ, ਯਰਦਨ। ਮੈਂ ਪਾਰ ਕਰ ਰਿਹਾ ਹਾਂ।" ਇਸ ਵਿੱਚੋਂ ਆਪਣਾ ਰਸਤਾ ਕੱਟੋ, ਵਾਅਦਾ ਕੀਤੀ ਧਰਤੀ ਤੱਕ। ਆਮੀਨ।

437 ਕੀ ਹੁੰਦਾ ਹੈ ਜਦੋਂ ਲੜਾਈ ਖਤਮ ਹੋ ਜਾਂਦੀ ਹੈ? ਮੈਂ ਹੁਣ ਬੰਦ ਕਰ ਰਿਹਾ ਹਾਂ, ਯਕੀਨਨ ਬਹੁਤ ਹੋ ਗਿਆ ਹੈ। ਜਦੋਂ ਲੜਾਈ ਖ਼ਤਮ ਹੋ ਗਈ ਹੈ, ਅਤੇ ਸੰਤ ਕੂਚ ਕਰਦੇ ਹੋਏ ਘਰ ਆਉਂਦੇ ਹਨ, ਮੈਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ, ਕੀ ਹੋਇਆ?

438 ਜਦੋਂ ਹਿਟਲਰ ਫਰਾਂਸ ਗਿਆ ਤਾਂ ਕੀ ਹੋਇਆ? ਕਿਉਂ, ਉਨ੍ਹਾਂ ਨੇ ਕਿਹਾ ਕਿ ਤੁਸੀਂ ਅਸਮਾਨ ਨੂੰ ਵੀ ਨਹੀਂ ਵੇਖ ਸਕਦੇ, ਕੁਝ ਸਮੇਂ ਲਈ, ਜਹਾਜ਼ਾਂ ਕਰਕੇ। ਜਰਮਨ ਦਾ ਫੌਜੀ-ਚਾਲ। [ਭਾਈ ਬ੍ਰਨਹਾਮ ਦੋ ਵਾਰ ਮੰਚ ਉੱਤੇ ਫੌਜੀ-ਚਾਲ ਤੁਰਦੇ ਹਨ—ਸੰਪਾ.] ਵੇਖੋ, ਉਹ ਖੜ੍ਹੇ ਸਨ, ਲੰਘ ਰਹੇ ਸਨ, ਜਿੱਤ ਦਾ ਜਸ਼ਨ ਮਨਾ ਰਹੇ ਸਨ।

439 ਜਦੋਂ ਸਟਾਲਿਨ ਰੂਸ ਆਇਆ, ਤਾਂ ਮੀਲਾਂ ਪਿੱਛੇ, ਹਰ ਟੈਂਕ ਦੂਜੇ ਤੋਂ ਥੋੜ੍ਹਾ ਪਿੱਛੇ ਸੀ, ਬਰਲਿਨ ਤੇ ਉਦੋਂ ਤੱਕ ਬੰਬਾਰੀ ਕੀਤੀ ਜਦੋਂ ਤੱਕ ਇਸ ਦਾ ਕੁਝ ਨਹੀਂ ਬਚਿਆ। ਇਹੀ ਸਭ ਹੈ। ਅਤੇ ਜਦੋਂ ਉਹ ਚਲੇ ਗਏ, ਅਤੇ ਇਹ ਜਰਮਨ... ਇਹ ਰੂਸੀ ਸਿਪਾਹੀ ਜਸ਼ਨ ਮਨਾ ਰਹੇ ਹਨ, ਉਹ ਉਸ ਨਾਲ ਅੰਦਰ ਚਲੇ ਗਏ, ਤੁਸੀਂ ਜਾਣਦੇ ਹੋ, ਉਹ ਛੋਟੀ ਜਿਹੀ ਅਜੀਬ ਚੀਜ਼ ਜੋ ਉਹ ਕਰਦੇ ਹਨ। ਮੈਂ ਇਸਨੂੰ ਇੱਕ ਤਸਵੀਰ ਤੇ ਦੇਖਿਆ ਸੀ, ਇੱਕ ਵਾਰ ਲੰਡਨ ਵਿੱਚ, ਉਹ ਕਿਵੇਂ

ਅੰਦਰ ਆਉਂਦੇ ਹਨ, ਉਸ ਚੀਜ਼ ਦੀ ਅਸਲ ਤਸਵੀਰ ਜਿੱਥੇ, ਇਹ ਹੋਇਆ, ਅੰਦਰ ਆਉਂਦੇ ਹੋਏ, ਜਸ਼ਨ ਮਨਾਉਂਦੇ ਹੋਏ। ਔਹ, ਮੇਰੇ!

440 ਜਦੋਂ ਅਸੀਂ ਸੁਣਿਆ ਕਿ ਯੁੱਧ ਖਤਮ ਹੋ ਗਿਆ ਹੈ, ਅਸੀਂ ਚੀਕੇ, ਅਸੀਂ ਸੀਟੀਆਂ ਵਜਾਈਆਂ। ਜਦੋਂ ਨਾਇਕ ਵਾਪਸ ਆਉਂਦੇ ਹਨ, ਅਸੀਂ ਉਨ੍ਹਾਂ ਨੂੰ ਉਥੇ ਮਿਲੇ। ਉਹ ਚੀਕੇ। ਉਨ੍ਹਾਂ ਨੇ ਰੌਲਾ ਪਾਇਆ। ਮੇਰਾ ਇੱਕ ਚਚੇਰਾ ਭਰਾ ਉੱਥੇ ਸੀ, ਉਸ ਨੇ ਕਿਹਾ, ਜਦੋਂ ਉਹ ਵਾਪਸ ਆਇਆ, ਸਾਰੇ ਪੁਰਾਣੇ...ਬਜ਼ੁਰਗ ਜੋ ਇੰਨੇ ਬੁਰੀ ਤਰ੍ਹਾਂ ਝੁਲਸ ਗਏ ਸਨ, ਉਹ ਬਿਸਤਰੇ ਤੋਂ ਉੱਠ ਨਹੀਂ ਸਕਦੇ ਸਨ, ਇਸ ਲਈ ਜਦੋਂ ਉਹ ਆਏ ਤਾਂ ਉਨ੍ਹਾਂ ਨੂੰ ਬਸ ਜਹਾਜ ਦੇ ਉੱਪਰ ਚੜਾ ਦਿੱਤਾ, ਤਾਂ ਜੋ ਸਟੈਚੂ ਆਫ਼ ਲਿਬਰਟੀ ਨੂੰ ਖੜ੍ਹਾ ਦੇਖ ਸਕਣ। ਉਸ ਨੇ ਕਿਹਾ, "ਉਹ ਵੱਡੇ ਵੱਡੇ ਆਦਮੀ ਉਥੇ ਖੜੇ ਸਨ, ਉਹ ਬਸ ਰੋਂਦੇ ਰਹੇ, ਅਤੇ *ਉਸੇ* ਤਰ੍ਹਾਂ ਡਿੱਗਦੇ ਰਹੇ, ਜਦੋਂ ਉਨ੍ਹਾਂ ਨੇ ਉਸ ਸਟੈਚੂ ਆਫ਼ ਲਿਬਰਟੀ ਨੂੰ ਦੇਖਿਆ।" ਚਾਰ ਸਾਲਾਂ ਤੋਂ ਘਰੋਂ ਦੂਰ ਰਹੇ ਸਨ, ਲੜਦੇ ਰਹੇ, ਜੰਗ ਦਾ ਸਦਮਾ, ਅਤੇ ਹੋਰ ਸਭ ਕੁਝ। ਪਰ ਉਹ ਜਾਣਦੇ ਸਨ ਕਿ ਪਤਨੀ, ਅਤੇ ਪਿਆਰੇ, ਅਤੇ ਮਾਂ, ਪਿਤਾ, ਅਤੇ ਬੱਚੇ, ਅਤੇ ਉਹ ਸਭ ਜਿਨ੍ਹਾਂ ਨੂੰ ਉਹ ਪਿਆਰ ਕਰਦੇ ਸਨ, ਉਸ ਸਟੈਚੂ ਆਫ਼ ਲਿਬਰਟੀ ਦੇ ਬਿਲਕੁਲ ਪਿੱਛੇ ਸਨ। ਇਹ ਦਰਸਾ ਰਿਹਾ ਸੀ ਕਿ ਉਹ ਕਿਸ ਲਈ ਲੜ ਰਹੇ ਸਨ। ਔਹ, ਸੀਟੀਆਂ ਵੱਜੀਆਂ, ਅਤੇ ਨਿਊਯਾਰਕ ਇੱਕ ਪੁਕਾਰ ਵਿੱਚ ਚਲਾ ਗਿਆ, ਇਹੀ ਸਭ ਸੀ, ਜਦੋਂ ਉਨ੍ਹਾਂ ਦੇ ਨਾਇਕ ਕੂਚ ਕਰਦੇ ਹੋਏ ਆਏ ਸਨ। ਇਹ ਇੱਕ ਮਾਮੂਲੀ ਗੱਲ ਹੋਵੇਗੀ।

441 ਇੱਕ ਵਾਰ ਜਦੋਂ ਕੈਸਰ, ਇੱਕ ਵੱਡੀ ਲੜਾਈ ਤੋਂ ਬਾਅਦ, ਉਸ ਨੇ ਕਿਹਾ, "ਮੈਂ ਚਾਹੁੰਦਾ ਹਾਂ ਕਿ ਮੇਰਾ ਸਭ ਤੋਂ ਮਸ਼ਹੂਰ ਯੋਧਾ ਸਾਡੇ ਦੁਸ਼ਮਣ ਉੱਤੇ ਜਿੱਤ ਦੇ ਇਸ ਮਹਾਨ ਜਸ਼ਨ ਵਿੱਚ ਮੇਰੇ ਨਾਲ ਸਵਾਰੀ ਕਰੇ।" ਅਤੇ ਹਰ ਇੱਕ ਅਧਿਕਾਰੀ ਨੇ ਆਪਣੀ ਕਲਗੀ ਸਵਾਰੀ ਅਤੇ ਆਪਣੀਆਂ ਢਾਲਾਂ ਨੂੰ ਚਮਕਾਇਆ, ਅਤੇ ਨਾਲ ਨਾਲ ਚਲੇ, ਤੁਸੀਂ ਜਾਣਦੇ ਹੋ, ਇਸ ਤਰ੍ਹਾਂ, ਜਿਵੇਂ—ਜਿਵੇਂ ਅਸਲ ਸਿਪਾਹੀ। ਥੋੜ੍ਹੀ ਦੇਰ ਬਾਅਦ, ਇੱਕ ਛੋਟਾ ਜਿਹਾ, ਪੁਰਾਣਾ ਸਾਥੀ ਆਇਆ, ਕੱਟਿਆ। ਮੇਰੇ! ਉਸਨੇ ਬਸ ਇਸ ਤਰ੍ਹਾਂ ਨਾਲ ਵੇਖਿਆ, ਅਤੇ *ਇਸ* ਤਰ੍ਹਾਂ ਸ਼ੁਰੂ ਕੀਤਾ। ਕੈਸਰ ਨੇ ਕਿਹਾ, "ਇੱਕ ਮਿੰਟ ਰੁਕੋ। ਇੱਕ ਮਿੰਟ ਰੁਕੋ। ਤੁਸੀਂ," ਤੁਸੀਂ ਇੱਕ—ਇੱਕ ਅਧਿਕਾਰੀ ਜਿਹਾ ਪਹਿਰਾਵਾ ਵੀ ਨਹੀਂ ਪਹਿਣਿਆ ਹੈ, ਕਿਹਾ, "ਐਥੈ ਆਓ।" ਉਸ ਨੇ ਕਿਹਾ, "ਤੁਹਾਨੂੰ ਇਹ ਨਿਸ਼ਾਨ ਕਿਥੋਂ ਮਿਲੇ?"

ਉਸ ਨੇ ਕਿਹਾ, "ਜੰਗ ਦੇ ਮੈਦਾਨ ਵਿੱਚ।"

442 ਉਸ ਨੇ ਕਿਹਾ, "ਇੱਥੇ ਚੜ੍ਹ ਜਾਓ। ਤੁਸੀਂ ਉਹ ਵਿਅਕਤੀ ਹੋ ਜਿਸ ਨੂੰ ਮੈਂ ਆਪਣੇ ਨਾਲ ਬਿਠਾਉਣਾ ਚਾਹੁੰਦਾ ਹਾਂ।" ਕਿਉਂ? ਉਸਨੇ ਦਿਖਾਇਆ ਕਿ ਉਹ ਲੜਾਈ ਵਿੱਚ ਸੀ।

443 ਹੇ ਪਰਮੇਸ਼ੁਰ, ਉਸ ਆਦਮੀ ਤੇ ਰਹਿਮ ਕਰੋ ਜੋ ਟੀਨ ਦੇ ਡੱਬੇ ਨਾਲ ਆਪਣਾ ਹੱਥ ਵੱਢਾ ਲੈਂਦਾ ਹੈ ਅਤੇ ਉਸ ਵਾਸਤੇ ਇੱਕ ਪੁਰਸਕਾਰ ਪ੍ਰਾਪਤ ਕਰ ਸਕਦਾ ਹੈ। ਮੈਂ ਜੰਗੀ-ਜ਼ਖ਼ਮਾਂ ਦੇ ਨਿਸ਼ਾਨ ਚਾਹੁੰਦਾ ਹਾਂ। ਜਿਵੇਂ ਪੌਲੁਸ ਨੇ ਕਿਹਾ, "ਮੈਂ ਆਪਣੀ ਦੇਹੀ ਉੱਤੇ ਯਿਸੂ ਦੇ ਦਾਗਾਂ ਨੂੰ ਲਈ ਫਿਰਦਾ ਹਾਂ।" ਇਸ ਲਈ ਮੈਂ ਮੈਦਾਨ ਵਿੱਚ ਲੜਨਾ ਚਾਹੁੰਦਾ ਹਾਂ।

444 ਕਿਸੇ ਦਿਨ, ਜਦੋਂ ਸਾਡਾ ਮਹਾਨ ਮੁੱਖ ਕਪਤਾਨ ਆਵੇਗਾ, ਜਿਸ ਨੇ ਸਾਨੂੰ ਹਥਿਆਰਬੰਦ ਕੀਤਾ ਸੀ, ਜੋ ਸਾਨੂੰ ਪਰਮੇਸ਼ੁਰ ਦੇ ਸ਼ਸਤ੍ਰ, ਪਵਿੱਤਰ ਆਤਮਾ ਦਿੰਦਾ ਹੈ, ਸਾਨੂੰ ਲੜਨ ਲਈ ਉਸ ਦਾ ਵਚਨ ਦਿੰਦਾ ਹੈ, ਉੱਥੇ ਬਾਹਰ ਖੜੇ ਹੋਣ ਲਈ; ਜਦੋਂ ਸਾਡਾ ਮਹਾਨ ਮੁੱਖ ਕਪਤਾਨ ਸਵਾਰ ਹੋ ਕੇ ਆਉਂਦਾ ਹੈ, ਤਾਂ ਮੈਂ ਰੱਥ ਤੇ ਚੜ੍ਹ ਕੇ ਉਸ ਦੇ ਨਾਲ ਘਰ ਤਕ ਸਵਾਰੀ ਕਰਨੀ ਚਾਹੁੰਦਾ ਹਾਂ, ਕੀ ਤੁਸੀਂ ਨਹੀਂ ਚਾਹੁੰਦੇ? ਫਿਰ ਜਦੋਂ ਮੈਂ ਆਪਣੀ ਛੋਟੀ ਬਜੁਰਗ ਪਤਨੀ ਨੂੰ ਬਾਂਹ ਤੋਂ ਫੜਦਾ ਹਾਂ, ਤਾਂ ਇਧਰ ਉਧਰ ਵੇਖਦਾ ਹਾਂ ਅਤੇ ਮੇਰੇ ਭਰਾਵਾਂ ਅਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਵੇਖਦਾ ਹਾਂ, ਅਤੇ ਉਨ੍ਹਾਂ ਦੇ ਬੱਚੇ, ਜਦੋਂ ਅਸੀਂ ਪਰਮੇਸ਼ੁਰ ਦੇ ਫਿਰਦੌਸ ਵਿੱਚੋਂ ਲੰਘਣਾ ਸ਼ੁਰੂ ਕਰਦੇ ਹਾਂ, ਅਤੇ ਦੂਤ ਗੀਤਾਂ ਨਾਲ ਹਵਾ ਨੂੰ ਭਰ ਰਹੇ ਹੋਣਗੇ, ਇਸ ਤਰ੍ਹਾਂ, ਇੱਕ ਜਸ਼ਨ ਬਾਰੇ ਗੱਲ ਕਰ ਰਹੇ ਹੋਣਗੇ!

445 ਅਤੇ ਜਦੋਂ ਲੜਾਈ ਖਤਮ ਹੋ ਜਾਂਦੀ ਹੈ, ਅਸੀਂ ਤਾਜ ਪਹਿਨਾਂਗੇ। ਔਹ, ਮੇਰੇ! ਔਹ, ਸਲੀਬ ਦੇ ਸਿਪਾਹੀਓ, ਅੱਜ ਸਵੇਰੇ, ਉਸ ਵਿਸ਼ਵਾਸ ਦੀ ਬਾਂਹ ਨੂੰ ਬਾਹਰ ਕੱਢੋ, ਅਤੇ ਇਸ ਹਥਿਆਰ ਨੂੰ ਫੜ ਲਵੋ।

446 ਇਸ ਬਾਰੇ ਕੀ, ਭੈਣ, ਕੀ ਤੁਸੀਂ ਤਿਆਰ ਹੋ? ਉਸ ਹਥਿਆਰ ਨੂੰ ਬਾਹਰ ਕੱਢੋ, ਕਹੋ, "ਪਰਮੇਸ਼ੁਰ, ਮੈਨੂੰ ਪਰਵਾਹ ਨਹੀਂ ਕਿ ਸ਼ੈਤਾਨ ਨੇ ਮੈਨੂੰ ਕੀ—ਕੀ ਕਿਹਾ ਹੈ, ਕਿਸੇ ਹੋਰ ਨੇ ਕਿੰਨਾ ਕਿਹਾ ਹੈ, ਅੱਜ ਸਵੇਰੇ, ਮੈਂ ਵਿਸ਼ਵਾਸ ਕਰ ਰਿਹਾ ਹਾਂ, ਮੈਂ ਵਿਸ਼ਵਾਸ ਕਰ ਰਿਹਾ ਹਾਂ।"

447 ਜਿਵੇਂ ਕਿ ਮੈਂ ਕਿਸੇ ਹੋਰ ਦਿਨ ਕਿਹਾ ਸੀ, ਥੋੜਾ ਜਿਹਾ...ਮੇਰਾ ਮੰਨਣਾ ਹੈ ਕਿ ਕੁਝ ਐਤਵਾਰ ਪਹਿਲਾਂ, ਉੱਥੇ ਇੱਕ ਆਦਮੀ ਨੇ ਇੱਕ ਸੁਪਨਾ ਦੇਖਿਆ ਸੀ। ਉਸ ਨੇ ਸੁਪਨਾ ਦੇਖਿਆ ਕਿ ਸ਼ੈਤਾਨ ਨਿੱਕੀ ਜਿਹੀ ਪੁਰਾਣੀ ਚੀਜ਼ ਸੀ, ਉਸ ਵੱਲ ਭੱਜਿਆ। ਉਸ ਨੇ ਕਿਹਾ, "ਬੂ!" ਅਤੇ ਉਸਨੇ ਪਿਛਾਂਹ ਛਾਲ ਮਾਰ ਦਿੱਤੀ, ਅਤੇ ਸ਼ੈਤਾਨ ਵੱਡਾ ਹੋ ਗਿਆ। "ਬੂ!" ਅਤੇ ਉਸਨੇ ਪਿਛਾਂਹ ਛਾਲ ਮਾਰ ਦਿੱਤੀ, ਅਤੇ ਸ਼ੈਤਾਨ ਹੋਰ ਵੱਡਾ ਹੋ ਗਿਆ। ਅੰਤ ਵਿੱਚ, ਸ਼ੈਤਾਨ ਉਸ ਜਿੰਨਾ

ਵੱਡਾ ਹੋ ਗਿਆ, ਉਸ ਨੂੰ ਕਾਬੂ ਕਰਨ ਹੀ ਵਾਲਾ ਸੀ। ਉਹ ਜਾਣਦਾ ਸੀ ਕਿ ਉਸਨੂੰ ਕਿਸੇ ਚੀਜ਼ ਨਾਲ ਲੜਨਾ ਪਏਗਾ, ਇਸ ਲਈ ਉਸਨੇ ਆਲੇ ਦੁਆਲੇ ਵੇਖਿਆ। ਉਸਨੂੰ ਉਸਦੇ ਨਾਲ ਲੜਨ ਲਈ ਕੁਝ ਨਹੀਂ ਮਿਲਿਆ। ਉਸ ਨੇ ਬਸ ਬਾਈਬਲ ਨੂੰ ਚੁੱਕਿਆ। ਅਤੇ ਸ਼ੈਤਾਨ ਨੇ ਕਿਹਾ, "ਬੂ!" ਉਸ ਨੇ ਕਿਹਾ, "ਬੂ!" ਉਸੇ ਵੇਲੇ ਉਸ ਵੱਲ ਮੁੜਿਆ, ਅਤੇ ਸ਼ੈਤਾਨ ਛੋਟਾ ਹੋ ਗਿਆ, ਅਤੇ ਹੋਰ ਛੋਟਾ, ਅਤੇ ਹੋਰ ਛੋਟਾ ਹੋ ਗਿਆ। ਅਤੇ, ਅੰਤ ਵਿੱਚ, ਉਸਨੇ ਉਸਨੂੰ ਵਚਨ ਨਾਲ ਮਾਰ ਦਿੱਤਾ।

448 ਤੁਸੀਂ ਇੱਕ ਸਿਪਾਹੀ ਹੋ, ਕੀ ਤੁਸੀਂ ਨਹੀਂ ਹੋ, ਭੈਣ? ਉਸ ਵਚਨ ਨੂੰ ਲੈ ਕੇ ਕਹੋ, "ਇਹ ਲਿਖਿਆ ਹੋਇਆ ਹੈ।" ਆਮੀਨ। "ਮੈਂ ਨਹੀਂ ਮਰਾਂਗੀ। ਮੈਂ ਜਿਉਂਦੀ ਰਹਾਂਗੀ। ਮੈਂ ਠੀਕ ਇਸ ਡੇਰੇ ਵਿੱਚ ਬੈਠਾਂਗੀ ਅਤੇ ਪਰਮੇਸ਼ੁਰ ਦੀ ਭਲਿਆਈ ਲਈ ਉਸ ਦੀ ਉਸਤਤ ਕਰਾਂਗੀ, ਬਾਕੀ ਲੋਕਾਂ ਦੇ ਨਾਲ।"

449 ਤੁਸੀਂ ਇਹ ਵਿਸ਼ਵਾਸ ਕਰਦੇ ਹੋ, ਸੰਤੋ? ਆਮੀਨ।

ਆਓ ਆਪਣੇ ਸਿਰਾਂ ਨੂੰ ਝੁਕਾਈਏ।

450 ਹੇ ਪ੍ਰਭੂ ਪਰਮੇਸ਼ੁਰ, ਅਕਾਸ਼ ਅਤੇ ਧਰਤੀ ਦੇ ਸਿਰਜਣਹਾਰ, ਅੱਜ ਇਹ ਜਾਣ ਲਿਆ ਜਾਵੇ ਕਿ ਤੁਸੀਂ ਅਜੇ ਵੀ ਪਰਮੇਸ਼ੁਰ ਹੋ। ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਮੈਂ ਕਿੰਨਾ ਪ੍ਰਚਾਰ ਕਰਦਾ ਹਾਂ, ਮੈਂ ਕਿੰਨੀਆਂ ਗੱਲਾਂ ਕਹਿੰਦਾ ਹਾਂ, ਹੇ ਪ੍ਰਭੂ, ਤੁਹਾਡੇ ਵੱਲੋਂ ਇੱਕ ਸ਼ਬਦ ਇਸ ਨੂੰ ਨਬੇੜ ਦਿੰਦਾ ਹੈ।

451 ਇਹ ਰੁਮਾਲ ਇੱਥੇ ਪਏ ਹਨ, ਜੋ ਦੱਸ ਰਹੇ ਹਨ ਕਿ ਲੋਕ ਬਿਮਾਰ ਹਨ। ਮੈਂ ਪ੍ਰਾਰਥਨਾ ਕਰਦਾ ਹਾਂ, ਸਵਰਗੀ ਪਿਤਾ, ਕਿ ਤੁਹਾਡੀਆਂ ਅਸੀਸਾਂ ਅਤੇ ਸ਼ਕਤੀ ਉਹਨਾਂ ਵਿੱਚੋਂ ਹਰੇਕ ਉੱਤੇ ਟਿਕੀ ਰਹੇ, ਜਿਵੇਂ ਮੈਂ ਉਹਨਾਂ ਉੱਤੇ ਆਪਣੇ ਹੱਥ ਰੱਖਦਾ ਹਾਂ। ਪਰਮੇਸ਼ੁਰ, ਯਿਸੂ ਮਸੀਹ ਦੇ ਨਾਮ ਵਿੱਚ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਇਹਨਾਂ ਰੁਮਾਲਾਂ ਨੂੰ ਆਪਣੀ ਪਵਿੱਤਰ ਹਜੂਰੀ ਨਾਲ ਮਸਹ ਕਰੋਗੇ, ਕਿਉਂਕਿ ਇਹ ਵਚਨ ਵਿੱਚ ਲਿਖਿਆ ਹੋਇਆ ਹੈ। ਇਸ ਵਿੱਚ ਵਚਨ ਦੇ ਵਿਰੁੱਧ ਕੁਝ ਨਹੀਂ ਹੈ। ਪਰ ਇਹ ਬਚਨ ਵਿੱਚ ਕਿਹਾ ਗਿਆ ਹੈ, ਕਿ, "ਉਨ੍ਹਾਂ ਨੇ ਪੌਲੁਸ ਦੇ ਸਰੀਰ ਤੋਂ ਰੁਮਾਲ ਅਤੇ ਪਟਕੇ ਛੁਆਏ। ਦੁਸ਼ਟ ਆਤਮੇ ਲੋਕਾਂ ਵਿੱਚੋਂ ਨਿੱਕਲ ਜਾਂਦੇ ਸਨ, ਅਤੇ ਉਨ੍ਹਾਂ ਦੇ ਅਨੇਕ ਰੋਗ ਜਾਂਦੇ ਰਹਿੰਦੇ ਸਨ।" ਹੁਣ, ਅਸੀਂ ਸੰਤ ਪੌਲੁਸ ਨਹੀਂ ਹਾਂ, ਪਰ ਤੁਸੀਂ ਅਜੇ ਵੀ ਪਰਮੇਸ਼ੁਰ ਹੋ, ਅਤੇ ਤੁਸੀਂ ਅਜੇ ਵੀ ਉਹੀ ਪਵਿੱਤਰ ਆਤਮਾ ਹੋ। ਮੈਂ ਪ੍ਰਭੂ ਯਿਸੂ ਦੇ ਨਾਮ ਤੇ, ਇਹਨਾਂ ਰੁਮਾਲਾਂ ਉੱਤੇ ਆਪਣੇ ਹੱਥ ਰੱਖਦਾ ਹਾਂ, ਅਤੇ ਬੇਨਤੀ ਕਰਦੇ ਹਾਂ ਕਿ ਤੁਸੀਂ ਉਨ੍ਹਾਂ ਵਿੱਚੋਂ ਹਰ ਇੱਕ ਨੂੰ ਅਸੀਸ ਦਿਓ ਅਤੇ ਚੰਗਾ ਕਰੋ।

452 ਅਤੇ, ਪਰਮੇਸ਼ੁਰ, ਇੱਥੇ ਬਿਸਤਰੇ ਵਿੱਚ ਕੋਈ ਪਿਆ ਹੋਇਆ ਹੈ, ਹੋਰ ਕੋਈ ਨਹੀਂ ਪਰ ਇੱਕ ਬੱਚੀ ਹੈ, ਬਸ ਇੱਕ ਸੁੰਦਰ ਛੋਟੀ ਲੜਕੀ। ਉਹ ਜਿਉਂਦੀ ਨਹੀਂ ਰਹਿ ਸਕਦੀ, ਪ੍ਰਭੂ। ਸ਼ੈਤਾਨ ਨੇ ਉਸ ਨਾਲ ਬੁਰਿਆਈ ਕੀਤੀ ਹੈ। ਅਤੇ ਇਸ ਧਰਤੀ ਦੇ ਪਿਆਰੇ ਡਾਕਟਰਾਂ ਨੇ ਬੱਚੇ ਨੂੰ ਬਚਾਉਣ ਲਈ, ਬਿਨਾਂ ਸ਼ੱਕ ਦੇ, ਸਖ਼ਤ ਕੋਸ਼ਿਸ਼ ਕੀਤੀ ਹੈ। ਉਹ ਬਸ ਇਹ ਨਹੀਂ ਕਰ ਸਕਦੇ। ਉਹ ਆਪਣੀ ਬੁੱਧੀ ਦੇ ਅੰਤ ਤੇ ਹਨ। ਉਹ ਨਹੀਂ ਜਾਣਦੇ ਕਿ ਹੋਰ ਕੀ ਕਰਨਾ ਹੈ। ਪਰ, ਪ੍ਰਭੂ, ਮੈਂ ਬਹੁਤ ਖੁਸ਼ ਹਾਂ ਕਿ ਇੱਕ ਹੋਰ ਅਧਿਆਏ ਲਿਖਿਆ ਗਿਆ ਹੈ। ਅਸੀਂ ਇੱਕ ਹੋਰ ਪੰਨਾ ਬਦਲ ਸਕਦੇ ਹਾਂ, ਅਤੇ ਇਸ ਪੰਨੇ ਵਿੱਚ ਅਸੀਂ ਮਹਾਨ ਡਾਕਟਰ ਨੂੰ ਆਉਂਦੇ ਹੋਏ ਦੇਖਦੇ ਹਾਂ। ਅਸੀਂ ਅੱਜ ਸਵੇਰੇ ਉਸਨੂੰ ਸਲਾਹ ਲਈ ਬੁਲਾ ਰਹੇ ਹਾਂ।

453 ਹੁਣ, ਪ੍ਰਭੂ, ਕੀ ਇੱਥੇ ਤੁਹਾਡੇ ਵਚਨ ਵਿੱਚ ਇਹ ਨਹੀਂ ਲਿਖਿਆ ਗਿਆ ਹੈ ਕਿ, "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ"? ਪ੍ਰਭੂ, ਜੇ ਮੈਂ ਵਿਸ਼ਵਾਸੀ ਨਹੀਂ ਹਾਂ, ਤਾਂ ਮੈਨੂੰ ਹੁਣੇ ਬਣਾਓ। ਜੇ ਇਹ ਛੋਟੀ ਕੁੜੀ ਵਿਸ਼ਵਾਸੀ ਨਹੀਂ ਹੈ, ਤਾਂ ਇਸਨੂੰ ਹੁਣੇ ਬਣਾਓ। "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ; ਜੇ ਉਹ ਬਿਮਾਰਾਂ ਤੇ ਹੱਥ ਰੱਖਣਗੇ ਤਾਂ ਉਹ ਚੰਗੇ ਹੋ ਜਾਣਗੇ।" ਇਹ ਵੀ ਲਿਖਿਆ ਹੋਇਆ ਹੈ, "ਮੇਰੇ ਨਾਮ ਵਿੱਚ ਉਹ ਭੂਤਾਂ ਨੂੰ ਕੱਢਣਗੇ।" ਪ੍ਰਭੂ, ਉਹ—ਉਹ ਤੁਹਾਡੇ ਸ਼ਬਦ ਹਨ। ਇਹ ਤੁਹਾਡੇ ਹਨ। ਇਹ ਤੁਹਾਡਾ ਵਚਨ ਹੈ। ਅਤੇ ਹੁਣ ਤੁਹਾਡੇ ਸੇਵਕ ਵਜੋਂ...

454 ਜਿਵੇਂ ਤੁਸੀਂ ਕਿਹਾ ਸੀ, "ਜੇ ਤੁਹਾਡੇ ਵਿੱਚੋਂ ਦੋ ਜਾਂ ਤਿੰਨ ਇਕੱਠੇ ਹੋਣਗੇ, ਮੈਂ ਤੁਹਾਡੇ ਵਿਚਕਾਰ ਹੋਵਾਂਗਾ; ਅਤੇ ਜੇਕਰ ਤੁਸੀਂ ਮਿਲ ਕੇ, ਇੱਕ ਚੀਜ਼ ਨੂੰ ਛੂਹੋਗੇ ਅਤੇ ਮੰਗੋਗੇ, ਤਾਂ ਤੁਹਾਨੂੰ ਇਹ ਮਿਲ ਜਾਵੇਗੀ।"

455 ਪਰਮੇਸ਼ੁਰ, ਅੱਜ ਸਵੇਰੇ ਇਹ ਬੱਚੀ ਸ਼ਾਇਦ ਇਮਾਰਤ ਵਿੱਚ ਸਭ ਤੋਂ ਬਿਮਾਰ ਵਿਅਕਤੀ ਹੈ, ਕਿਉਂਕਿ ਉਹ ਤੁਹਾਡੇ ਬਿਨਾਂ ਨਹੀਂ ਜੀ ਸਕਦੀ, ਬਹੁਤ ਜ਼ਿਆਦਾ ਨਹੀਂ, ਅਤੇ ਉਹ ਸਭ ਤੋਂ ਜਿਆਦਾ ਬਿਮਾਰ ਹੈ। ਇਸ ਲਈ, ਅਸੀਂ ਸਾਰੇ, ਮਿਲ ਕੇ, ਜਿਵੇਂ ਕਿ ਇੱਥੇ ਖੜ੍ਹਾ ਹਰ ਸਿਪਾਹੀ। ਅਤੇ ਇਸ ਸਮੂਹ ਵਿੱਚ ਅਬਰਾਹਾਮ ਦਾ ਸ਼ਾਹੀ ਬੀਜ ਖੜ੍ਹਾ ਹੈ।

456 ਅਸੀਂ ਹੁਣ ਸ਼ੈਤਾਨ ਉੱਤੇ ਚੜ੍ਹਾਈ ਕਰ ਰਹੇ ਹਾਂ। ਅਤੇ ਜਾਣ ਲਈ ਤਿਆਰ ਹੋ ਸਕਦਾ ਹੈਂ, ਸ਼ਤਾਨ, ਕਿਉਂਕਿ ਸਾਡੇ ਸ਼ਸਤਰ ਚਮਕ ਰਹੇ ਹਨ, ਰੰਗ ਚਮਕ ਰਹੇ ਹਨ; ਤਲਵਾਰਾਂ ਫੜੇ ਹੋਏ ਮਰਦ ਅਤੇ ਔਰਤਾਂ, ਇਸ ਛੋਟੀ ਕੁੜੀ ਲਈ, ਹੁਣ ਤੇਰੇ ਉੱਤੇ ਚੜ੍ਹਾਈ ਕਰ ਰਹੇ ਹਨ। ਉਸ ਵਿੱਚੋਂ ਬਾਹਰ ਆ, ਸ਼ੈਤਾਨ। ਉਸ

ਬੱਚੇ ਨੂੰ ਛੱਡ ਦੇ। ਜਿਉਂਦੇ ਪਰਮੇਸ਼ੁਰ ਦੀ ਫ਼ੌਜ ਵਜੋਂ, ਅਸੀਂ ਤੈਨੂੰ ਚੁਣੌਤੀ ਦਿੰਦੇ ਹਾਂ। ਉਸ ਨੂੰ ਛੱਡ ਦੇ, ਯਿਸੂ ਮਸੀਹ ਦੇ ਨਾਮ ਵਿੱਚ।

457 ਮੈਂ ਉਸ ਉੱਤੇ ਹੱਥ ਰੱਖ ਰਿਹਾ ਹਾਂ। ਅਤੇ, ਸ਼ੈਤਾਨ, ਤੂੰ ਇਸ ਬੱਚੇ ਨੂੰ ਬੰਨ੍ਹਿਆ ਹੋਇਆ ਹੈ, ਤੂੰ ਇਹ ਬੁਰਾਈ ਕੀਤੀ ਹੈ। ਮੈਂ ਜਾਣਦਾ ਹਾਂ ਕਿ ਤੂੰ ਮਨੁੱਖ ਦੇ ਟਾਕਰੇ ਵਿੱਚ ਤਕੜਾ ਹੈਂ, ਪਰ ਤੂੰ ਮੇਰੇ ਪ੍ਰਭੂ ਅੱਗੇ ਕੁਝ ਵੀ ਨਹੀਂ ਹੈਂ, ਇਸ ਲਈ ਮੈਂ ਉਸ ਦੇ ਨਾਮ ਵਿੱਚ ਆਇਆ ਹਾਂ। ਉਸ ਨੂੰ ਛੱਡ ਦੇ, ਸ਼ੈਤਾਨ ਦੀ ਆਤਮਾ। ਤੂੰ ਬੀਮਾਰੀ ਦੇ ਭੂਤ, ਇਸ ਬੱਚੀ ਵਿੱਚੋਂ ਬਾਹਰ ਆ, ਅਤੇ ਇਹ ਅੱਜ ਤੋਂ, ਮੁਕਤ ਹੋ ਜਾਵੇ। ਮੈਂ ਇਸ ਦਾ, ਯਿਸੂ ਮਸੀਹ ਦੇ ਨਾਮ ਵਿੱਚ ਐਲਾਨ ਕਰਦਾ ਹਾਂ।

458 ਹੁਣ, ਪ੍ਰਭੂ ਪਰਮੇਸ਼ੁਰ, ਤੂੰ ਜਿਸ ਨੇ ਮੁਰਦਿਆਂ ਨੂੰ ਜਿਵਾਲਿਆ ਅਤੇ ਸਾਬਤ ਕੀਤਾ ਕਿ ਤੂੰ ਹੀ ਪਰਮੇਸ਼ੁਰ ਹੈਂ, ਇਸ ਜਵਾਨ ਲੜਕੀ ਦੀ ਸਿਹਤ ਅਤੇ ਤਾਕਤ ਦੁਬਾਰਾ ਵਧਾਓ, ਤਾਂ ਜੋ ਉਹ ਇੱਥੇ ਇਸ ਇਮਾਰਤ ਵਿੱਚ ਖੜ੍ਹੀ ਹੋ ਸਕੇ। ਸ਼ੈਤਾਨ ਉਸ ਤੋਂ ਚਲਾ ਗਿਆ ਹੈ!…?…ਉਸ ਨੂੰ ਚੰਗਾ ਕਰਨ ਜਾ ਰਿਹਾ ਹੈ। ਉਹ ਪਰਮੇਸ਼ੁਰ ਦੀ ਮਹਿਮਾ ਅਤੇ ਸਨਮਾਨ ਲਈ ਜਿਉਂਦੀ ਰਹੇ।

ਇਹ—ਇਹ ਬੋਲਿਆ ਗਿਆ ਹੈ, ਹੁਣ ਇਸ ਨੂੰ ਹੋਣ ਦਿਓ।

459 ਕੀ ਇੱਥੇ ਕੋਈ ਹੋਰ ਹੈ ਜੋ ਆਪਣਾ ਹੱਥ ਉਠਾਉਣਾ ਚਾਹੁੰਦਾ ਹੈ ਅਤੇ ਕਹਿਣਾ ਚਾਹੁੰਦਾ ਹੈ, "ਮੇਰੇ ਲਈ ਪ੍ਰਾਰਥਨਾ ਕੀਤੀ ਜਾਵੇ। ਮੈਂ ਬੀਮਾਰ ਹਾਂ। ਮੈਨੂੰ ਪਰਮੇਸ਼ੁਰ ਦੀ ਲੋੜ ਹੈ"? ਮੈਨੂੰ ਨਹੀਂ ਪਤਾ ਕਿ ਸਾਡੇ ਕੋਲ ਕਿੰਨਾ ਸਮਾਂ ਹੈ। ਸਾਡੇ ਕੋਲ ਇੰਨਾ ਸਮਾਂ ਹੈ ਕਿ ਅਸੀਂ ਲੋਕਾਂ ਨੂੰ ਇੱਥੋਂ ਲੰਘਣ ਦੇਈਏ। ਮੈਂ ਅੱਜ ਸਵੇਰੇ ਅਸਲ ਵਿੱਚ ਆਰਾਮਦਾਇਕ ਮਹਿਸੂਸ ਕਰ ਰਿਹਾ ਹਾਂ। ਹਾਂ। ਹਾਂ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇੱਥੇ ਹੇਠਾਂ ਆਓ, ਬਿਲੀ, ਅਤੇ ਸ਼ਾਇਦ ਇਸ ਇੱਕ ਭਾਗ ਨੂੰ ਇੱਥੇ, *ਇਸ* ਪਾਸੇ, ਇੱਥੇ, ਇਕੱਲੇ ਲੈ ਜਾਓ। ਬੱਸ ਇਸ ਭਾਗ ਨੂੰ ਪਹਿਲਾਂ ਆਉਣ ਦਿਓ, ਫਿਰ ਅਸੀਂ ਉਸ ਤੋਂ ਬਾਅਦ ਪਿਛਲੇ ਹਿੱਸੇ ਨੂੰ ਲਵਾਂਗੇ, ਉਥੇ *ਉਸ* ਗਲੀ ਤੱਕ। ਫਿਰ ਅਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਲੈ ਲਵਾਂਗੇ, ਫਿਰ ਉਹ ਨਹੀਂ…

460 ਅਤੇ ਹੁਣ ਮੈਂ ਚਾਹੁੰਦਾ ਹਾਂ ਕਿ ਭਾਈ ਨੇਵਿਲ ਅਤੇ ਮੇਰੇ ਕੁਝ ਸੇਵਾਦਾਰ ਭਾਈ ਇੱਥੇ ਮੇਰੇ ਕੋਲ ਖੜੇ ਹੋਣ, ਠੀਕ ਇੱਥੇ, ਇਸ ਲਈ ਤੁਸੀਂ ਉਹਨਾਂ ਨੂੰ ਦੁਬਾਰਾ ਗਲੀ ਤੋਂ ਹੇਠਾਂ ਲੈ ਜਾ ਸਕਦੇ ਹੋ। ਠੀਕ ਹੈ। ਠੀਕ ਹੈ। ਹੁਣ ਮੈਂ…

461 ਤੁਹਾਡੇ ਵਿੱਚੋਂ ਕਿੰਨੇ ਲੋਕਾਂ ਨੇ ਆਪਣੇ ਸ਼ਸਤਰ ਪਹਿਨੇ ਹੋਏ ਹਨ?

462 (ਹੁਣ ਵੱਖਰਾ ਹੋਣ ਜਾ ਰਿਹਾ ਹੈ। ਘਰ ਜਾਓ, ਹੁਣ ਠੀਕ ਹੋ ਜਾਓ, ਠੀਕ ਹੋ ਜਾਓ।)

463 ਆਮੀਨ। ਔਹ, ਮੇਰੇ! ਤੁਸੀਂ ਸਾਰੇ ਸਿਪਾਹੀਓ, ਤਲਵਾਰ ਖਿੱਚੋ। ਤਲਵਾਰ ਖਿੱਚੋ, ਸਲੀਬ ਦੇ ਸਿਪਾਹੀਓ, ਕੂਚ ਕਰਦੇ ਹੋਏ, ਕੂਚ ਕਰਦੇ ਹੋਏ।

ਮਸੀਹ, ਠੋਸ ਚੱਟਾਨ ਉੱਤੇ, ਮੈਂ ਖੜ੍ਹਾ ਹਾਂ।
ਬਾਕੀ ਸਾਰੀ ਧਰਤੀ ਹੈ ਧੱਸਦੀ ਹੋਈ ਰੇਤ ਹੈ।

464 ਠੀਕ ਹੈ, ਨਾਲ ਨਾਲ ਆਓ, ਬਿਲਕੁਲ ਇਸ ਪਾਸੇ। ਹਰ ਕੋਈ ਹੁਣ ਪ੍ਰਾਰਥਨਾ ਵਿੱਚ ਹੋਵੇ, ਜਿਵੇਂ ਉਹ ਲੰਘ ਰਹੇ ਹਨ।

ਯਿਸੂ ਦੇ ਨਾਮ ਵਿੱਚ, ਇਸ ਔਰਤ ਨੂੰ ਚੰਗੀ ਕਰੋ। ਆਮੀਨ।

ਹੁਣ ਆਪਣੀ ਤਲਵਾਰ ਖਿੱਚੋ। ਲਲਕਾਰਦੇ ਹੋਏ, ਆਪਣੇ ਜਗ੍ਹਾ ਤੇ ਰਹੋ।

465 ਯਿਸੂ ਦੇ ਨਾਮ ਵਿੱਚ…?…ਯਿਸੂ ਦੇ ਨਾਮ ਵਿੱਚ…?…ਯਿਸੂ ਮਸੀਹ ਦੇ ਨਾਮ ਵਿੱਚ…?…

ਅੱਗੇ ਵੱਧੋ, ਮਸੀਹੀ ਸਿਪਾਹੀਓ!
ਜਿਵੇਂ ਜੰਗ ਨੂੰ ਜਾਈਦਾ ਹੈ,
ਯਿਸੂ ਦੀ ਸਲੀਬ ਦੇ ਨਾਲ
ਜੋ ਅੱਗੇ ਚੱਲ ਰਹੀ ਹੈ।

466 "ਰਾਹ ਦੇ, ਸ਼ੈਤਾਨ!" ਕੀ ਗੱਲ ਹੈ, ਸਿਪਾਹੀਓ? ਕੀ ਤੁਹਾਨੂੰ ਨਹੀਂ ਲੱਗਦਾ ਕਿ ਅਸੀਂ ਜਿੱਤ ਸਕਦੇ ਹਾਂ? ਉਸ ਨੇ ਪਹਿਲਾਂ ਹੀ ਜਿੱਤ ਲਿਆ ਹੈ। ਅਸੀਂ ਮਸੀਹ ਯਿਸੂ ਵਿੱਚ ਜੈਵੰਤ ਤੋਂ ਵੀ ਵੱਧ ਹਾਂ। ਹਰ ਸ਼ੈਤਾਨ ਨੂੰ ਬਾਹਰ ਕੱਢ ਦਿਓ, ਹੋਰ ਸਭ ਕੁਝ ਨੂੰ। ਆਮੀਨ।

ਇੱਥੇ ਆਓ, ਮੇਰੇ ਭਰਾਵੋ!…?…

ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਠੀਕ ਹੋ ਜਾਓ…?…

ਮੇਰੇ ਭਾਈ ਨੂੰ ਚੰਗਾ ਕਰੋ, ਡਾਕਟਰ; ਉਸ ਨੂੰ ਚੰਗਾ ਕਰੋ; ਪਿਤਾ, ਯਿਸੂ ਦੇ ਨਾਮ ਵਿੱਚ ਉਸਨੂੰ ਚੰਗਾ ਕਰੋ।

ਯਿਸੂ ਮਸੀਹ ਦੇ ਨਾਮ ਵਿੱਚ, ਇਸ ਔਰਤ ਨੂੰ ਚੰਗਾ ਕਰੋ। ਆਓ…?…

467 ਹੁਣ, ਉਸਨੇ ਲਿਆ…ਮੈਂ ਪਿੱਛੇ ਭਰਾਵਾਂ ਨੂੰ ਪੁੱਛਣਾ ਸੀ। ਹਰ ਥਾਂ, ਪ੍ਰਭੂ…?…

468 ਹੇ ਪ੍ਰਭੂ ਪਰਮੇਸ਼ੁਰ, ਅਕਾਸ਼ ਅਤੇ ਧਰਤੀ ਦੇ ਸਿਰਜਣਹਾਰ! ਹੇ ਪਰਮੇਸ਼ੁਰ, ਤੁਸੀਂ ਜਾਣਦੇ ਹੋ ਕਿ ਉਸ ਦੇ ਦਿਲ ਵਿੱਚ ਕੀ ਹੈ। ਤੁਸੀਂ ਇਸ ਬਾਰੇ ਸਭ ਜਾਣਦੇ ਹੋ। ਮੈਂ ਮਾਂ ਅਤੇ ਪਿਤਾ ਦੋਵਾਂ ਲਈ ਪ੍ਰਾਰਥਨਾ ਕਰਦਾ ਹਾਂ। ਯਿਸੂ ਮਸੀਹ ਦੇ ਨਾਮ ਵਿੱਚ, ਮੈਂ ਸਪੁਰਦ ਕਰਦਾ ਹਾਂ…?…

ਯਿਸੂ ਮਸੀਹ ਦੇ ਨਾਮ ਵਿੱਚ, ਮੈਂ...?...

ਯਿਸੂ ਮਸੀਹ ਦੇ ਨਾਮ ਵਿੱਚ, ਮੈਂ...?...

469 ਪਰਮੇਸ਼ੁਰ, ਮੇਰੀ ਭੈਣ ਨਾਲ ਰਹੋ। ਅਸੀਂ ਜਾਣਦੇ ਹਾਂ, ਸਾਲ ਹੋ ਗਏ ਹਨ ਅਤੇ ਮੌਤ ਔਰਤ ਦੇ ਸਰੀਰ ਨੂੰ ਫੜਨਾ ਚਾਹੁੰਦੀ ਹੈ। ਹੁਣ, ਯਿਸੂ ਦੇ ਨਾਮ ਵਿੱਚ...?...

470 ਯਿਸੂ ਮਸੀਹ ਦੇ ਨਾਮ ਵਿੱਚ, ਇਸ ਛੋਟੀ ਲੜਕੀ ਨੂੰ ਅਸੀਸ ਦਿਓ, ਪ੍ਰਭੂ। ਉੱਥੇ ਸਕੂਲ ਵਿੱਚ ਸਾਡੀਆਂ ਲੜਾਈਆਂ, ਮੈਨੂੰ ਪਤਾ ਹੈ ਕਿ ਉਸ ਤੇ ਕੀ ਗੁਜਰਦੀ ਹੈ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਅਸੀਸ ਦਿਓਗੇ। ਉਹ ਅੱਜ ਸਵੇਰੇ ਉਸ ਤਲਵਾਰ ਨੂੰ ਖਿੱਚ ਲਵੇ ਅਤੇ ਅੱਗੇ ਵਧੇ!...?...ਇਸ ਛੋਟੇ ਬੱਚੇ ਨੂੰ ਅਸੀਸ ਦਿਓ, ਪ੍ਰਭੂ; ਉਹ ਆ ਰਿਹਾ ਹੈ, ਤੇਰਾ ਨਾਮ ਲੈ ਕੇ, ਅੱਜ ਸਵੇਰੇ; ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਨਾਲ ਜਾਓਗੇ...?...

471 ਪਰਮੇਸ਼ੁਰ, ਮੇਰੇ ਭਾਈ ਨੂੰ ਅਸੀਸ ਦੇ, ਉਸ ਦੀ ਬੇਨਤੀ ਨੂੰ ਪੂਰਾ ਕਰ। ਸਾਡੇ ਪ੍ਰਭੂ ਯਿਸੂ ਦੇ ਨਾਮ ਵਿੱਚ, ਮੈਂ ਇਹ ਬੋਲ ਦਿੱਤਾ ਹੈ!...?...

ਯਿਸੂ ਮਸੀਹ ਦੇ ਨਾਮ ਵਿੱਚ, ਅਸੀਂ ਇਹ ਪ੍ਰਾਰਥਨਾ ਕਰਦੇ ਹਾਂ।

ਯਿਸੂ ਮਸੀਹ ਦੇ ਨਾਮ ਵਿੱਚ, ਅਸੀਂ ਇਹ ਪ੍ਰਾਰਥਨਾ ਕਰਦੇ ਹਾਂ।

ਯਿਸੂ ਮਸੀਹ ਦੇ ਨਾਮ ਵਿੱਚ, ਅਸੀਂ ਇਹ ਪ੍ਰਾਰਥਨਾ ਕਰਦੇ ਹਾਂ।

ਯਿਸੂ ਮਸੀਹ ਦੇ ਨਾਮ ਵਿੱਚ, ਅਸੀਂ...?...

ਯਿਸੂ ਮਸੀਹ ਦੇ ਨਾਮ ਵਿੱਚ, ਅਸੀਂ ਇਹ ਪ੍ਰਾਰਥਨਾ ਕਰਦੇ ਹਾਂ।

ਯਿਸੂ ਮਸੀਹ ਦੇ ਨਾਮ ਵਿੱਚ...?...

ਯਿਸੂ ਮਸੀਹ ਦੇ ਨਾਮ ਵਿੱਚ...?...

ਯਿਸੂ ਮਸੀਹ ਦੇ ਨਾਮ ਵਿੱਚ, ਮੇਰੇ ਭਾਈ ਨੂੰ ਚੰਗਾ ਕਰੋ।

ਯਿਸੂ ਮਸੀਹ ਦੇ ਨਾਮ ਵਿੱਚ...?...

ਯਿਸੂ ਮਸੀਹ ਦੇ ਨਾਮ ਵਿੱਚ!

ਯਿਸੂ ਮਸੀਹ ਦੇ ਨਾਮ ਵਿੱਚ!

ਯਿਸੂ ਮਸੀਹ ਦੇ ਨਾਮ ਵਿੱਚ!

ਯਿਸੂ ਮਸੀਹ ਦੇ ਨਾਮ ਵਿੱਚ!

ਯਿਸੂ ਮਸੀਹ ਦੇ ਨਾਮ ਵਿੱਚ!

472 [ਕੋਈ ਕਹਿੰਦਾ ਹੈ, "ਪਿਤਾ ਦੀ ਮੌਤ ਹੋ ਗਈ।"—ਸੰਪਾ.] ਪਰਮੇਸ਼ੁਰ, ਯਿਸੂ ਦੇ ਨਾਮ ਵਿੱਚ, ਉਸਦੀ ਮਦਦ ਕਰੋ।

ਪਰਮੇਸ਼ੁਰ, ਯਿਸੂ ਮਸੀਹ ਦੇ ਨਾਮ ਵਿੱਚ, ਅਸੀਂ…?…

ਪਰਮੇਸ਼ੁਰ, ਯਿਸੂ ਦੇ ਨਾਮ ਵਿੱਚ!

ਯਿਸੂ ਮਸੀਹ ਦੇ ਨਾਮ ਵਿੱਚ…?…

ਯਿਸੂ ਮਸੀਹ ਦੇ ਨਾਮ ਵਿੱਚ, ਮੇਰੇ ਭਾਈ ਨੂੰ ਚੰਗਾ ਕਰੋ।

ਯਿਸੂ ਦੇ ਨਾਮ ਵਿੱਚ…?…

ਤੁਸੀਂ ਹੁਣ ਸਮਝ ਗਏ ਹੋ?

ਹੇ ਪਰਮੇਸ਼ੁਰ, ਇਹ ਦੂਰ ਹੋ ਜਾਵੇ…?…

473 ਯਿਸੂ ਮਸੀਹ ਦੇ ਨਾਮ ਵਿੱਚ, ਅਸੀਂ ਪ੍ਰਾਰਥਨਾ ਕਰਦੇ ਹਾਂ!…?…ਭੈਣ ਨੂੰ ਦਿਓ…?…

474 ਹੇ ਪਰਮੇਸ਼ੁਰ, ਇਹ ਜਾਣਦੇ ਹੋ ਕਿ ਉਹ ਅਨਮੋਲ ਛੋਟੀ ਮਾਂ, ਇਸ ਸਾਰੀ ਮੁਸੀਬਤ ਵਿੱਚੋਂ ਲੰਘ ਰਹੀ ਹੈ, ਮੈਂ ਪ੍ਰਾਰਥਨਾ ਕਰਦਾ ਹਾਂ, ਪਰਮੇਸ਼ੁਰ, ਤੁਸੀਂ ਕਰੋਗੇ…?…ਉਸ ਉੱਤੇ।

ਉਸ ਤਲਵਾਰ ਨੂੰ ਖਿੱਚੋ, ਐਡ, ਅਤੇ ਅੱਗੇ ਵਧੋ, ਯਿਸੂ ਦੇ ਨਾਮ ਵਿੱਚ।

475 ਹੇ ਪਰਮੇਸ਼ੁਰ, ਔਰਤ ਨੂੰ ਚੰਗਾ ਕਰੋ। ਉਸਦੀ ਬੇਨਤੀ ਨੂੰ ਸਵੀਕਾਰ ਕਰੋ। ਔਖੇ ਸਮੇਂ ਵਿੱਚ, ਉਹ ਉਸ ਤਲਵਾਰ ਨੂੰ ਆਪਣੇ ਅੱਗੇ ਲੈ ਜਾਵੇ।

ਹੇ ਪਰਮੇਸ਼ੁਰ…?…ਅੱਜ ਸਵੇਰ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਕਰੋਗੇ…?…

476 ਪਿਤਾ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਸਾਡੇ ਭਰਾ ਨੂੰ ਚੰਗਾ ਕਰੋ ਅਤੇ ਉਸਨੂੰ ਸਿਹਤ ਦਿਓ। ਅਤੇ ਯਿਸੂ ਮਸੀਹ ਦੇ ਨਾਮ ਵਿੱਚ…?…

477 ਪਰਮੇਸ਼ੁਰ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਯਿਸੂ ਮਸੀਹ ਦੇ ਨਾਮ ਵਿੱਚ, ਸਾਡੀ ਭੈਣ ਨੂੰ ਚੰਗਾ ਕਰੋ, ਉਸਨੂੰ ਚੰਗਾ ਕਰੋ।

478 ਪਿਤਾ ਪਰਮੇਸ਼ੁਰ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਸਾਡੇ ਭਰਾ ਨੂੰ ਚੰਗਾ ਕਰੋਗੇ—ਕਰੋਗੇ।

ਸਾਡੀ ਭੈਣ ਨੂੰ ਚੰਗਾ ਕਰੋ, ਪ੍ਰਭੂ!…?…

ਪਿਤਾ, ਯਿਸੂ ਦੇ ਨਾਮ ਵਿੱਚ, ਇਸ ਨੂੰ ਚੰਗਾ ਕਰੋ, ਸਾਡੀ ਭੈਣ, ਪਿਤਾ।

479 ਪਿਤਾ,…?…ਅਸੀਂ ਯਿਸੂ ਦੇ ਨਾਮ ਵਿੱਚ ਪ੍ਰਾਰਥਨਾ ਕਰਦੇ ਹਾਂ। ਪਰਮੇਸ਼ੁਰ, ਇਸ ਔਰਤ ਨੂੰ ਚੰਗਾ ਕਰੋ।

ਹੇ ਪਰਮੇਸ਼ੁਰ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ…?…

480 ਹੇ ਪਰਮੇਸ਼ੁਰ, ਉਸ ਨੂੰ ਅਸੀਸ ਦਿਓ, ਪਿਤਾ!…?…ਅਸੀਂ ਉਨ੍ਹਾਂ ਪੁਰਾਣੇ ਸਾਥੀਆਂ ਨੂੰ ਕਿੰਨਾ ਪਿਆਰ ਕਰਦੇ ਹਾਂ, ਪ੍ਰਭੂ। ਅਤੇ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਉਸਦੀ ਬੇਨਤੀ ਨੂੰ ਪੂਰਾ ਕਰੋਗੇ!…?…

481 ਸਾਡੇ ਸਵਰਗੀ ਪਿਤਾ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਮੇਰਾ ਭਾਈ…?… ਹੇ ਪਰਮੇਸ਼ੁਰ,…?…ਉਸ ਨੂੰ, ਹੇ ਪਰਮੇਸ਼ੁਰ…?…ਸਲੀਬ ਦੇ ਸਿਪਾਹੀ। ਅਤੇ ਉਹ ਅੱਜ ਸਵੇਰੇ, ਉਸ ਤਲਵਾਰ ਨੂੰ ਖਿੱਚੇਗਾ, ਅਤੇ ਅੱਗੇ ਵਧੇਗਾ।

ਪਰਮੇਸ਼ੁਰ, ਅਸੀਂ…?…ਇਸ ਨੂੰ, ਹੇ ਪ੍ਰਭੂ, ਉਸਦੀ ਬੇਨਤੀ ਪ੍ਰਦਾਨ ਕਰੋ।

482 ਪਰਮੇਸ਼ੁਰ, ਭਾਈ ਨੂੰ ਆਸ਼ੀਸ਼ ਦਿਓ…?…ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਉਸਨੂੰ ਚੰਗਾ ਕਰੋ, ਪ੍ਰਭੂ! …?…ਯਿਸੂ ਮਸੀਹ ਦੇ ਨਾਮ ਵਿੱਚ, ਉਸਨੂੰ ਉਸਦੇ ਦਿਲ ਦੀ ਇੱਛਾ ਪ੍ਰਦਾਨ ਕਰੋ।

483 ਹੇ ਸਵਰਗੀ ਪਿਤਾ, ਇੰਜੀਲ ਦਾ ਇਹ ਛੋਟਾ ਸੇਵਕ, ਉਸਦਾ ਗਲਾ…?… ਜਿੱਥੇ ਉਸਨੇ ਬਰਤਨਾਂ ਵਿੱਚ ਇਸ਼ਨਾਨ ਕੀਤਾ ਹੈ…?…ਪਰਮੇਸ਼ੁਰ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਕਰੋਗੇ…?…ਅਤੇ ਜਦ ਪਰਮੇਸ਼ੁਰ ਦੀ ਮਹਾਨ ਸੈਨਾ ਹੁਣ ਅੱਗੇ ਵਧ ਰਹੀ ਹੈ, ਤਲਵਾਰਾਂ ਉਠਾ ਕੇ, ਉਸਨੂੰ ਜਿੱਤ ਦਿਓ, ਪ੍ਰਭੂ। ਇੱਥੇ ਉਸਦਾ ਛੋਟਾ ਪਤੀ, ਪ੍ਰਭੂ, ਜਿਸ ਨੂੰ ਉਸ ਕੈਂਸਰ ਦੇ ਬਿਸਤਰੇ ਤੋਂ ਲਿਆਂਦਾ ਗਿਆ ਸੀ ਜਿੱਥੇ ਉਹ ਲੇਟਿਆ ਹੋਇਆ ਸੀ, ਕੈਂਸਰ ਨਾਲ ਮਰ ਰਿਹਾ ਸੀ, ਅਤੇ ਡਾਕਟਰਾਂ ਨੇ ਉਸਨੂੰ ਛੱਡ ਦਿੱਤਾ ਸੀ, ਜਿਵੇਂ ਉਹ ਗਿਆ ਸੀ। ਅਤੇ ਉਹ ਇੱਥੇ ਹੈ, ਅੱਜ ਸਵੇਰੇ, ਸਲੀਬ ਦਾ ਇੱਕ ਛੋਟਾ ਸਿਪਾਹੀ। ਉਸ ਨੂੰ ਮਜ਼ਬੂਤ ਕਰੋ, ਹੇ ਪ੍ਰਭੂ, ਤੁਹਾਡੀ ਸੇਵਾ ਲਈ, ਅਸੀਂ ਯਿਸੂ ਦੇ ਨਾਮ ਵਿੱਚ, ਪ੍ਰਾਰਥਨਾ ਕਰਦੇ ਹਾਂ।

484 ਮੈਨੂੰ ਚਾਹੁੰਦਾ ਹਾਂ ਕਿ ਉਹ ਛੋਟੀ ਔਰਤ…ਇੱਥੇ ਇਸ ਛੋਟੇ ਪ੍ਰਚਾਰਕ ਨਾਲ ਕੋਈ ਹੋਰ ਹੈ। ਇੱਥੇ ਆਓ, ਭਾਈ ਕਿਡ। ਇਸ ਵਿਅਕਤੀ ਨੂੰ ਹਸਪਤਾਲ ਤੋਂ ਘਰ ਭੇਜਿਆ ਗਿਆ ਸੀ, ਹਾਲ ਹੀ ਵਿੱਚ, ਮਰ ਰਿਹਾ ਹੈ, ਕੈਂਸਰ ਨਾਲ ਖਾਧਾ ਗਿਆ ਹੈ। [ਭੈਣ ਕਿਡ ਕਹਿੰਦੀ ਹੈ, "ਇੱਕ ਸਾਲ ਤੋਂ।"—ਸੰਪਾ.] ਇੱਕ ਸਾਲ ਤੋਂ। ["ਦੋ।"] ਦੋ ਸਾਲ ਸਾਲ ਤੋਂ, ਗਦੂਦ ਨਾਲ। ਉਸ ਦੇ ਡਾਕਟਰ ਨੇ ਉਸ ਨੂੰ ਜੀਉਣ ਲਈ ਕੁਝ ਦਿਨ ਦਿੱਤੇ ਸਨ। ਅਤੇ ਇੱਕ ਸਵੇਰ, ਅਸੀਂ ਉੱਥੇ ਗਏ, ਸੱਚਮੁੱਚ ਬਹੁਤ ਸਵੇਲੇ, ਉਸ ਲਈ ਪ੍ਰਾਰਥਨਾ ਕੀਤੀ, ਬਿਲਕੁਲ ਜਿਵੇਂ ਤੁਹਾਡੇ ਲਈ ਕੀਤੀ ਹੈ, ਅਤੇ ਉਹ ਇਸਦਾ ਕੋਈ ਨਿਸ਼ਾਨ ਵੀ ਨਹੀਂ ਲੱਭ ਸਕਦੇ ਹਨ। ਉਹ ਠੀਕ ਹੋ ਗਿਆ ਸੀ। ਆਮੀਨ। ਉਹ—ਉਹ…["ਇਸ ਨੂੰ ਮੰਨਣਾ ਪਿਆ।"] ਉਸਦਾ ਹੁਣ ਪਹਿਲਾਂ ਨਾਲੋਂ ਜ਼ਿਆਦਾ ਭਾਰ ਹੋ ਗਿਆ ਹੈ। ਉਹ ਅਤੇ

ਉਸਦੀ ਛੋਟੀ ਪਤਨੀ ਇੰਜੀਲ ਦੇ ਖੇਤਰ ਵਿੱਚ ਰਹੇ ਹਨ, ਸ਼ਾਇਦ ਮੇਰੇ ਜਨਮ ਤੋਂ ਵੀ ਪਹਿਲਾਂ। ਉਹ ਹੁਣ ਇੱਥੇ ਹੈ...[ਭਾਈ ਕਿਡ ਕਹਿੰਦਾ ਹੈ, "ਪਚਵੰਜਾ ਸਾਲ।"] ਪਚਵੰਜਾ ਸਾਲ। ਮੇਰੇ ਧਰਤੀ ਉੱਤੇ ਆਉਣ ਤੋਂ ਵੀ ਪਹਿਲਾਂ, ਉਹ ਇੰਜੀਲ ਦਾ ਪ੍ਰਚਾਰ ਕਰ ਰਹੇ ਸਨ। ਅਤੇ ਉਹ ਇੱਥੇ ਹੈ, ਤੰਦਰੁਸਤ, ਲਗਭਗ ਪੰਝੱਤਰ ਸਾਲ ਦੀ ਉਮਰ ਵਿੱਚ ਜਾਂ...["ਇਕਾਸੀ।"] ਇਕਾਸੀ। ["ਅਸੀਂ ਇੱਕ ਬੇਦਾਰੀ ਰੱਖਦੇ ਹਾਂ, ਇੱਕ ਦੋ ਹਫ਼ਤਿਆਂ ਦੀ ਸਭਾ, ਹਰ ਰਾਤ ਪ੍ਰਚਾਰ ਹੁੰਦਾ ਹੈ।"] ਦੋ ਹਫ਼ਤੇ ਬੇਦਾਰੀ, ਹਾਲ ਹੀ ਵਿੱਚ ਦੋ ਹਫ਼ਤੇ ਬੇਦਾਰੀ ਆਯੋਜਿਤ ਕੀਤੀ ਗਈ, ਅਤੇ ਹਰ ਰਾਤ ਪ੍ਰਚਾਰ ਕੀਤਾ। ਇਕਾਸੀ ਸਾਲ ਦਾ, ਕੈਂਸਰ ਤੋਂ ਠੀਕ ਕੀਤਾ ਗਿਆ, ਜਦੋਂ ਉਹ ਬਜੁਰਗ ਸੀ।

485 ਠੀਕ ਹੈ, ਭੈਣ, ਹੁਣ ਤੁਹਾਡਾ ਸਮਾਂ ਹੈ। ਤੁਸੀਂ ਵਿਸ਼ਵਾਸ ਕਰਦੇ ਹੋ? *ਅੱਗੇ ਵੱਧੋ, ਮਸੀਹੀ ਸਿਪਾਹੀਓ।* ਠੀਕ ਹੈ, ਭੈਣ। ਤੁਸੀਂ, ਤੁਹਾਡੇ ਵਿੱਚੋਂ ਹਰ ਇੱਕ ਲਈ, ਅਸੀਂ ਕੀ ਕਰਨ ਜਾ ਰਹੇ ਹਾਂ? **ਯਹੋਵਾਹ ਇੰਝ ਫ਼ਰਮਾਉਂਦਾ ਹੈ।** ਅਸੀਂ ਕੀ ਕਰ ਰਹੇ ਹਾਂ, ਇੱਥੇ ਘੁੰਮ ਰਹੇ ਹਾਂ?

486 ਸ਼ੈਤਾਨ, ਤੂੰ ਹਾਰ ਗਿਆ ਹੈਂ। ਹੁਣ ਅਸੀਂ ਆ ਰਹੇ ਹਾਂ। ਅਸੀਂ ਵਾਅਦਾ ਕੀਤੇ ਹੋਏ ਦੇਸ਼ ਵੱਲ ਵਧ ਰਹੇ ਹਾਂ। ਓਹ ਕੀ ਹੈ? "ਜ਼ਰੁੱਬਾਬਲ ਦੇ ਅੱਗੇ, ਇਹ ਪਹਾੜ ਕੀ ਹੈ? ਇਹ ਕੌਣ ਹੈ, ਜੋ ਉੱਥੇ ਖੜ੍ਹਾ ਹੈ? ਤੂੰ ਮੈਦਾਨ ਬਣ ਜਾਵੇਂਗਾ।" ਕਿਉਂ? ਦੋ-ਧਾਰੀ ਤਲਵਾਰ ਨਾਲ, ਅਸੀਂ ਉਸਨੂੰ ਵੱਢ ਕੇ ਜ਼ਮੀਨ ਤੇ ਸੁੱਟ ਦਿਆਂਗੇ। ਇਹ ਠੀਕ ਹੈ। ਠੀਕ ਹੈ।

ਅੱਗੇ ਵੱਧੋ, ਮਸੀਹੀ ਸਿਪਾਹੀ!
ਜਿਵੇਂ ਜੰਗ ਨੂੰ ਜਾਈਦਾ ਹੈ,
ਯਿਸੂ ਦੀ ਸਲੀਬ ਦੇ ਨਾਲ
ਜੋ ਅੱਗੇ ਚੱਲ ਰਹੀ ਹੈ;
ਮਸੀਹ, ਸ਼ਾਹੀ ਉਸਤਾਦ,
ਦੁਸ਼ਮਣ ਦੇ ਵਿਰੁੱਧ ਅਗਵਾਈ ਕਰਦਾ ਹੈ; (ਉਸ ਦੇ ਵਚਨ ਨਾਲ)
ਲੜਾਈ ਵਿੱਚ ਅੱਗੇ,
ਵੇਖੋ, ਉਸ ਦੇ ਝੰਡੇ ਜਾਂਦੇ ਹਨ!

ਅੱਗੇ, ਮਸੀਹੀ ਸਿਪਾਹੀ!
ਜਿਵੇਂ ਜੰਗ ਨੂੰ ਜਾਈਦਾ ਹੈ,
ਯਿਸੂ ਦੀ ਸਲੀਬ ਦੇ ਨਾਲ
ਜੋ ਅੱਗੇ ਚੱਲ ਰਿਹਾ ਹੈ।

487 ਹਲਲੂਯਾਹ! ਉਨ੍ਹਾਂ ਨੇ ਕੀ ਕੀਤਾ? ਸਭ ਤੋਂ ਪਹਿਲਾਂ, ਲੜਾਈ ਵਿੱਚ, ਇਸਰਾਏਲ ਲਈ, ਪਹਿਲੀ ਚੀਜ਼ ਕੀ ਸੀ? ਗਾਇਕ ਪਹਿਲਾਂ, ਅੱਗੇ ਵਧੇ। ਕੀ ਹੋਇਆ? ਸੰਦੂਕ। ਫਿਰ ਲੜਾਈ। ਠੀਕ ਹੈ। ਕੀ ਤੁਸੀਂ ਹੁਣ ਇਸ ਤੇ ਵਿਸ਼ਵਾਸ ਕਰਦੇ ਹੋ? ਅਸੀਂ ਗਾ ਰਹੇ ਹਾਂ *ਅੱਗੇ ਵੱਧੋ, ਮਸੀਹੀ ਸਿਪਾਹਿਓ।* ਅਸੀਂ ਹਰ ਸ਼ੱਕ ਨੂੰ ਦੂਰ ਕਰ ਰਹੇ ਹਾਂ। ਹੁਣ ਆਪਣੇ ਪੈਰਾਂ ਤੇ ਖੜ੍ਹ ਕੇ, ਅਸੀਂ ਲੜਾਈ ਲਈ ਕੂਚ ਕਰਦੇ ਹਾਂ।

ਚਲੋ ਹੁਣ ਖੜੇ ਹੋਈਏ, ਹਰ ਕੋਈ।

ਅੱਗੇ ਵੱਧੋ, ਮਸੀਹੀ ਸਿਪਾਹੀਓ!
ਜਿਵੇਂ ਜੰਗ ਨੂੰ ਜਾਈਦਾ ਹੈ,
ਯਿਸੂ ਦੀ ਸਲੀਬ ਦੇ ਨਾਲ
ਜੋ ਅੱਗੇ ਚੱਲ ਰਹੀ ਹੈ;
ਮਸੀਹ, ਸ਼ਾਹੀ ਉਸਤਾਦ,
ਦੁਸ਼ਮਣ ਦੇ ਵਿਰੁੱਧ ਅਗਵਾਈ ਕਰਦਾ ਹੈ;

ਅਸੀਂ ਉਸਨੂੰ ਕਿਵੇਂ ਹਰਾ ਸਕਦੇ ਹਾਂ? ਵਚਨ ਨਾਲ।

ਲੜਾਈ ਵਿੱਚ ਅੱਗੇ,
ਵੇਖੋ, ਉਸਦੇ ਝੰਡੇ ਨੂੰ ਜਾਂਦੇ ਹੋਏ!

ਅੱਗੇ ਵੱਧੋ, ਮਸੀਹੀ ਸਿਪਾਹੀਓ!
ਜਿਵੇਂ ਜੰਗ ਨੂੰ ਜਾਈਦਾ ਹੈ,
ਯਿਸੂ ਦੀ ਸਲੀਬ ਦੇ ਨਾਲ
ਜੋ ਅੱਗੇ ਚੱਲ ਰਹੀ ਹੈ।

ਅਸੀਂ ਵੰਡੇ ਹੋਏ ਨਹੀਂ ਹਾਂ,
ਅਸੀਂ ਸਾਰੇ ਇੱਕ ਸਰੀਰ ਹਾਂ;
ਆਸ ਅਤੇ ਸਿਧਾਂਤ ਵਿੱਚ ਇੱਕ,
ਪ੍ਰੇਮ ਵਿੱਚ ਇੱਕ।

488 ਸਾਰੇ ਜੋ ਹੁਣ ਵਿਸ਼ਵਾਸ ਕਰਦੇ ਹਨ, ਕਹੋ, "ਆਮੀਨ।" [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਹਲਲੂਯਾਹ! ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਅਸੀਂ ਜੇਤੂ ਹਾਂ। ਹਰੇਕ ਦੁਸ਼ਮਣ ਕਿੱਥੇ ਹੈ? ਸਾਡੇ ਪੈਰਾਂ ਹੇਠ। ਅੱਜ ਅਸੀਂ ਕੀ ਹਾਂ? ਮਸੀਹ ਵਿੱਚ ਜੀ ਉੱਠੇ ਹੋਏ!

489 ਹੁਣ, ਇਹ ਖਤਮ ਹੋ ਗਿਆ ਹੈ, ਭੈਣ। ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਹੁਣ ਘਰ ਜਾਓ। ਤੁਸੀਂ ਸਭ ਠੀਕ ਮਹਿਸੂਸ ਕਰ ਰਹੇ ਹੋ? ਉਹ ਕਹਿ ਰਹੀ ਹੈ ਕਿ ਉਹ ਹੁਣ ਠੀਕ ਮਹਿਸੂਸ ਕਰ ਰਹੀ ਹੈ। ਸਭ ਕੁਝ ਠੀਕ ਹੈ।

490 ਉੱਥੇ ਕਿੰਨੇ ਲੋਕ ਠੀਕ ਮਹਿਸੂਸ ਕਰ ਰਹੇ ਹਨ? ਅਤੇ ਜਦੋਂ ਉਨ੍ਹਾਂ ਨੇ ਲਲਕਾਰਿਆ, ਤਾਂ ਕੰਧ ਡਿੱਗ ਪਈ, ਆਮੀਨ, ਅਤੇ ਉਨ੍ਹਾਂ ਨੇ ਇਸਨੂੰ ਲੈ ਲਿਆ। ਆਮੀਨ। ਉਨ੍ਹਾਂ ਨੇ ਸ਼ਹਿਰ ਲੈ ਲਿਆ। ਆਮੀਨ! ਆਮੀਨ! ਕੀ ਤੁਸੀਂ ਉਸ ਤੇ ਵਿਸ਼ਵਾਸ ਕਰਦੇ ਹੋ?

491 ਹੁਣ, ਅੱਜ ਰਾਤ ਦੀ ਸਭਾ ਨੂੰ ਨਾ ਭੁੱਲਣਾ। ਭਾਈ ਨੇਵਿਲ ਅੱਜ ਰਾਤ ਇੱਥੇ ਹੋਣਗੇ, ਅਤੇ ਸਾਡੇ ਲਈ ਇੱਕ ਚੰਗਾ ਸੰਦੇਸ਼ ਲੈ ਕੇ ਆਉਣਗੇ। ਅਤੇ ਐਤਵਾਰ, ਅਗਲੇ ਐਤਵਾਰ, ਜੇ ਪ੍ਰਭੂ ਦੀ ਇੱਛਾ ਹੋਵੇਗੀ, ਤਾਂ ਇੱਥੇ ਹੋਵਾਂਗਾ।

492 ਹੁਣ ਚਲੋ, ਜਿਵੇਂ ਅਸੀਂ ਜਾ ਰਹੇ ਹਾਂ। ਅਤੇ ਹੁਣ, ਇਮਾਰਤ ਤੋਂ ਬਾਹਰ, ਚਲੋ, ਗਾਉਂਦੇ ਹੋਏ, *ਅੱਗੇ ਵੱਧੋ, ਮਸੀਹੀ ਸਿਪਾਹੀਓ।* ਅਤੇ ਇਸ ਦਿਨ ਤੋਂ, ਹੁਣ ਤੋਂ, ਉਸ ਤਲਵਾਰ ਨੂੰ ਕਦੇ ਵੀ ਮਿਆਨ ਵਿੱਚ ਨਾ ਪਾਓ। ਇਸ ਨੂੰ ਬਾਹਰ ਖਿੱਚੋ। ਆਓ ਜਿੱਤੀਏ। "ਉਹ ਜਿੱਤਦੇ ਹੋਏ, ਅੱਗੇ ਵਧੇ, ਅਤੇ ਜਿੱਤਦੇ ਗਏ।" ਠੀਕ ਹੈ, ਦੁਬਾਰਾ, ਉਸ ਪਹਿਲੀ ਆਇਤ ਤੇ।

ਅੱਗੇ ਵੱਧੋ, ਮਸੀਹੀ ਸਿਪਾਹੀਓ!
ਜਿਵੇਂ ਜੰਗ ਨੂੰ ਜਾਈਦਾ ਹੈ,
ਯਿਸੂ ਦੀ ਸਲੀਬ ਦੇ ਨਾਲ
ਜੋ ਅੱਗੇ ਚੱਲ ਰਹੀ ਹੈ।

*ਸਭ ਤੋਂ ਮਹਾਨ ਜੰਗ ਜੋ ਕਦੇ ਲੜੀ ਗਈ* PUN62-0311

(The Greatest Battle Ever Fought)

ਭਾਈ ਵਿਲੀਅਮ ਮੈਰੀਅਨ ਬ੍ਰਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਐਤਵਾਰ ਸਵੇਰ ਨੂੰ, 11 ਮਾਰਚ, 1962, ਜੇਫਰਸਨਵਿਲੇ, ਇੰਡੀਆਨਾ, ਯੂ.ਐਸ.ਏ. ਵਿੱਚ ਬ੍ਰੈਨਹੈਮ ਟੈਬਰਨੇਕਲ ਵਿਖੇ, ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2022 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸਿੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਟਿੰਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡਗਿੰਜ® ਵਲੋਂ ਲਖਿਤੀ ਇਜਾਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org